# ਸਵੇਰ ਹੋਣ ਤਕ

ਸੰਤੋਖ ਸਿੰਘ ਧੀਰ

ਭਾਸ਼ਾ ਵਿਭਾਗ, ਪੰਜਾਬ

SAVER HON TAKK (In Punjabi)

Santokh Singh Dhir

**ਸਵੇਰ ਹੋਣ ਤਕ**

ਸੰਤੋਖ ਸਿੰਘ ਧੀਰ

© ਭਾਸ਼ਾ ਵਿਭਾਗ, ਪੰਜਾਬ

ਸਾਲ : 1990

ਕਾਪੀਆਂ : 3000

ਕੀਮਤ : 6 ਰੁਪਏ 60 ਪੈਸੇ

ਪ੍ਰਕਾਸਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਛਾਪਕ : ਭਾਰਤੀਯ ਦਿਲੈਕਟਿਕ ਪ੍ਰੈਸ, 4. ਸ਼ਿਵਾਜੀ ਪਾਰਕ, ਜਲੰਧਰ

ਰਾਹੀਂ : ਕੰਟਰੋਲਰ ਛਪਾਈ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ

## ਦੋ ਸ਼ਬਦ

ਵਧੀਆ ਅਤੇ ਨਰੋਆ ਸਾਹਿਤ ਵਾਜਬੀ ਦਰਾਂ ਤੇ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਲਈ ਵਿਭਾਗ ਵਲੋਂ ਪੇਪਰ ਬੈਂਕ ਸਕੀਮ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਅਧੀਨ ਪੰਜਾਬੀ ਸਾਹਿਤ ਦੇ ਅਣਮੋਲ ਰਤਨ ਪਾਠਕਾਂ ਦੀ ਭੇਟਾ ਕੀਤੇ ਗਏ ਹਨ। ਸ੍ਰ. ਸੰਤੋਖ ਸਿੰਘ ਧੀਰ ਦੀ ਹੱਥਲੀ ਪੁਸਤਕ ‘ਸਵੇਰ ਹੋਣ ਤਕ ਇਸੇ ਹੀ ਲੜੀ ਦੀ ਇਕ ਕੜੀ ਹੈ।

ਪ੍ਰਗਤੀਵਾਦੀ ਧਾਰਾ ਨਾਲ ਜੁੜੇ ਅਤੇ ਇਸਦੇ ਪ੍ਰਤੀਨਿਧ ਲੇਖਕ ਸ੍ਰ. ਸੰਤੋਖ ਸਿੰਘ ਧੀਰ ਨੇ ਪਿਛਲੇ ਚਾਰ ਦਹਾਕਿਆਂ ਤੋਂ ਕਵਿਤਾ, ਕਹਾਣੀ, ਨਾਵਲ ਸਫ਼ਰਨਾਮਾ ਤੇ ਲੋਕ ਸਾਹਿਤ ਦੇ ਖੇਤਰ ਵਿਚ ਭਰਵਾਂ ਹਿੱਸਾ ਪਾਇਆ ਹੈ। ਸ. ਸੰਤੋਖ ਸਿੰਘ ਧੀਰ ਨੇ ਪੰਜਾਬ ਦੇ ਮੱਧ ਵਰਗ ਦੇ ਸਮਾਜਕ, ਆਰਥਕ ਅਤੇ ਨੈਤਿਕ ਜੀਵਨ ਦੀਆਂ ਕੌੜੀਆਂ ਕਸੈਲੀਆਂ ਸਚਾਈਆਂ ਨੂੰ ਯਥਾਰਥ ਦੇ ਧਰਾਤਲ ਤੇ ਬੜੀ ਸੰਜਮ ਤੇ ਜੁਗਤ ਨਾਲ ਉਲੀਕਿਆ ਹੈ। ਬਿਆਨ ਵਿਚ ਬੇਬਾਕੀ ਸੰਤੋਖ ਸਿੰਘ ਧੀਰ ਦੀਆਂ ਰਚਨਾਵਾਂ ਦੀ ਇਕ ਵਿਸ਼ੇਸ਼ਤਾ ਹੈ। ਪੁਸਤਕ 'ਸਵੇਰ ਹੋਣ ਤਕ ਦੀਆਂ ਕਹਾਣੀਆਂ ਦਾ ਸਮੁੱਚਾ ਪ੍ਰਭਾਵ ਇਸੇ ਗੱਲ ਦੀ ਪੁਸ਼ਟੀ ਕਰਦੀਆਂ ਹਨ। ਮੈਨੂੰ ਪੂਰਨ ਆਸ ਹੈ ਕਿ ਪਾਠਕ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਨਗੇ।

ਰਾਜਿੰਦਰ ਸਿੰਘ
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ

# ਤਤਕਰਾ


| ਕ੍ਰਮ ਨੰ: | ਵਿਸ਼ਾ ਸੂਚੀ | ਪੰਨਾ |
|---|---|---|
| 1. | ਮਾਮਲਾ | 5 |
| 2. | ਜੋੜੀਆਂ ਜੱਗ ਥੋੜੀਆਂ | 13 |
| 3. | ਕੋਈ ਇਕ ਸਵਾਰ | 20 |
| 4. | ਕਹਾਣੀਆਂ ਦੀ ਟੋਲ | 29 |
| 5. | ਰੰਗ ਵਿਚ ਭੰਗ | 42 |
| 6. | ਮੰਜ਼ਲ ਦਾ ਸੁਪਨਾ | 50 |
| 7. | ਠੀਕਰੇ ਪਾਇਆ ਦੁੱਧ | 63 |
| 8. | ਡੈਣ | 75 |
| 9. | ਘਰ ਕੀ ਗਹਿਲ | 91 |
| 10. | ਸਵੇਰ ਹੋਣ ਤਕ | 102 |

## ਮਾਮਲਾ

ਸਵੇਰ ਸਾਰ ਜੈਮਲ ਸਿੰਘ ਨੇ ਦਲੀਪ ਦੇ ਦਰਾਂ 'ਚ ਆ ਕੇ ਹਾਕ ਮਾਰੀ, "ਘਰੇ ਐਂ ਦਲੀਪ ਸਿੰਘਾ ?"

ਜੈਮਲ ਸਿੰਘ ਦਾ ਬੋਲ ਪਛਾਣ ਕੇ ਦਲੀਪੇ ਦਾ ਸਾਹ ਸੁਕ ਗਿਆ, "ਆਹੋ, ਘਰੇ...ਆਂ..." ਉਹਨੇ ਮਸੀਂ ਆਖਿਆ।

ਦਲੀਪਾ ਚੁਲ੍ਹੇ ਅਗੇ ਬੈਠਾ ਅੱਗ ਸੇਕਦਾ ਸੀ। ਉਹਦੀ ਵਹੁਟੀ, ਕਰਤਾਰੋ, ਰੋਟੀਆਂ ਪਕਾ ਰਹੀ ਸੀ। ਦਲੀਪਾ ਉਠ ਕੇ ਬੂਹੇ ਵਲ ਗਿਆ। ਤਵੇ ਉੱਤੇ ਪਾਉਣ ਵਾਲੀ ਮੱਕੀ ਦੀ ਗੋਲ ਰੋਟੀ ਕਰਤਾਰੋ ਦੇ ਹੱਥ ਉਤੇ ਰੁਕ ਗਈ।

ਜੈਮਲ ਸਿੰਘ ਨੇ ਮੱਥੇ ਵਿਚ ਕੋਰੇਪਣ ਦੀਆਂ ਤਿਉੜੀਆਂ ਪਾ ਕੇ ਕਿਹਾ, "ਰੁਪਈਏ ਤੈਂ ਅਪੜਦੇ ਕਰੇ ਈ ਨਾ ਚਰ੍ਹੀ ਆਲੇ ?"

"ਦਊਂਗਾ ਤਾਏ..."

"ਓਏ ਦਏਂਗਾ ਕਦ ? ਮੇਰੀ ਤਾਂ ਗਰਜ ਖੜੀ ਐ। ਢਾਲ ਸਿਰ ਤੇ ਆ ਗੀ—ਲੋਹੜੀ ਗਈ ਨੂੰ ਵੀ ਡੂਢ ਮਹੀਨਾ ਹੋ ਗਿਆ।" ਜੈਮਲ ਸਿੰਘ ਉੱਚੀ ਉੱਚੀ ਬੋਲਣ ਲੱਗਾ।

ਦਲੀਪੇ ਨੇ ਮਿੰਨਤ ਨਾਲ ਆਖਿਆ : "ਕੋਈ ਨ੍ਹੀਂ ਤਾਇਆ, ਪੰਜ ਚਾਰ ਦਿਨ ਹੋਰ ਸਮਾਈ ਕਰ, ਮੇਰਾ ਹੱਥ ਜਾਦੇ ਈ ਤੰਗ ਐ, ਕੋਈ ਹੀਲਾ ਕਰਕੇ ਤੇਰੇ ਘਰੇ ਅਪੜਦੇ ਕਰੂੰਗਾ ਰੁਪਈਏ-ਤੂੰ ਭਖ ਨਾ—ਮੈਨੂੰ ਤਾਂ ਆਪਿ ਸੋਚ ਐ।"

ਜੈਮਲ ਸਿੰਘ ਦੇ ਮੱਥੇ ਵਿਚ ਅਜੇ ਵੀ ਤਿਉੜੀਆਂ ਸਨ। ਬਰਾਂਡੀ ਦੀਆਂ ਜੇਬਾਂ ਵਿਚ ਹੱਥ ਪਾਈ ਉਹ ਧਰਤੀ ਵਲ ਝਾਕਦਾ ਕਹਿਣ ਲੱਗਾ : "ਢਾਲ ਦੇਹ ਬਈ, ਇਹ ਨ੍ਹੀ ਗੱਲ

ਪੁੱਗਣੀ, ਕੋਈ ਮਸ਼ਕਰੀ ਐ? ਮੈਂ ਤਾਂ ਆਪ ਮਾਮਲਾ ਤਾਰਨ ਤੋਂ ਬੈਠਾਂ, ਲੰਬੜਦਾਰ ਨਿਤ ਟੋਕਦੈ।"

ਦਲੀਪਾ ਚੁਪ ਚਾਪ ਖੜ੍ਹਾ ਰਿਹਾ, ਤੇ ਜੈਮਲ ਸਿੰਘ ਉਹਦੇ ਵਲ ਝਾਕੇ ਬਿਨਾਂ ਤੁਰ ਗਿਆ।

ਹੀਣਾ ਜਿਹਾ ਹੋ ਕੇ ਦਲੀਪਾ ਅੰਦਰ ਆਇਆ। ਚੁਲ੍ਹੇ ਅਗੋਂ ਉਹਦੀ ਨਿੱਕੀ ਜੇਹੀ ਧੀ ਜੀਤੋ ਨੇ ਹਠ ਕੀਤਾ : "ਮੈਂ ਤਾਂ ਚੋਪੜ ਕੇ ਰੋਟੀ ਖਾਣੀ ਐਂ..." ਦਲੀਪੇ ਨੇ ਕੁੜੀ ਵਲ ਅੱਖਾਂ ਕੱਢ ਕੇ ਦੇਖਿਆ। ਕੁੜੀ ਡਰ ਨਾਲ ਛਹਿ ਗਈ।

ਦਲੀਪ ਕੋਲ ਦੋ ਗਊਆਂ ਸਨ। ਇਕ ਪਿਛਲੇ ਵਰ੍ਹੇ ਉਹਨਾਂ ਸੌ ਰੁਪਏ ਨੂੰ ਮੁੱਲ ਲਈ ਸੀ। "ਘਰ ਦੇ ਲਵੇਰੇ ਬਿਨਾ ਨਿਆਣੇ ਨ੍ਹੀ ਪਲਦੇ—ਮੁਲ ਦਾ ਦੁੱਧ ਤਾਂ ਫਿੱਟੇ ਮੂੰਹ ਦਾ ਕੰਮ ਐ...।" ਕਰਤਾਰੋ ਸਦਾ ਕਹਿੰਦੀ ਸੀ। ਦਲੀਪੇ ਨੇ ਏਧਰੋਂ ਔਧਰੋਂ ਫੜ ਫੜਾ ਕੇ ਇਕ ਦੁੱਧ ਦੇਂਦੀ ਗਾਂ ਆਪਣੇ ਕਿੱਲੇ ਬੰਨ੍ਹ ਲਈ ਸੀ। ਪਰ ਇਹ ਗਾਂ ਬੜੀ ਕੌੜ ਨਿਕਲੀ। ਦੋ ਮਹੀਨੇ ਦੁੱਧ ਦੇ ਕੇ ਨੱਠ ਗਈ। ਦੂਜੀ, ਵਹਿੜੀ, ਕੱਖਾਂ ਦੀ ਥੁੜ ਕਰਕੇ, ਉਹਦੇ ਸਹੁਰਿਆਂ ਨੇ ਕਰਤਾਰੋ ਨੂੰ ਪੁੰਨ ਵਜੋਂ ਦੇ ਦਿੱਤੀ ਸੀ। ਵਹਿੜੀ ਦੋ ਮਹੀਨੇ ਦੀ ਨਵੀਂ ਸੀ। ਦਲੀਪੇ ਨੇ ਸੋਚਿਆ : ਜਾਣੋ ਛੇ ਮਹੀਨੇ ਖੁਰ ਵਡਾ ਲਾਂਗੇ, ਓੜਕ ਵਹਿੜੀ ਤਾਂ ਪਲੂਣ ਐ ਪੰਜ ਸਤ ਸੂਏ ਤਾਂ ਸਹਿਜੇ ਪਿਆ ਦੂ।

ਪਰ ਦਲੀਪੇ ਨੂੰ ਦੋਹਾਂ ਗਊਆਂ ਦੀ ਖੇਚਲ ਝੱਲਣੀ ਔਖੀ ਹੋ ਗਈ। ਲਵੇਰਾ ਤਾਂ ਜੱਟ ਦੇ ਈ ਘਰ ਪਲ ਸਕਦੈ, ਮੁੱਲ ਦੇ ਕੱਖਾਂ ਨਾਲ ਪਸ਼ੂ ਦਾ ਢਿੱਡ ਨ੍ਹੀ ਭਰ ਹੁੰਦਾ। ਇਹ ਉਹਨੂੰ ਸੱਚ ਜਾਪਣ ਲੱਗਾ। ਸਾਰਾ ਦਿਨ ਕੱਪੜੇ ਸਿਉਂ ਕੇ ਜਿੰਨੀ ਕੁ ਮਜੂਰੀ ਉਹਨੂੰ ਬਣਦੀ ਸੀ, ਉਹਦੇ ਨਾਲ ਤਾਂ ਇਸ ਮਹਿੰਗਾਈ ਦੇ ਅੱਕਰੇ ਸਮੇਂ ਵਿਚ ਟੱਬਰ ਦਾ ਹੀ ਤੋਰਾ ਨਹੀਂ ਤੁਰਦਾ। ਏਨਾ ਵੀ ਚੰਗਾ, ਉਹਨੇ ਕਿਸੇ ਉਸਤਾਦ ਦੇ ਭਾਂਡੇ ਮਾਂਜ ਕੇ ਦਰਜ਼ੀ ਦਾ ਕੰਮ ਸਿਖ ਲਿਆ ਸੀ, ਨਹੀਂ ਤਾਂ ਸਾਰੀ ਉਮਰ ਪਾਣੀ ਭਰਦਿਆਂ ਬੀਤਣੀ ਸੀ।

ਕਰਤਾਰੋ ਵੀ ਖੁਰਪੀ ਲੈ ਕੇ ਸ਼ਾਮਲਾਤ ਦੇ ਤੱਪੜਾਂ ਵਲ ਜਾਂਦੀ। ਪਰ ਦੋ ਗਊਆਂ ਦਾ ਰੱਜ ਉਹਦੇ ਕੋਲੋਂ ਕਿਥੇ ਖੋਤ ਹੁੰਦਾ ਸੀ ? ਕਿਸੇ ਖਾਲ ਦੀ ਵੱਟ ਉਤੇ ਗਰੀਬਾਂ ਨੂੰ ਕੋਈ ਉਂਜੇ ਨਹੀਂ ਖੁਰਪਾ ਲਾਉਣ ਦੇਂਦਾ। ਜੱਟ ਕੋਲ ਭਾਵੇਂ ਡੂਢ ਕਿਆਰਾ ਭੋਂ ਹੋਵੇ, ਉਹਨੂੰ ਕੋਈ ਨਹੀਂ ਬੋਲਦਾ, ਕਮੀਣ ਨੂੰ ਤਾਂ ਖੇਤ ਕੋਲੋਂ ਲੰਘਦਾ ਦੇਖ, ਜਣਾ ਖਣਾ ਲਲਕਾਰਾ ਮਾਰ ਦਿੰਦੇ।

ਭੁੱਖ ਨਾਲ ਲਵੇਰੀਆਂ ਦੇ ਲੱਕੇ ਲਗ ਗਏ। ਕਈ ਵਾਰ ਦਲੀਪੇ ਦੇ ਚਿਤ ਵਿਚ ਆਉਂਦੀ : ਗਊਆਂ ਨੂੰ ਵੇਚ ਦਿਆਂ-ਬੇ-ਜ਼ੁਬਾਨਾਂ ਦਾ ਤਰਸਾ ਨੀ ਦੇਖਿਆ ਜਾਂਦਾ—ਉਹਨਾਂ

ਕਿਹੜਾ ਬੋਲ ਕੇ ਫਰਿਆਦ ਕਰਨੀ ਐਂ – ਪਰ, ਉਦੋਂ ਹੀ ਉਹਦੇ ਮਨ ਵਿਚ ਆਸ ਦੀ ਇਕ ਰਿਸ਼ਮ ਜੇਹੀ ਫੁਟ ਪੈਂਦੀ: ਕਿਵੇਂ ਵੀ ਹੋਵੇ, ਇਕ ਵਾਰ ਦੋਹਾਂ ਗਾਈਆਂ ਨੂੰ ਕਠਿਆਂ ਚੋ ਕੇ ਜ਼ਰੂਰ ਦੇਖਣੈ—ਲੋਕਾਂ ਦੇ ਚਾਰ-ਚਾਰ ਲਵੇਰੇ ਨੇ, ਤੰਗੀ ਤੁਰਸ਼ੀ ਵੀ ਸਰੀਰਾਂ ਦੇ ਨਾਲ ਈ ਹੁੰਦੀ ਐ—ਸਦਾ ਇਕੋ ਜੇਹੇ ਦਿਨ ਤਾਂ ਨ੍ਹੀ ਰਹਿੰਦੇ—ਆਪਣੇ ਘਰ ਦੀ ਤਾਂ ਛਾਹ ਵੀ ਮਾਣ ਨ੍ਹੀ। ਕੋਈ ਦਹੀਂ ਖਾਵੇ,ਕੋਈ ਦੁੱਧ ਪੀਵੇ— ਮਧਾਣੀ ਤਾਂ ਸ੍ਰੀ ਕੀਲੇ ਉਤੇ ਟੰਗੀ ਰਹ-ਤੇ ਐਤਕੀ ਉਹਨੇ ਚਕੋਤੇ ਉਤੇ ਭੋਂ ਲੈ ਕੇ ਚਰ੍ਹੀ ਬਿਜਾਉਣ ਦੀ ਪੱਕੀ ਸੋਚ ਲਈ। ਜੇ ਮੌਕੇ ਸਿਰ ਮੀਂਹ ਪੈ ਜਾਵੇ ਤਾਂ ਸੈਂਕੜੇ ਦੇ ਹਿਸਾਬ ਪੂਲੀਆਂ ਮੁੱਲ ਲੈਣ ਨਾਲੋਂ ਆਪ ਚਰ੍ਹੀ ਬਿਜਾਉਣੀ ਕਿਤੇ ਚੰਗੀ ਰਹਿੰਦੀ ਐ। ਮੁੱਲ ਦੀਆਂ ਪੂਲੀਆਂ 'ਚ ਉਹ ਬਰਕਤ ਕਿਥੇ !

ਜੈਮਲ ਸਿੰਘ ਨਾਲ ਭੋਂ ਦਾ ਸੌਦਾ ਹੋ ਗਿਆ। ਵੀਹ ਰੁਪਏ ਵਿਘੇ ਨੂੰ ਪੰਜ ਵਿਘੇ ਧਰਤੀ ਲੈ ਲਈ। ਪੰਜ ਵਿਘੇ ਤੋਂ ਘੱਟ ਦੋ ਗਊਆਂ ਦਾ ਸਰਨਾ ਵੀ ਨਹੀਂ ਸੀ। ਲੋਹੜੀ ਉਤੇ ਮਾਮਲੇ ਦਾ ਸੌ ਰੁਪਿਆ ਤਾਰਨ ਦਾ ਇਕਰਾਰ ਹੋਇਆ।

ਹਾੜ੍ਹ ਦੇ ਪਿਛਲੇ ਪੱਖ ਮੀਂਹ ਵਰ੍ਹ ਗਿਆ। ਦਲੀਪੇ ਨੇ ਭਾੜੇ ਉਤੇ ਹਲ ਦੀ ਦੋਹਰ ਕਰਵਾ ਕੇ ਜੁਆਰ ਦਾ ਛੱਟਾ ਦੁਆ ਦਿਤਾ।

ਪੰਜ ਸਤ ਚੰਗੀਆਂ ਝੜੀਆਂ ਸਾਉਣ ਭਾਦੋਂ ਵਿਚ ਲਗ ਗਈਆਂ। ਮਾਰੂਆਂ ਤੋਂ ਚੰਗੀ ਆਸ ਹੋ ਗਈ। ਦਲੀਪੇ ਦੀ ਚਰ੍ਹੀ ਭਰ ਕੇ ਨਿੱਸਰੀ ਸੀ। ਭਾਦੋਂ ਦੇ ਪਿਛਲੇ ਪੱਖ ਤੋਂ ਹੀ ਖੜੀ ਚਰ੍ਹੀ ਚਾਰਨੀ ਸ਼ੁਰੂ ਕਰ ਦਿਤੀ। ਗਊਆਂ ਉਤੇ ਪਾਣੀ ਫਿਰ ਆਇਆ। ਚੜ੍ਹਦੇ ਕੱਤਕ ਉਨ੍ਹਾਂ ਚਰ੍ਹੀ ਖੋਤਣੀ ਸ਼ੁਰੂ ਕਰ ਦਿਤੀ। ਪੰਜ ਸਤ ਦਿਨ ਬੜੀ ਮਿਹਨਤ ਕੀਤੀ। ਸਾਰਾ ਟੱਬਰ ਖੇਤ ਵਿਚ ਜਾਂਦਾ। ਦਲੀਪਾ, ਕਰਤਾਰੋ, ਦਲੀਪੇ ਦੀ ਛੋਟੀ ਭੈਣ ਤੇ ਇਕ ਭਰਾ ਚਰ੍ਹੀ ਨੂੰ ਖੋਤ ਖੋਤ ਪੂਲੀਆਂ ਬੰਨ੍ਹਦੇ। ਜੀਤੋ ਪੂਲੀਆਂ ਦੀ ਕੁੱਲੀ ਵਿਚ ਖੇਡਦੀ ਰਹਿੰਦੀ। ਬੁੱਢੀ ਮਾਂ ਵੱਢ ਵਿਚ ਟੱਬਰ ਦੀ ਰੋਟੀ ਲੈ ਕੇ ਜਾਂਦੀ। ਸਾਰੀ ਚਰ੍ਹੀ ਖੋਤ ਕੇ ਘਰ ਲੈ ਆਂਦੀ। ਚਾਰ ਸੌ ਪੂਲੀ ਹੋਈ। ਕੋਠੇ ਉਤੇ ਚਰ੍ਹੀ ਦਾ ਤਕੜਾ ਛੱਰ ਗੁੰਦਿਆ ਗਿਆ। ਛੋਰ ਨੂੰ ਦੇਖ ਕੇ ਦਲੀਪਾ ਫੁੱਲ ਜਾਂਦਾ : "ਕੱਖਾਂ ਦੇ ਦੁਖੋਂ ਨੀਂ ਹੁਣ ਮੈਂ ਗਾਈਆਂ ਨੂੰ ਜਾਣ ਦਿੰਦਾ।"

ਕੱਤਕ ਲੰਘਿਆ, ਮੱਘਰ ਬੀਤਿਆ, ਛੇਕੜ ਪੋਹ ਮੁੱਕਣ ਤੇ ਆ ਗਿਆ। ਚਰ੍ਹੀ ਵੀ ਅੱਧ ਨੂੰ ਚਲੀ ਗਈ। ਛੌਰ ਖੁਲ੍ਹਣ ਲੱਗਾ। ਜਿਥੇ ਛੇ-ਛੇ ਪੂਲੀਆਂ ਨਿਤ ਕੁਤਰੀਆਂ ਜਾਣ, ਉਥੇ ਮਹੀਨੇ ਪਿਛੋਂ ਕਿੰਨਾ ਖੱਪਾ ਪੈਣਾ ਹੋਇਆ? ਪਹਿਲੀ ਗਾਂ ਦਾ ਵੱਛਾ ਵੀ ਹੁਣ ਤਕੜਾ ਸੀ, ਪੂਲੀ ਦਾ ਵਾਰ ਤਾਂ ਰਾਤੋ ਰਾਤ ਉਹੀ ਚਰ ਜਾਂਦਾ।

ਖੈਰ, ਕੱਖਾਂ ਦਾ ਖ਼ਰਚ ਤਾਂ ਜੋ ਸੀ, ਉਹੀ ਸੀ, ਮਾਮਲੇ ਦਾ ਕੋਈ ਹੀਲਾ ਬਣਦਾ ਨਹੀਂ

ਸੀ। ਦਿਖਦਾ। ਲੋਹੜੀ ਨੇੜੇ ਆ ਗਈ, ਮਾਘੀ ਦੀ ਸੰਗਰਾਦ ਨੂੰ ਅਗਲੇ ਨੇ ਮੰਗਣ ਦੇ ਸਿਰ ਹੋ ਜਾਣਾ ਸੀ।

ਦਲੀਪੇ ਨੇ ਤਾਂ ਸੋਚਿਆ ਸੀ, ਛੇ ਮਹੀਨੇ ਪਏ ਨੇ ਮਾਮਲਾ ਦੇਣ ਵਿਚ ਮਹੀਨੇ ਦੇ ਪੰਦਰਾਂ ਰੁਪਈਏ ਨਹੀਂ ਬੈਠਦੇ। ਜੇ ਹੋਰ ਜ਼ਰਾ ਮੱਚ ਮਾਰ ਕੇ ਕੰਮ ਕਰਾਂ, ਮਾਮਲਾ ਤਾਂ ਨ੍ਹੀ ਅਟਕ ਸਕਦਾ। ਉਹਦੇ ਘਰ ਕੀ ਘਾਟਾ ਏ—ਕਦ ਰਿਜ਼ਕ ਦੀ ਛੱਲ ਦੇ ਦਏ। ਪਰ ਜੋ ਦਲੀਪੇ ਨੇ ਸੋਚਿਆ, ਉਹ ਬਣਿਆ ਨਾ।

ਕੱਤਕ ਜਾਂਦੇ ਨੂੰ ਕਰਤਾਰੋ ਦੇ ਕੁੜੀ ਜੰਮ ਪਈ। ਵੀਹ ਤੀਹ ਰੁਪਏ ਦਾ ਖ਼ਰਚ ਆ ਪਿਆ। ਜੇ ਦੋ ਸੇਰ ਥਿੰਦਾ ਜ਼ੱਚਾ ਦੇ ਢਿਡ ਵਿਚ ਨਾ ਪਏ ਤਾਂ ਉਹ ਮੰਜੇ ਤੋਂ ਕਿਵੇਂ ਉਠ ਸਕਦੀ ਐ ? ਛਿਲਾ ਸਾਂਭ ਹੋਇਆ ਤਾਂ ਮੱਘਰ ਵਿਚ ਦਲੀਪ ਨੂੰ ਤਾਪ ਆਉਣ ਲਗ ਪਿਆ। ਪੰਦਰਾਂ ਵੀਹ ਦਿਨ ਤਾਪ ਨੇ ਖਹਿੜਾ ਨਾ ਛਡਿਆ। ਮਜੂਰ ਆਦਮੀ ਨੂੰ ਤਾਂ ਬੀਮਾਰ ਹੋਣਾ ਵੀ ਔਖਾ ਏ—ਜੇ ਉਹ ਕੰਮ ਕਰਦੇ ਤਾਂ ਰੋਟੀ ਪੱਕਦੀ ਐ, ਨਹੀਂ ਤਾਂ ਟੱਬਰ ਦੇ ਭਾਂਡੇ ਮੂਧੇ ਨੇ।

ਫ਼ਸਲ ਵਿਚ ਜਿੰਨੀ ਕਣਕ ਦਲੀਪੇ ਨੇ ਲਈ ਸੀ, ਉਹ ਕੱਤਕ ਤਕ ਮਸੀਂ ਚੱਲੀ। ਵਰ੍ਹੇ ਜੋਗੇ ਦਾਣੇ ਲੈ ਰਖਣ ਦੀ ਉਹਦੀ ਪਰੋਕੋਂ ਨਹੀਂ ਸੀ। ਕਣਕ ਹੁਣ ਪਹਿਲੇ ਭਾ ਨਾਲੋਂ ਦੂਣੀ ਹੈ ਗਈ ਸੀ, ਤੇ ਸਗੋਂ ਬਾਈ ਬਾਈ, ਤੇਈ ਤੇਈ ਰੁਪਏ ਮਣ ਦੇ ਭਾ ਨੂੰ ਵੀ ਕੋਈ ਹਾਂ ਨਹੀਂ ਸੀ ਕਰਦਾ। ਨਾਲੋ ਨਾਲ ਉਹਨੂੰ ਦਾਣੇ ਲੈਣੇ ਪੈਂਦੇ ਸਨ; ਤੇ ਜਿੰਨਾ ਕੰਮ ਕਰਦਾ ਸੀ, ਉਹਦੇ ਨਾਲ ਦਾਣੇ ਤੇ ਹੋਰ ਕਬੀਲਦਰੀ ਦਾ ਧੰਦਾ ਹੀ ਮਸੀਂ ਚਲਦਾ ਸੀ।

ਅਖੀਰ ਲੋਹੜੀ ਆ ਗਈ। ਮਾਮਲੇ ਦਾ ਕੁਛ ਨਾ ਬਣਿਆਂ। ਛੋਟੀ ਵਹਿੜੀ ਦਸ ਵੀਹ ਦਿਨਾਂ ਵਿਚ ਸੂਣ ਵਾਲੀ ਸੀ। ਵੱਡੀ ਕੌੜ ਦੇ ਨਵੇਂ ਦੁੱਧ ਹੋਣ ਬਾਰੇ ਵੀ ਕੋਈ ਪੱਕ ਨਾ ਸੀ। ਦਲੀਪੇ ਨੇ ਸੋਚਿਆ: ਚਲੋ ਸਾਰੀ ਨਾ ਖਾਧੀ, ਅੱਧੀ ਸਹੀ; ਆਈ ਚਲਾਈ ਤਾਂ ਹੋ ਜੂ। ਵੱਡੀ ਗਾਂ ਨੂੰ ਵੇਚ ਦਿਆਂ। ਕਿਤੇ ਅੰਦਰ ਬਾਹਰ ਮਿਲਦਿਆਂ ਇਕ ਵਾਰ ਜੰਮਲ ਸਿੰਘ ਨੇ ਮਲਵੀਂ ਜੀਭ ਨਾਲ ਦਲੀਪੇ ਨੂੰ ਮਾਮਲੇ ਲਈ ਟੋਕ ਵੀ ਦਿਤਾ। ਦਲੀਪੇ ਨੂੰ ਗਾਂ ਵੇਚਣ ਦੀ ਕਾਹਲ ਪੈ ਗਈ। ਫੰਡਰ ਲਵੇਰੇ ਦਾ ਗਾਹਕ ਵੀ ਸੌਖਾ ਨਹੀਂ ਉਠਦਾ। ਪਰ ਦਲੀਪਾ ਤਾਂ ਜੋ ਮਿਲੇ, ਸੋਈ ਵੱਟਣ ਨੂੰ ਤਿਆਰ ਸੀ।

ਓੜਕ ਦੱਸ ਪੁੱਛ ਨਾਲ ਪਿੰਡ ਵਿਚੋਂ ਹੀ ਇਕ ਗਾਹਕ ਉਠ ਖੜੋਤਾ। ਪਿੰਡ ਵਿਚ ਇਸ ਗਾਂ ਦੀ ਪੜਤ ਚੰਗੀ ਨਹੀਂ ਸੀ। ਮਾੜੇ ਦੇ ਪਸ਼ੂ ਨੂੰ ਵੀ ਹਰ ਕੋਈ ਵਗੇਂਦਾ ਏ। ਸਾਰੇ

ਕਹਿਣ : "ਗੈਂ ਤਾਂ ਪੁੜੇ ਹੱਥ ਨ੍ਹੀਂ ਲੈਣ ਦੇਂਦੀ।" ਦਲੀਪੇ ਨੇ ਜੋ ਵਟਿਆ, ਸੋ ਖਟਿਆ ਜਾਣ ਕੇ ਪੰਜਾਹ ਰੁਪਏ ਨੂੰ ਗਾਂ ਛੱਡ ਦਿਤੀ।

ਪੰਜਾਹ ਰੁਪਏ ਲੈਂਦਿਆਂ ਜੈਮਲ ਸਿੰਘ ਨੇ ਤਕਰਾਰ ਜੇਹੀ ਵੀ ਕੀਤੀ ਸੀ : "ਬਈ ਮੇਰੀ ਤਾਂ ਰਕਮ ਖੁਰਦੀ ਐ ਏਕਣ—ਮੈਨੂੰ ਤਾਂ ਸੋ ਕੱਠਾ ਈ ਦੇਣਾ ਸੀ।" ਬਾਕੀ ਪੰਜਾਹ ਰੁਪਏ ਮਹੀਨੇ ਦੇ ਅੰਦਰ ਅੰਦਰ ਦੇਣ ਲਈ ਦਲੀਪੇ ਨੇ ਜੈਮਲ ਸਿੰਘ ਨੂੰ ਇਕਰਾਰ ਕਰ ਦਿਤਾ।

ਵੀਹ ਕੁ ਦਿਨਾਂ ਮਗਰੋਂ ਵਹਿੜੀ ਸੂ ਪਈ। ਦੁੱਧ ਵਰਗਾ ਵੱਛਾ ਵਿਹੜੇ ਵਿਚ ਟਪੂਸੀਆਂ ਮਾਰਨ ਲਗਾ। ਜੀਤੋ ਵੱਛੇ ਨੂੰ ਦੇਖ ਦੇਖ ਸਾਰਾ ਦਿਨ ਪਰਚਦੀ। ਉਹਨੇ ਲਾਡ ਨਾਲ ਵੱਛੇ ਦੇ ਗਲ ਵਿਚ ਨੀਲੇ ਮਣਕੇ ਤੇ ਇਕ ਘੁੰਗਰੂ ਪਾਇਆ। ਸਾਰਾ ਦਿਨ ਵਿਹੜੇ ਵਿਚ ਘੁੰਗਰੂ ਵੱਜਦਾ ਰਹਿੰਦਾ।

ਦਲੀਪੇ ਨੂੰ ਮਾਮਲੇ ਦਾ ਫਿਕਰ ਤੋੜ ਤੋੜ ਖਾ ਰਿਹਾ ਸੀ। ਉਹ ਬੈਠਾ ਸੋਚਦਾ ਸੀ; ਪੰਜਾਹ ਰੁਪਏ ਕਿਵੇਂ ਕਠੇ ਹੋਣਗੇ।" ਕਰਤਾਰੋ ਨੇ ਪਲ ਭਰ ਉਹਦੇ ਫ਼ਿਕਰ ਨੂੰ ਝੂਠ ਕਰਨ ਲਈ ਐਵੇਂ ਕੈਵੇਂ ਦਾ ਹੁਬ ਕੇ ਆਖਿਆ: 'ਰੱਬ ਨੇ ਧੌਲੀ ਧਾਰ ਦਖਾਈ ਐ ਸਖ ਨਾਲ, ਤੂੰ ਫ਼ਿਕਰ ਨਾ ਕਰ।"

'ਫਿਕਰ ਕਿਵੇਂ ਨਾਂ ਕਰਾਂ ਦਲੀਪ ਨੇ ਮਨ ਵਿਚ ਆਖਿਆ। ਪਰ ਉਹਨੇ ਕਰਤਾਰ ਨੂੰ ਕਿਹਾ : "ਨਹੀਂ, ਮੈਂ ਫਿਕਰ ਤਾਂ ਨੀ ਕਰਦਾ।"

ਮਹੀਨਾ ਪੂਰਾ, ਓੜਕ ਸਵਾ ਬੀਤ ਗਿਆ। ਦਲੀਪੇ ਨੂੰ ਹਰ ਵੇਲੇ ਇਹੋ ਧੜਕੂ ਲਗਿਆ ਰਹਿੰਦਾ ਕਿ ਜੈਮਲ ਸਿੰਘ ਹੁਣ ਮਿਲਿਆ, ਘੜੀ ਮਿਲਿਆ। ਅੰਦਰ, ਬਾਹਰ, ਗਲੀ, ਪਰ੍ਹੇ, ਉਹ ਲੁਕ ਲੁਕ ਲੰਘਦਾ। ਉਹਨੂੰ ਡਰ ਸੀ ਕਿ ਹੁਣ ਤਕ ਤਾਂ ਲਾਰੇ ਲੱਪੇ ਲਗਦੇ ਰਹੇ—ਹੁਣ ਕੀ ਜੁਆਬ ਦਿਆਂਗਾ? ਜੱਟ ਦਾ ਕੁਹਾੜੇ ਪਾਟਿਆ ਮੂੰਹ ਹੁੰਦੈ, ਨਾ ਜਾਣੀਏਂ ਕਦ ਹੇਠੀ ਕਰ ਦੇਵੇ। ਜਦ ਐਧਰ ਓਧਰ, ਵੱਟ ਬੰਨੇ ਕਿਤੇ ਦਲੀਪਾ ਜੈਮਲ ਸਿੰਘ ਨੂੰ ਨਾ ਟੱਕਰਿਆ ਤਾਂ ਹਾਰ ਕੇ ਉਹ ਦਲੀਪੇ ਦੇ ਦਰਾਂ ਵਿਚ ਹੀ ਆ ਧਮਕਿਆ ਸੀ।

ਪੰਜ ਚਾਰ ਦਿਨ ਹੋਰ ਵੀ ਲੰਘ ਗਏ। ਜੈਮਲ ਸਿੰਘ ਨੇ ਹੋਰ ਸਮਾਈ ਕਰ ਦੇਖੀ। ਪਰ ਹੁਣ ਹੋਰ ਉਹਦੀ ਬੇ-ਵਾਹ ਸੀ। ਸਾਰੇ ਪਿੰਡ ਦੀ ਢਾਲ ਪੈ ਚੁਕੀ ਸੀ। ਕੁਲ ਇਕ ਦੋ ਸਾਮੀਆਂ ਅੜੀਆਂ ਰਹਿੰਦੀਆਂ ਸਨ।

ਇਕ ਦਿਨ, ਆਥਣੇ, ਫੁਲਾਹੀਆਂ ਵਾਲੇ ਖੂਹ ਦੇ ਰਾਹ ਵਿਚ ਦਲੀਪ ਨੂੰ ਜੈਮਲ ਸਿੰਘ ਟੱਕਰ ਗਿਆ। ਗਲ ਵਿਚ ਭੂਰੀ ਬਰਾਂਡੀ, ਹੱਥ ਬਰਾਂਡੀ ਦੀਆਂ ਜੇਬਾਂ ਵਿਚ, ਗਲ

ਦੁਆਲੇ ਇਕ ਖੱਦਰ ਦਾ ਪਰਨਾ ਤੇ ਨੱਕ ਤੀਕ ਪਰਨੇ ਨਾਲ ਮੂੰਹ ਕਜਿਆ ਹੋਇਆ। ਲਿਹਾਜ਼ ਨੂੰ ਖੂਹ ਵਿਚ ਸੁਟ, ਜੈਮਲ ਸਿੰਘ ਨੇ ਰਾਹ ਘੇਰ ਕੇ ਆਖਿਆ : "ਉਏ ਝੀਉਰਾ, ਹਿਐਂ ਤਾਂ ਨ੍ਹੀ ਆਉਂਦਾ? ਇਹ ਭਲਮਾਣਸੀ ਐ ? ਤੇਰੀ ਜਬਾਨ ਐ ਕੀ ਐ ? ਫੇਰ ਕੁਪੱਤ ਕਰਾ ਕੇ ਈ ਰਹੇਂਗਾ ਚਾਰ ਆਦਮੀਆਂ ਚ?"

ਦਲੀਪੇ ਦੇ ਪੈਰ ਉੱਖੜ ਗਏ। ਕੀ ਕਹੇ, ਕੀ ਨਾ ਕਹੇ। ਹੁਣ ਤਾਂ ਨਾ ਕੋਈ ਟਾਲ ਹੋ ਸਕਦੀ ਸੀ, ਨਾ ਮਿੰਨਤ, ਨਾ ਮੁਹਲਤ। ਜੈਮਲ ਸਿੰਘ ਦੀਆਂ ਅੱਖਾਂ ਤੋਂ ਦਲੀਪੇ ਨੂੰ ਡਰ ਆਉਣ ਲੱਗਾ। ਨੀਵੀਂ ਪਾ ਕੇ ਉਸੇ ਥਾਂ ਖੜ੍ਹਦਾ ਉਹ ਬੋਲਿਆ : "ਕੀ ਦਸਾਂ. ,"

"ਉਏ ਮੈਨੂੰ ਜਾਮਨੀ ਐਂ ਏਸ ਗਲ ਦੀ ? ਕਹਿੰਦੇ ਕੀ ਦੱਸਾਂ, ਜਿਮੇਂ ਨੀਤ ਏ ਨ੍ਹੀ ਦੇਣ ਦੀ— ਚਰ੍ਹੀ ਚਾਰ ਚਾਰ ਕੇ ਤਾਂ ਚੌਣਾ ਰਾਜੀ ਕਰ ਲਿਆ—ਦੱਸ ਫੇਰ, ਰੁਪਈਏ ਦੇਣੇ ਨੇ ਕੁ ਨਹੀਂ ?"

"ਦੇਣੇ ਖਰੇ ਨੇ ਤਾਏ "

"ਰੱਖ ਫੇਰ ਐਥੇ—ਮੈਂ ਤਾਂ ਹੁਣੇ ਲੈਣੇ ਨੇ।" ਜੈਮਲ ਸਿੰਘ ਨੇ ਧਰਤੀ ਉਤੇ ਜੁੱਤੀ ਦੀ ਨੋਕ ਛੁਹਾ ਕੇ ਕਿਹਾ।

ਜਾਨ ਕੁੜਿਕੀ ਵਿੱਚ ਫਸ ਗਈ। ਜੱਟ ਨੂੰ ਕਿਵੇਂ ਆਖੇ ਕਿ ਮੇਰੇ ਟੱਬਰ ਨੂੰ ਤਾਂ ਰੋਟੀ ਦਾ ਵੀ ਸੰਸਾ ਏ? ਉਹ ਕਦ ਮੰਨਣ ਲਗਾ ਏ ? ਦੋ ਕੁ ਪਲ ਚੁਪ ਰਹਿ ਕੇ ਦਲੀਪੇ ਨੇ ਤਰਲੇ ਨਾਲ ਆਖਿਆ, "ਬਈ ਤਾਇਆ, ਜਿਥੇ ਤੋਂ ਐਨਾ ਸਬਰ ਕੀਤੈ, ਉਥੇ ਦੋ ਦਿਨ ਹੋਰ ਲੰਘਾ-ਕੋਈ ਹੀਲਾ ਕਰਕੇ ਜਾਂ ਤਾਂ ਮੈਂ ਤੈਨੂੰ ਰੁਪਈਏ ਦੇ ਦਊਂਗਾ, ਨਹੀਂ ਤੂੰ ਬਸ਼ੱਕ ਬਹਿੜੀ..।" ਦਲੀਪੇ ਦੀ ਵਾਜ ਥਿੜਕ ਗਈ।

ਸੱਜਰ-ਸੂਈ ਵਹਿੜੀ ਦਾ ਖ਼ਿਆਲ ਜੈਮਲ ਸਿੰਘ ਦੀ ਹਿਕ ਵਿਚ ਮਹਿਕਣ ਲਗਾ। "ਚੰਗਾ, ਅਈ ਸਹੀ, ਪਰ ਦੋ ਦਿਨਾਂ ਤੋਂ ਵਧ ਨ੍ਹੀ ਮੇਰੀ ਪਹੁੰਚ ਅਟਕਣ ਦੀ।" ਤੇ ਉਹ ਰਾਹ ਛਡ ਕੇ ਇਕ ਪਾਸੇ ਤੁਰ ਪਿਆ।

ਦੋ ਦਿਨਾਂ ਵਿਚ ਵੀ ਦਲੀਪੇ ਤੋਂ ਰੁਪਏ ਤਿਆਰ ਨਾ ਹੋ ਸਕੇ। ਚੌਥੇ ਦਿਨ, ਸਵੇਰੇ ਹੀ, ਵਹਿੜੀ ਲੈਣ ਲਈ ਜੈਮਲ ਸਿੰਘ ਦਲੀਪੇ ਦੇ ਘਰ ਆ ਗਿਆ।

ਵਿਹੜੇ ਵਿਚ ਮਿੱਠੀ ਮਿੱਠੀ ਧੁੱਪ ਸੀ। ਟਾਟਕੇ ਖੜੀ ਵਹਿੜੀ ਖੁਰਲੀ ਉਤੇ ਚਰ ਰਹੀ ਸੀ। ਕੋਲ ਹੀ ਇਕ ਛੋਟੀ ਕਿੱਲੀ ਨਾਲ ਬੰਨ੍ਹਿਆ ਹੋਇਆ ਵੱਛਾ ਮਾਂ ਦੇ ਥਣਾਂ ਵਲ ਤਿੰਘੜ

ਰਿਹਾ ਸੀ। ਦਲੀਪਾ ਅੰਦਰੋਂ ਉਠ ਕੇ ਵਿਹੜੇ ਵਿਚ ਆ ਗਿਆ। ਸਾਗ ਵਿਚ ਆਲਣ ਪਾਉਣਾ ਛਡ ਕੇ, ਕਾਣਾ ਘੁੰਡ ਕੱਢੀ, ਕਰਤਾਰੋ ਵੀ ਗਾਂ ਕੋਲ ਆ ਖੜ੍ਹੀ।

ਜੈਮਲ ਸਿੰਘ ਨੇ ਗਾਂ ਦੀ ਪਿੱਠ ਉਤੇ ਹੱਥ ਫੇਰਿਆ, "ਬਸ ਮੇਰੀਏ ਬੱਗੀਏ .. !" ਗਾਂ ਨੇ ਓਪਰੀ ਛੁਹ ਪਛਾਣ ਕੇ ਹਰਕਿਆ। ਜੈਮਲ ਸਿੰਘ ਨੇ ਵੱਛੇ ਦੇ ਮੂੰਹ ਨੂੰ ਪੁਚਕਾਰਿਆ। ਵੱਛੇ ਨੇ ਕੰਥ ਕੇ ਟਪੂਸੀ ਮਾਰੀ। ਘੁੰਗਰੂ ਛਣਕਿਆ। ਜੀਤੋ ਛਤਨੇ ਹੇਠ ਗੁੱਡੀਆਂ ਪਟੋਲੇ ਖੇਡਦੀ ਸੀ। ਖੁਰਲੀ ਕੋਲ ਬੋਲ ਬੁਲਾਰਾ ਤੇ ਘੁੰਗਰੂ ਦੀ ਵਾਜ ਸੁਣ ਕੇ ਉਹਨੂੰ ਖੇਡ ਭੁੱਲ ਗਈ। ਉਹ ਵੀ ਵਿਹੜੇ ਵਿਚ ਆਕੇ ਤੱਕਣ ਲਗ ਪਈ।

ਅੱਸੀ ਰੁਪਏ ਗਾਂ ਦਾ ਮੁੱਲ ਪਿਆ। “ਵਹਿੜਕੀ ਤਾਂ ਹੋ ਨਿਰੀ, ਪਹਿਲੇ ਸੂਏ ਦੁੱਧ ਵੀ ਕੀ ਹੁੰਦੈ ? ਖੁਰ-ਵਢਾਈ ਐ ਪੱਲੇ ..।" ਲਹਿਣੇਦਾਰ ਨੇ ਢੁੱਚਰ ਕੀਤੀ, ਡੂਢ ਮਣ ਦਾਣੇ ਲੈ ਆਈ ਘਰੋਂ-ਪੱਚੀਆਂ ਦੇ ਭਾ ਕਣਕ ਐ !"

ਦਲੀਪਾ ਥੰਮ ਵਾਂਗ ਚੁੱਪ ਖੜਾ ਰਿਹਾ।

"ਬਾਖਰੂ ਜੀ .." ਜੈਮਲ ਸਿੰਘ ਝੁਕ ਕੇ ਕਿੱਲੇ ਨਾਲੋਂ ਰੱਸਾ ਖੋਲ੍ਹਣ ਲਗਾ।

ਕਰਤਾਰੋ ਦੇ ਮਨ ਵਿਚ ਹੂਕ ਉਠੀ—ਅਗੇ ਵੀ ਨਿਤ ਇਸੇ ਵੇਲੇ ਮੇਰੀ ਵਹਿੜੀ ਦਾ ਰੱਸਾ ਖੁਲ੍ਹਦਾ ਸੀ, ਪਰ ਉਹ ਆਥਣੇ ਚੋਣਿਓਂ ਚਰ ਕੇ ਹੇਜ ਵਿਚ ਰੰਭਦੀ ਤੇ ਪੂੰਛ ਹਿਲਾਉਂਦੀ ਇਸੇ ਕਿੱਲੇ ਆ ਬੱਝਦੀ ਸੀ—ਅਜ ਦੀ ਸੈਂਤ ਕੇਹੀ ਚੰਦਰੀ

ਤੇ ਉਹਨੇ ਝੋਨੇ ਦੇ ਲੜ ਨਾਲ ਅੱਖਾਂ ਪੂੰਝ ਲਈਆਂ।

ਰੱਸਾ ਫੜ ਕੇ ਜੈਮਲ ਸਿੰਘ ਤੁਰਨ ਲੱਗਾ: "ਚੱਲ ਨੀ ਮੇਰੀਏ ਐ...।" ਪਰ ਵਹਿੜੀ ਖੁਰ ਅੜਾ ਕੇ ਖੜ ਗਈ। “ਹੀ...ਹੀ ਐ ਓਪਰਾ।" ਜੈਮਲ ਸਿੰਘ ਨੇ ਦਲੀਪੇ ਵਲ ਝਾਕ ਕੇ ਕਿਹਾ। ਬੱਗੀਏ, ਸੁਖ ਨਾਲ ਬੁੱਧਵਾਰ ਹੀ.. ਸਹੁਰੀ ਓਪਰਾ ਕਰਦੀ

“ਓ ਜੈਮਲ ਸਿਆਂ, ਐਂ ਨ੍ਹੀ ਤੁਰਨਾ ਵਹਿੜੀ ਨੇ..." ਗਲੀ 'ਚੋਂ ਲੰਘੇ ਜਾਂਦੇ ਵਰਿਆਮੇ ਜੱਟ ਨੇ ਦਰਾਂ ਅੱਗੇ ਖੜੋ ਕੇ ਸਲਾਹ ਦਿਤੀ, ਵੱਛਰੂ ਨੂੰ ਗੋਦੀ ਚਕ ਕੇ ਮੂਹਰੇ ਹੋ ਲੈ, ਆਪੇ ਆਊਗੀ ਮਗਰ ਮਗਰ ਸਾਲੀ।"

ਜੈਮਲ ਸਿੰਘ ਨੇ ਵੱਛੇ ਨੂੰ ਕਲਾਵੇ ਵਿਚ ਚੁਕ ਲਿਆ।

"ਮੇਰੀ ਮੀ...ਮੀ... ?" ਕਰਤਾਰ ਦਾ ਪੱਲਾ ਖਿੱਚ ਕੇ ਜੀਤੋ ਨੇ ਮਸੋਸੇ ਮੂੰਹ ਨਾਲ ਕਿਹਾ।

"ਕਿਉਂ ਕੁੜੇ ਬੀਬੋ, ਕੀ ਕਹਿੰਨੀ ਐਂ ? ਘੁੰਗਰੂ ਲੈਣੇ ਆਪਦਾ ?" ਜੈਮਲ ਸਿੰਘ ਨੇ ਵੱਛੇ ਦੇ ਗਲੋਂ ਘੁੰਗਰੂ ਵਾਲੀ ਗਾਨੀ ਖੋਲ੍ਹ ਕੇ ਕੁੜੀ ਵਲ ਸੁੱਟ ਦਿਤੀ, "ਲੈ ਫੜ।"

ਜੀਤ ਘੁੰਗਰੂ ਵਲ ਬਿਟ ਬਿਟ ਦੇਖਣ ਲਗ ਪਈ, ਤੇ ਗਾਂ ਜੈਮਲ ਸਿੰਘ ਦੇ ਪਿਛੇ ਪਿਛੇ ਗਲੀ ਦਾ ਮੋੜ ਮੁੜ ਗਈ।

ਸਾਰੇ ਪਿੰਡ ਦਾ ਮਾਮਲਾ ਤਰ ਗਿਆ। ਤੀਜੇ ਦਿਨ, ਉਹੀ ਗਾਂ, ਜੈਮਲ ਸਿੰਘ ਦੇ ਘਰੋਂ ਖੁਲ੍ਹ ਕੇ ਨੰਦੂ ਮੱਲ ਸ਼ਾਹੂਕਾਰ ਦੇ ਕਿੱਲੇ ਉਤੇ ਜਾ ਬੱਝੀ।

*****

## ਜੋੜੀਆਂ ਜੱਗ ਥੋੜੀਆਂ

ਖੰਨੇ ਸ਼ਹਿਰ ਦੇ ਅੱਡੇ ਵਿਚ ਤਾਂਗਾ ਤਿਆਰ ਖੜਾ ਸੀ।

ਬੱਸ ਖਬਰੇ ਕਦੋਂ ਆਵੇ—ਤੇ ਬੱਸਾਂ ਵੀ ਪਹਿਲੋਂ ਲੰਮੇ ਸਫ਼ਰ ਦੀ ਸੁਆਰੀ ਚੁਕਦੀਆਂ ਹਨ। ਖੰਨੇ ਤੋਂ ਗੋਬਿੰਦਗੜ੍ਹ ਤਕ, ਪੰਜਾਂ ਮੀਲਾਂ ਲਈ ਥਾਂ ਮਿਲਣੀ ਕਿਹੜਾ ਸੌਖੀ ਐ। ਮਨ ਵਿਚ ਵਿਚਾਰ ਕੇ ਸਵਾਰ ਤਾਂਗੇ ਦੇ ਅਗਲੇ ਪਾਇਦਾਨ ਕੋਲ ਆ ਖਲੋਇਆ।

ਬੂਟ ਸੂਟ ਦੇਖ ਕੇ ਤਾਂਗੇ ਵਾਲਾ ਵੀ ਸਵਾਰ ਨੂੰ ਅਗਲੀ ਸੀਟ ਉਤੇ ਬੈਠਣ ਜੋਗ ਸਮਝਦਾ ਸੀ। ਅਗਲੀ ਸੀਟ ਰੁਕ ਚੁਕੀ ਸੀ। ਕੇਵਲ ਇਕੋ ਸਵਾਰ ਚਾਹੀਦਾ ਸੀ। ਖਿਮਾ ਦੇ ਜਾਚਕ ਵਾਂਗ ਤਾਂਗੇ ਵਾਲੇ ਨੇ ਸਰਦਾਰ ਨੂੰ ਪਿਛੇ ਹੀ ਬੈਠਣ ਲਈ ਆਖ ਦਿਤਾ।

ਪਿਛੇ ਇਕ ਸੀਟ ਉੱਤੇ, ਇਕ ਗੋਰੀ ਸੁਨੱਖੀ ਮੁਟਿਆਰ ਤੇ ਇਕ ਤਿੰਨ ਕੁ ਵਰ੍ਹੇ ਦਾ ਬੱਚਾ ਬੈਠੇ ਸਨ। ਬੱਚਾ ਕੇਲੇ ਦੀ ਫਲੀ ਨੂੰ ਚਘੋਲ ਚਘੋਲ ਕੇ ਖਾਂਦਾ ਸੀ। ਦੂਜੀ, ਸਾਹਮਣੀ ਸੀਟ ਉਤੇ ਇਕ ਪੰਜਾਹ ਕੁ ਵਰ੍ਹੇ ਦਾ ਢਲਿਆ ਜਿਹਾ ਆਦਮੀ ਜਿਸਦੀ ਖ਼ਿਜ਼ਾਬ ਰੰਗੀ ਦਾੜ੍ਹੀ ਹੇਠ ਧੌਲੀਆਂ ਜੜ੍ਹਾਂ ਸੱਚ ਨੂੰ ਲੁਕਿਆ ਨਾ ਸੀ ਰਹਿਣ ਦਿੰਦੀਆਂ, ਪੱਟਾਂ ਵਿਚ ਨਿੱਕਾ ਜਿਹਾ ਕਾਕਾ ਲਿਟਾਈਂ ਬੈਠਾ ਸੀ। ਵਿਚਕਾਰ ਖਾਲੀ ਥਾਂ ਵਿਚ, ਘਾਹ ਦੀ ਬੋਰੀ, ਇਕ ਟਰੰਕ, ਉਤੇ ਗਠੜੀ ਤੇ ਕੁਝ ਹੋਰ ਨਿਕ ਸੁਕ ਪਿਆ ਸੀ। ਤਾਂਗਾ ਉੱਚਾ ਪੁਰਾਣੀ ਕਿਸਮ ਦਾ ਸੀ। ਤਾਂਗੇ ਵਾਲੇ ਨੇ ਅਗੋਂ ਬਾਂਸ ਦੱਬਿਆ ਤੇ ਸਵਾਰ ਪਿਛਲੇ ਪਾਇਦਾਨ ਤੋਂ ਜ਼ਰਾ ਕੁ ਔਖਾ ਹੋ, ਤਾਂਗੇ ਵਿਚ, ਆਦਮੀ ਦੇ ਬਰਾਬਰ, ਅਗਲੀ ਸੀਟ ਦੀ ਢੋ ਨਾਲ ਹੋ ਕੇ ਬੈਠ ਗਿਆ। ਤੇ ਤਾਂਗਾ ਤੁਰ ਪਿਆ।

ਮੁਟਿਆਰ ਨੇ ਕੇਲੇ ਦੀ ਗੁਦ ਚਘੋਲਦੇ ਬੱਚੇ ਨੂੰ ਹਲਕਾ ਜਿਹਾ ਘੂਰ ਦਿਤਾ ਤੇ ਰੁਮਾਲ ਨਾਲ ਉਹਦੇ ਹੱਥ ਤੇ ਮੂੰਹ ਸਾਫ਼ ਕਰ ਦਿਤੇ।

ਦੋ ਕੁ ਫਰਲਾਂਗ ਦੀ ਤੇਜ਼ ਦੌੜ ਲਾ ਕੇ ਘੋੜੇ ਨੇ ਇਕ ਚਾਲ ਫੜ ਲਈ। ਤਾਂਗੇ ਨੂੰ ਹਿਲੋਰੇ ਪੈਂਦੇ ਸਨ। ਪਿਛੇ ਬੈਠੀਆਂ ਸੁਆਰੀਆਂ ਦੇ ਗੋਡੇ ਆਪੋ ਵਿਚ ਛੂਹਣ ਲੱਗੇ। ਤਾਂਗਾ ਇਕ ਤਾਲ ਵਿਚ ਖੜਕਣ ਲੱਗਾ। ਅਗਲੀ ਸੀਟ ਦੀਆਂ ਸੁਆਰੀਆਂ ਨੂੰ ਤਾਂਗੇ ਵਾਲੇ ਨੇ ਗੱਲੀਂ ਲਾ

ਲਿਆ ਤੇ ਪਿਛੇ ਬੈਠਾ ਖਿਜ਼ਾਬ ਰੰਗੀ ਦਾੜ੍ਹੀ ਵਾਲਾ ਆਦਮੀ ਤਾਂਗੇ ਦੇ ਮਿੱਠੇ ਮਿੱਠੇ ਝੂਟਿਆਂ ਨਾਲ ਉੱਘਣ ਲਗਾ।

ਮੁਟਿਆਰ ਨੇ ਸਾਹਮਣੇ ਬੈਠੇ ਤਿੱਖੀ ਪੱਗ ਵਾਲੇ ਬਾਂਕੇ ਤਿੱਖੇ ਗੱਭਰੂ ਨੂੰ ਮਿੱਠੀਆਂ ਅੱਖਾਂ ਨਾਲ ਜੀ ਭਰ ਕੇ ਦੇਖਿਆ। ਉਹਦੇ ਦਿਲ ਵਿਚ ਕੁਝ ਕੁਝ ਹੋਇਆ ਤੇ ਆਪਣੇ ਦਿਲ ਦੀ ਗੱਲ ਉਹਦੇ ਤੱਕ ਪੁਚਾਣ ਲਈ ਉਹਨੇ ਇਕ ਹੋਕਾ ਭਰਿਆ।

ਪਰ ਤਾਂਗੇ ਦੇ ਖੜਕੇ ਤੇ ਹਿਲੋਰਿਆਂ ਵਿਚ ਹੌਂਕੇ ਦੀ ਕੀ ਪੁੱਜਤ ? ਗੱਭਰੂ ਸ਼ੁਕੀਨ ਅਜੇ ਤਕ ਅਖ਼ਬਾਰ ਵਲ ਦੇਖੀ ਜਾਂਦਾ ਸੀ। ਪਰ, ਹਿਲੋਰਿਆਂ ਵਿਚ ਪੜ੍ਹਨ ਦਾ ਵੀ ਕੀ ਸੁਆਦ? ਅਖਬਾਰ ਉਹਨੇ ਤਹਿ ਕੀਤਾ, ਤੇ ਜਦ ਨਜ਼ਰਾਂ ਚੁਕ ਕੇ ਦੇਖਿਆ : ਮੁਟਿਆਰ ਦੀਆਂ ਅੱਖਾਂ ਉਸਦੇ ਨਾਲ ਸਹਿਜੇ ਹੀ ਕੋਈ ਗਲ ਕਰ ਗਈਆਂ।

ਗੱਭਰੂ ਦੇ ਮਨ ਵਿਚ ਖੁਸ਼ੀ ਦੀਆਂ ਕੁਤਕੁਤੀਆਂ ਹੋਣ ਲਗੀਆਂ। ਪਰ, ਇਸ ਖੁਸ਼ੀ ਵਿਚ ਅਜੇ ਤਕ ਸ਼ੱਕ ਤੇ ਡਰ ਵੀ ਸੀ। ਤੀਵੀਂ ਦੀ ਜ਼ਾਤ ਐ-ਕਿਤੇ ਚਰਿਤ੍ਰ ਈ ਨਾ ਖੇਡਦੀ ਹੋਵੇ। ਪੱਕੀ ਤਰ੍ਹਾਂ ਮੁਟਿਆਰ ਦਾ ਮਨ ਟੋਹਣ ਲਈ ਉਹਨੇ ਜਾਣਕੇ ਆਪਣਾ ਗੋਡਾ ਮੁਟਿਆਰ ਦੇ ਗੋਡੇ ਨਾਲ ਛੁਹਾ ਦਿਤਾ।

ਮੁਟਿਆਰ ਜ਼ਰਾ ਕੁ ਤ੍ਰਿਬਕੀ। ਗੱਭਰੂ ਨੇ ਫੇਰ ਗੋਡਾ ਛੁਹ ਕੇ ਆਪਣੀ ਧੱਕ ਥੋਹੜੀ ਜੇਹੀ ਹੋਰ ਕਰ ਦਿਤੀ। ਪਲ ਦੇ ਪਲ ਮੁਟਿਆਰ ਨੇ ਗਭਰੂ ਦੇ ਗੋਡੇ ਦੀ ਧੱਕ ਨੂੰ ਆਪਣੇ ਗੋਡੇ ਉਤੇ ਝੱਲ ਲਿਆ ਤੇ ਉਹ ਇਕ ਪਾਸੇ ਮੂੰਹ ਕਰਕੇ ਹਵਾ ਵਿਚ ਤੱਕਦੀ ਮੁਸਕ੍ਰਾ ਪਈ।

ਤਾਂਗੇ ਦਾ ਘੋੜਾ ਹਿਣਕਿਆਂ। ਤਾਂਗ ਵਾਲਾ ਕੁਝ ਅਮਲੀ ਤੇ ਲਟਬੌਰਾ ਜਿਹਾ ਬੰਦਾ ਸੀ; ਘੋੜੇ ਦੀ ਪਿੱਠ ਤੇ ਪਿਆਰ ਦੀਆਂ ਥਾਪੀਆਂ ਮਾਰਦਾ ਕਹਿਣ ਲੱਗਾ, "ਬੱਸ ਓ ਬੱਸ ਮੇਰਿਆ ਢੋਲਿਆ, ਬਹੁਤੀਆਂ ਲੂਹਰੀਆਂ ਨ੍ਹੀਂ ਲਈ ਦੀਆਂ... ਸਾਹਮਣਿਓਂ ਆਉਂਦਾ ਇਕ ਤਾਂਗਾ, ਜਿਸ ਅੱਗੇ ਘੋੜੀ ਜੁੜੀ ਹੋਈ ਸੀ, ਕੋਲੋਂ ਲੰਘ ਗਿਆ।

“ਕੀ ਗੱਲ ਐ ਅਮਲੀਆ, ਘੋੜਾ ਤੇਰਾ ਮੁਸ਼ਕਿਆ ਫਿਰਦੈ ?" ਅੱਗੋਂ ਕਿਸੇ ਨੇ ਮਖੌਲ ਨਾਲ ਆਖਿਆ।

ਉਹ ਵੀ ਅਗੋਂ ਫਿਰ ਤਾਂਗੇ ਵਾਲਾ ਸੀ, ਲਟਕ ਨਾਲ ਬੋਲਿਆ, "ਓ ਜੀ ਤੁਸੀਂ ਜਾਣਦੇ ਈ ਓ ਪਿਆਰਿਓ—ਹਾਣ ਨੂੰ ਹਾਣ ਪਿਆਰਾ ਹੁੰਦੈ!”

ਸਾਰੇ ਹਸ ਪਏ। ਗੱਭਰੂ ਤੇ ਮੁਟਿਆਰ ਨੂੰ ਅੱਖਾਂ ਵਿਚ ਅੱਖਾਂ ਪਾ ਕੇ ਤੱਕਣ ਤੇ ਰੱਜਕੇ ਮੁਸਕਾ ਲੈਣ ਦਾ ਏਦੋਂ ਚੰਗਾ ਮੌਕਾ ਹੋਰ ਕੀ ਹੋਣਾ ਸੀ।

ਗੱਭਰੂ ਦੇ ਮਨ ਵਿਚ ਖ਼ੁਸ਼ੀਆਂ ਸਮਾਉਂਦੀਆਂ ਨਹੀਂ ਸਨ। ਉਹਦੇ ਅੰਦਰ ਕੋਈ ਜਿੱਤ ਜਿੱਤਣ ਦਾ ਮਾਣ ਸੀ। ਹੱਥ ਲਾਇਆਂ ਮੈਲੀ ਹੁੰਦੀ, ਚੰਨਣ ਦੀ ਗੇਲੀ ਵਰਗੀ ਭਰ ਸੁੰਦਰ ਮੁਟਿਆਰ ਦਾ ਰਾਹ ਜਾਂਦਿਆਂ ਪਿਆਰ ਜਿੱਤ ਲੈਣ ਨਾਲੋਂ ਕੋਈ ਹੋਰ ਵੱਡਾ ਮਾਣ ਇਕ ਮਰਦ ਲਈ ਕੀ ਹੋ ਸਕਦਾ ਹੈ ? ਖ਼ੁਸ਼ਬੋਆਂ ਨਾਲ ਉਹਦੀ ਹਿੱਕ ਭਰੀ ਹੋਈ ਸੀ। ਉਹਨੇ ਹਲਕੀ ਜੇਹੀ ਅੰਗੜਾਈ ਲਈ ਤੇ ਆਪਣੀ ਹਿੱਕ ਵਿਚ ਉਡਦੇ ਲਪਟਾਂ ਦੇ ਬੁਲੇ ਮੁਟਿਆਰ ਵਲ ਘਲਣ ਲਈ ਵਿਚੋਂ ਮੁਟਿਆਰ ਵਲ, ਪਰ ਬਾਹਰੋਂ ਖੇਤਾਂ ਵਲ ਤੱਕਦਿਆਂ ਮੁਸਕਾ ਕੇ ਆਖਿਆ, "ਫਸਲ ਚੰਗੀ ਐ ਐਤਕੀ !"

"ਹਾਂ, ਬੜੀ ਸੁਹਣੀ।" ਨਾਲ ਬੈਠੇ ਆਦਮੀ ਨੇ ਹੁੰਗਾਰਾ ਭਰ ਦਿੱਤਾ। ਤਾਂਗਾ ਟਪ ਟਪ ਜਾ ਰਿਹਾ ਸੀ। ਸੁਰਗ ਦੇ ਝੂਟਿਆਂ ਵਰਗੇ ਝੂਟੇ ਆ ਰਹੇ ਸਨ।

ਏਨੀ ਗੱਲ ਤਾਂ ਭਲਾ ਖੁਲ੍ਹ ਚੱਕੀ, ਇਕ ਦੂਜੇ ਉਤੇ ਮਸਤ ਹੈ—ਦਿਲ ਮਿਲ ਗਏ—ਪਰ, ਹੁਣ ਇਸ ਤੋਂ ਅੱਗੇ..? ਇਸ ਤਰ੍ਹਾਂ ਮੋਹ ਪਿਆਰ ਦਾ ਵੀ ਕੀ, ਜੇ ਅਗਲੇ ਨੂੰ ਪੂਰੀ ਤਰ੍ਹਾਂ ਜਾਣਿਆ ਵੀ ਨਾ। ਇਕ ਦੂਜੇ ਬਾਰੇ ਜਾਨਣ ਲਈ, ਦੋਵੇਂ, ਇਕ ਦੂਜੇ ਵਲ ਅਰਥ-ਭਰੀਆਂ ਨਜ਼ਰਾਂ ਸੁਟਦੇ ਸਨ।

ਇਕ ਹਚਕੱਲਾਂ ਜਿਹਾ ਲੱਗਾ। ਤਾਂਗਾ ਥੋਹੜਾ ਜਿਹਾ ਦਾਬੂ ਹੋ ਕੇ ਗੈਪ ਦੀ ਨਿਵਾਣ ਵਿਚ ਲਹਿਣ ਲੱਗਾ ਸੀ। ਮੁਟਿਆਰ ਨੇ ਆਪਣੇ ਗੋਡੇ ਗੱਭਰੂ ਦੇ ਗੋਡਿਆਂ ਉਤੇ ਸੁੱਟ ਦਿਤੇ। ਨਾਲ ਦਾ ਆਦਮੀ ਵੀ ਹੁਣ ਊਂਘ ਛਡ ਕੇ ਝਾਕ ਰਿਹਾ ਸੀ। ਮੁਟਿਆਰ ਨੇ ਗੋਡੇ ਸੁਟੀ ਰਖੇ—ਲੱਗ ਇ ਜਾਂਦੈ ਇਕ ਦੂਜੇ ਨਾਲ ਹਚਕੋਲਿਆਂ ਵਿਚ। ਉਹਨੇ ਆਦਮੀ ਨੂੰ ਸਭ ਕੁਝ ਕੁਦਰਤੀ ਹੋਣਾ ਜਤਾਉਣ ਲਈ ਤਾਂਗੇ ਦੇ ਬਾਂਸ ਨੂੰ ਸਾਂਭ ਕੇ ਫੜ ਲਿਆ।

ਤਾਂਗਾ ਨਿਵਾਣ ਲਹਿ ਕੇ ਪੱਧਰ ਵੀ ਮੁਕਾ ਚੁਕਾ ਤੇ ਹੁਣ ਚੜ੍ਹਾਈ ਦੀ ਸਲਾਮੀ ਸ਼ੁਰੂ ਹੋ ਗਈ। ਚੜ੍ਹਾਈ ਚੜ੍ਹਨ ਲਗਿਆਂ ਤਾਂਗੇ ਵਾਲੇ ਨੇ ਵਾਗਾਂ ਤਣੁੱਕੀਆਂ, ਛਾਂਟਾ ਮਾਰਿਆ ਤੇ ਹੰਭਲੇ ਨਾਲ ਘੋੜਾ ਚੜ੍ਹਾਈ ਵਿਚ ਸਰਪਟ ਦੌੜਣ ਲੱਗਾ। ਸੁਆਰੀਆਂ ਦੇ ਪਾਸੇ ਫੁੱਟਣ ਲੱਗੇ। ਤਾਂਗਾ ਡਿਕੋ ਡੋਲੇ ਖਾਂਦਾ ਸੀ। ਕਿਸੇ ਦਾ ਸਿਰ ਕਿਸੇ ਨੂੰ ਵੱਜਦਾ, ਕਿਸੇ ਦੇ ਮੋਢੇ ਕਿਸੇ ਨਾਲ ਭਿੜਦੇ। ਘੋੜਾ ਧਰਤੀ ਪਟਦਾ ਜਾ ਰਿਹਾ ਸੀ। ਜਿਵੇਂ ਹੁਣੇ ਤਾਂਗੇ ਦੀ ਫੱਟੀ ਫੱਟੀ ਕਰ ਦਇਗਾ। ਹਰ ਕਿਸੇ ਨੇ ਕਿਸੇ ਨਾ ਕਿਸੇ ਥਾਂ ਹੱਥ ਪਾ ਲਿਆ। ਆਸਰੇ ਵਜੋਂ, ਪਲ ਭਰ, ਗੱਭਰੂ ਦਾ ਗੋਡਾ ਘੁਟ ਕੇ ਫੜ ਲੈਣ ਦਾ ਬਹਾਨਾ ਵੀ ਮੁਟਿਆਰ ਨੂੰ ਪੂਰਾ ਸੀ।

ਚੜ੍ਹਾਈ ਚੜ੍ਹ ਕੇ ਹੁਣ ਤਾਂਗਾ ਪੱਧਰ ਉਤੇ ਦੌੜ ਰਿਹਾ ਸੀ। ਅਚਾਨਕ ਪਹੀਏ ਹੇਠ ਇੱਟ ਆ ਗਈ।

"ਊਈ ਰੱਬਾ", ਮੁਟਿਆਰ ਨੇ ਮੁਚ ਕੇ ਪਿਆਰੇ ਜਿਹੇ ਨਖਰੇ ਨਾਲ ਨੱਕ ਸੁਕੇੜਿਆ। ਤ੍ਰੀਮਤਪਣ ਦੀ ਕੋਮਲਤਾ, ਜੋ ਮਰਦ ਦੇ ਸਾਹਮਣੇ ਸਦਾ ਲਿਫ ਜਾਣਾ ਚਾਹੁੰਦੀ ਹੈ, ਮੁਟਿਆਰ ਨੇ ਗੱਭਰੂ ਨੂੰ ਜਾਣਕੇ ਭੇਟ ਕੀਤੀ।

ਗੱਭਰੂ ਨੇ ਮੁਟਿਆਰ ਨੂੰ ਪਿਆਰ ਨਾਲ 'ਹਾਏ' ਮੈਂ ਮਰ ਜਾਂ" ਜਤਾਉਣ ਲਈ ਤਾਂਗੇ ਵਾਲੇ ਨੂੰ ਤਾੜ ਕੇ ਆਖਿਆ, "ਹੌਲੀ ਰਖ ਬਾਈ ਤਾਂਗੇ ਨੂੰ —ਨਿਆਣੇ ਬੈਠੇ ਐ ਮਗਰ !" ਨਾਲੇ ਉਹਨੂੰ ਇਹ ਵੀ ਡਰ ਸੀ, ਕਿਤੇ ਵਾਟ ਛੇਤੀ ਨਾ ਮੁਕ ਜਾਵੇ।

"ਮਖਾਂ ਜੀ...?" ਜੀ..? ਮਖਾਂ ਸੁਣਦੇ ਨੀ...", ਮੁਟਿਆਰ ਨੇ ਅਧੀਨਤਾ ਨਾਲ ਬੋਲਦਿਆਂ ਖਿਜ਼ਾਬ ਰੰਗੀ ਦਾੜ੍ਹੀ ਵਾਲੇ ਨੂੰ, ਜੋ ਫੇਰ ਊਂਘਣ ਲੱਗਾ ਸੀ, ਗੋਡੇ ਤੋਂ ਝੂਣਿਆ। ਮਰਦ ਨੇ ਉਹਦੇ ਵਲ ਧਿਆਨ ਕੀਤਾ। ਉਹ ਬੋਲੀ, ' ਸੰਗਤਰਾ ਭੁਲ ਗਏ ਲੈਣਾ ਕੋਈ ਆਪਾਂ ਖੰਿਨਓ !"

"ਮੰਡੀ ਜਾ ਕੇ ਲੈ ਲਾਂਗੇ," ਮੁਟਿਆਰ ਉਤੇ ਮਾਲਕੀ ਦੀ ਤਸੱਲੀ ਵਿਚ ਬੇਪ੍ਰਵਾਹੀ ਨਾਲ ਕਹਿ ਕੇ ਮਰਦ ਫੇਰ ਬੇਧਿਆਨ ਹੋਣ ਲਗਾ। ਮੁਟਿਆਰ ਦਾ ਮਤਲਬ ਹਲ ਸੀ, ਉਹਨੇ ਤਾਂ ਗੱਭਰੂ ਨੂੰ ਉਸ ਮਰਦ ਨਾਲ ਆਪਣਾ ਰਿਸ਼ਤਾ ਦੱਸਣਾ ਸੀ।

ਗੱਭਰੂ ਨੇ ਉਸ ਬਾਰੇ ਆਪਣੇ ਮਨ ਵਿਚ ਫ਼ਿਕਰ ਤੇ ਹਮਦਰਦੀ ਪ੍ਰਗਟ ਕਰਦਿਆਂ ਉਦਾਸੀ ਦੇ ਬੁਲ੍ਹ ਸੁਕੇੜੇ। ਮੱਥੇ ਵਿਚ ਵਲ ਪਾਏ ਤੇ ਅੱਖਾਂ ਨੂੰ ਅਜੀਬ ਤਰ੍ਹਾਂ ਮੀਚ ਕੇ ਚਿਹਰੇ ਨੂੰ ਗੰਭੀਰ ਬਣਾ ਲਿਆ। ਜਿਸ ਨੂੰ ਆਪਣਾ ਬਣਾ ਲਈਏ ਉਹਦਾ ਦੁਖ ਵੀ ਆਪਣਾ ਹੁੰਦਾ ਹੈ। ਇਹ ਬੇ-ਤਰਸ ਦੁਨੀਆਂ...ਊਂਟ ਦੇ ਗਲ ਟੱਲੀ। ਉਹਦਾ ਜੀ ਕੀਤਾ : ਕਿਵੇਂ ਉਹ ਬੋਲ ਕੇ ਹੱਕਾ ਲੈਂਦਿਆ ਮੁਟਿਆਰ ਨੂੰ ਕਹਿ ਸਕੇ "ਜੋੜੀਆਂ ਜੱਗ ਥੋੜੀਆਂ...!" ਪਰ, ਬੋਲਣਾ ਕਿੰਨਾ ਔਖਾ ਸੀ। ਉਹਨੇ ਸੱਜਣਾਂ ਦਾ ਦਰਦ ਵੰਡਾਂਦਿਆਂ ਛਾਤੀ ਉਤੇ ਹੱਥ ਰਖ ਕੇ ਸਿਰਫ ਇਕ ਲੰਮਾ ਹੋਕਾ ਲਿਆ।

ਤਾਂਗਾ ਇਕ ਚਾਲ ਵਿਚ ਖੜਕਦਾ, ਵਾਟ ਨੂੰ ਵੱਡਦਾ ਜਾਂਦਾ ਸੀ। ਕਿੰਨਾ ਸੁਹਣਾ ਰਾਹ ਤੇ ਰਾਹ ਮੁਕਦਾ ਜਾਂਦਾ ਸੀ।

ਮੁਟਿਆਰ ਦੀਆਂ ਸੇਲ੍ਹੀਆਂ ਵਿਚਕਾਰ ਤਿਉੜੀਆਂ ਖਿੱਚੀਆਂ ਗਈਆਂ ਸਨ। ਉਹ ਦੂਰ, ਹਵਾ ਵਿਚ ਘੂਰਦਿਆਂ ਸੋਚਣ ਲਗੀ : 'ਚੰਦਰੇ, ਨਿਰਦਈ ਮਾਪੇ। ਮੇਰੀ ਜਿੰਦ ਤਾਂ ਨਾ ਦੇਖੀ, ਭੌਂ ਦੇਖੀ, ਆਪਣਾ ਦੋ ਹਜ਼ਾਰ ਦੇਖਿਆ-ਚੰਦਰੇ, ਨਿਰਦਈ...!' ਤੇ ਤਿਉੜੀਆਂ ਹੋਰ

ਸੰਘਣੀਆਂ ਹੋ ਗਈਆਂ। ਗੋਰੇ, ਸੁੰਦਰ ਮੁਖੜੇ ਉਤੇ ਭਿਆਨਕ ਯਾਦਾਂ ਨੇ ਗਿਰਝਾਂ ਵਾਂਗ ਖੰਭ ਖਿਲਾਰ ਲਏ। ਉਹ ਦੂਰ ਹਵਾ ਵਿਚ ਤੱਕਦੀ ਸੀ—ਪਰ ਤੱਕਦੀ ਕੁਝ ਵੀ ਨਾ ਸੀ—ਜਿਵੇਂ ਉਹਦੇ ਲਈ ਸਾਰੀ ਦੁਨੀਆਂ ਉਜੜੀ ਹੋਈ ਸੀ।

ਹੌਲੀ ਹੌਲੀ ਕੁਝ ਤਿਉੜੀਆਂ ਉਹਦੇ ਮੱਥੇ ਵਿਚੋਂ ਘਟ ਗਈਆਂ। ਮਾਪੇ ਵੀ ਕੀ ਕਰਦੇ..' ਉਹਦੀਆਂ ਨਜ਼ਰਾਂ ਵੀ ਦੂਰੋਂ ਕੁਝ ਨੇੜੇ ਹੋ ਗਈਆਂ। 'ਪੈਸੇ ਨਾ ਲੈਂਦੇ, ਜ਼ਮੀਨ ਕਿਵੇਂ ਛੁਟਦੀ।' ਨਿਰਾ ਗ਼ਰੀਬ ਮਾਪਿਆਂ ਦਾ ਵੀ ਦੋਸ਼ ਨਾ ਜਾਣਕੇ ਤਕਦੀਰ ਦੀ ਲਿਖੀ ਨੂੰ ਕੋਸਣ ਲਈ ਉਹਨੇ ਹੌਕਾ ਲਿਆ। ਤਿਉੜੀਆਂ ਉਹਦੇ ਮੱਥੇ ਵਿਚੋਂ ਮਿਟ ਗਈਆਂ।

ਤੇ ਗੱਭਰੂ ਖਿਆਲਾਂ ਵਿਚ ਗੁਆਚਿਆ ਮਿਸ ਰਾਣੋ ਦੇ ਵਾਧੂ ਨਖ਼ਰਿਆਂ ਤੋਂ ਅੱਕ ਰਿਹਾ ਸੀ। ਮਿਸ ਰਾਣੋ, ਜੋ ਮੋਨਪੁਰੀਏ ਸਰਦਾਰਾਂ ਦੀ ਬਦ-ਮਿਜ਼ਾਜ਼ ਕੁੜੀ ਉਹਦੇ ਕਾਲਜ ਵਿਚ ਪੜ੍ਹਦੀ ਹਰ ਸਾਲ ਫੇਲ੍ਹ ਹੁੰਦੀ. ਮਸੀਂ ਤੀਜੇ ਵਰ੍ਹੇ ਨੂੰ ਅਪੜੀ ਸੀ। ਜੋ ਏਨੀ ਸੁਹਣੀ ਨਹੀਂ, ਜਿੰਨਾਂ ਰੂਪ ਦਾ ਮਾਣ ਕਰਦੀ ਸੀ। ਦੁਨੀਆਂ ਜਹਾਨ ਦੇ ਮੁੰਡੇ ਜਿਸਦੇ ਨੱਕ ਹੇਠ ਨਹੀਂ ਆਉਂਦੇ। ਜਿਸ ਤੋਂ ਹਰ ਵੇਲੇ "ਪਿਆਰ, ਪਿਆਰ" ਸੁਣਦਿਆਂ ਵੀ ਯਕੀਨ ਨਹੀਂ ਆ ਸਕਦਾ ਕਿ ਉਹਨੂੰ ਕਿਸੇ ਨਾਲ ਪਿਆਰ ਹੋ ਵੀ ਸਕਦਾ ਹੈ। ਨਿਰੀ ਫਿਲਮੀ ਜੇਹੀ। ਰਣਵਿੰਦਰ ਤੋਂ ਨਾਂ ਵਿਗਾੜ ਕੇ 'ਰਾਣੋ' ਰੱਖ ਲਿਆ। ਮਿਸ ਨਿੱਮੀ—ਮਿਸ ਸੁਰੱਈਆ—ਤੇ ਮਿਸ ਰਾਣੋ.....ਛੀ। ਤੇ ਫਿਲਮੀ ਕੁੜੀਆਂ ਵਾਂਗ ਕੂਕ ਕੂਕ ਕੇ ਗੱਲਾਂ ਕਰਨੀਆਂ। ਕਿਥੇ ਇਹ ਗੰਨੇ ਦੀ ਪੋਰੀ ਵਰਗੀ ਮਿੱਠੀ, ਸਾਦ ਮੁਰਾਦੀ ਜੱਟੀ-ਕੱਚਾ ਦੁੱਧ। ਕਿਥੇ ਉਹ ਫ਼ਜ਼ੂਲ ਬਕ ਬਕ,ਸੜੀਅਲ ਤੇ ਨਿਰੀ ਬੁਝਾਰਤ। ਰਾਣੋ ਦੀਆਂ ਯਾਦਾਂ ਤੋਂ ਉਹਦਾ ਮਨ ਅੱਕ ਰਿਹਾ ਸੀ—ਵਾਧੂ ਨਖ਼ਰੇ ਤੇ ਹੋਛੀਆਂ ਗੱਲਾਂ—ਇਕ ਫ਼ਜ਼ੂਲ ਕਿੜ ਕਿੜ...।

ਪਹੀਏ ਦੇ ਗਜ਼ਾਂ ਵਿਚ ਕਿੜ ਕਿੜ ਕਰਦੀ ਪਰੈਣੀ ਦੀ ਚੁਭਵੀਂ ਵਾਜ ਨੇ ਗੱਤਰ ਨੂੰ ਟੁੰਬ ਦਿਤਾ। ਉਹਨੇ ਅੱਭੜ ਕੇ ਦੇਖਿਆ : ਤਾਂਗਾ ਅਲਾਉੜ ਪਿੰਡ ਨੂੰ ਛੱਡ ਕੇ ਪੀਰਾਂ ਦੀ ਖਾਨਗਾਹ ਬਰਾਬਰ ਜਾ ਰਿਹਾ ਸੀ।

"ਮੈਂ ਕਿਹਾ, ਕਾਕਾ ਸੌਂ ਗਿਆ, ਫੜ ਤਾਂ..." ਉਹਦੇ ਆਦਮੀ ਨੇ ਮੁਟਿਆਰ ਨੂੰ ਆਖਿਆ।

"ਉਆ, ਥੱਕ ਵੀ ਗਏ ਐਨੇ 'ਚ..?" ਮੁਟਿਆਰ ਨੇ ਮਰਦ ਤੋਂ ਬੱਚਾ ਫੜਦਿਆਂ ਨਹੋਰੇ ਨਾਲ ਇਓਂ ਤੱਕਿਆ ਜਿਵੇਂ ਪਤੀ ਪਤਨੀ ਇਕ ਜਾਨ ਹੋਣ। ਜਿਦੇ ਨਾਲ ਵਕਤ-ਕਟਣਾ...

ਦੂਜੇ ਬੱਚੇ ਨੂੰ ਮੁਟਿਆਰ ਨੇ ਚੇਤੰਨ ਕਰਕੇ ਬਿਠਾ ਦਿਤਾ, ਜੋ ਉਹਦੇ ਪੱਟ ਨਾਲ ਲੱਗ ਕੇ ਸੌਂ ਗਿਆ ਸੀ। ਤੇ ਨਿੱਕੇ ਕਾਕੇ ਨੂੰ ਉਹ ਬੁਲ੍ਹਾਂ ਤੋਂ ਛੇੜ ਕੇ ਜਗਾਉਣ ਤੇ ਲੋਰੀਆਂ ਦੇਣ ਲੱਗੀ। ਆਪਣੇ ਆਦਮੀ ਤੋਂ ਅੱਖਾਂ ਬਚਾ ਕੇ, ਗੱਭਰੂ ਵਲ ਤੱਕਦਿਆਂ, ਪਿਆਰ ਨਾਲ ਕਈ ਵਾਰ ਉਹਨੇ ਬੱਚੇ ਦਾ ਮੂੰਹ ਚੁੰਮਿਆ।

"ਜਾਣਾ ਕਿਥੇ ਐ ਜੀ ਤੁਸੀਂ-ਮੰਡੀ ਓ ?" ਗੱਭਰੂ ਨੇ ਜਾਣੋ ਮਰਦ ਵਲ ਰੁਖ ਕਰਕੇ ਵਿਚੋਂ ਮੁਟਿਆਰ ਨੂੰ ਪੁਛਿਆ।

"ਮੰਡੀ ਓ ਉਤਰਾਂਗੇ," ਮਰਦ ਨੇ ਸੰਖੇਪ ਉੱਤਰ ਦਿਤਾ। ਬਹੁਤੀਆਂ ਵਾਕਫ਼ੀਆਂ ਦੀ ਉਹਨੂੰ ਕੀ ਲੋੜ ਸੀ ?

ਪਰ ਮੁਟਿਆਰ ਨੇ ਝਟ ਉਤੋਂ ਆਖਿਆ: "ਗਾਹਾਂ ਪਿੰਡ ਜਾਮਾਂਗੇ ਬੀਰ—ਲੁਹਾਰ ਮਾਜਰੇ।" ਪਤਲੋ ਨੇ ਤਾਂ ਬਾਂਕੇ ਨੂੰ ਆਪਣਾ ਪਿੰਡ ਦੱਸਣਾ ਸੀ। "ਦੋ ਇ ਕੋਹ ਵਾਟ ਐ ਮੰਡੀਓ...।" ਵਾਟ ਵੀ ਉਹਨੇ ਅਧ ਕੋਹ ਘਟਾ ਕੇ ਹੀ ਦੱਸੀ।

"ਤਾਂ ਤੇ ਸਾਡੇ ਈ ਗੁਆਂਢੀ ਓ !" ਗੱਭਰੂ ਆਪਣਾ ਪਤਾ ਦੱਸਣ ਦਾ ਜਤਨ ਕਿਵੇਂ ਨਾ ਕਰਦਾ ?

ਮਰਦ ਨੇ ਕੰਨ ਚੁਕੇ, "ਕਿਹੜਾ ਪਿੰਡ ਐ ਆਪਣਾ ?"

ਗੱਭਰੂ ਨੂੰ ਹੋਰ ਕੀ ਚਾਹੀਦਾ ਸੀ ? ਝਟ ਆਖਿਆ : "ਦਮਹੇੜੀ"

ਮੁਟਿਆਰ ਤੇ ਗੱਭਰੂ ਉਹਲਾ ਬਚਾ ਕੇ ਅੱਖਾਂ ਹੀ ਅੱਖਾਂ ਵਿਚ ਭੇਤ ਭਰਿਆ-ਮੁਸਕਾਏ—ਬੰਨੇ ਨਾਲ ਬੰਨਾ...!

ਮੁਟਿਆਰ ਸੋਚਦੀ ਸੀ : ਜੇ ਸੰਜੋਗ ਸਿਧੇ ਹੁੰਦੇ ਗੱਭਰੂ ਸੋਚਦਾ ਸੀ : ਜੇ ਕਿਤੈ ਇਹ ਕੁਆਰੀ ਹੁੰਦੀ...ਹੁਣ ਦੋ ਬੱਚਿਆਂ ਦੀ ਮਾਂ। ਦੋਵੇਂ ਦਿਲ ਹੋਣੀ ਤੇ ਕੁਦਰਤ ਨੂੰ ਕੋਸਦੇ ਸਨ—ਜੋੜੀਆਂ ਜੱਗ ਥੋੜੀਆਂ....!

ਤਾਂਗਾ ਨਸਰਾਲੀ ਦੇ ਬਰਾਬਰ ਆ ਗਿਆ। ਨਸਰਾਲੀ ਤੇ ਮੰਡੀ ਵਿਚ ਫ਼ਰਕ ਹੀ ਕੀ? ਤਿੰਨ ਫਰਲਾਂਗ ਮਸਾਂ। ਕੁਝ ਖ਼ੁਸ਼ੀ, ਕੁਝ ਗਮੀ, ਕੁਝ ਕਾਹਲੀ, ਕੁਝ ਘਬਰਾਹਟ—ਦੋ ਹਿੱਕਾਂ ਵਿਚ ਡੋਬ ਪੈਂਦੇ ਸਨ—ਦੋ ਦਿਲ ਧੱਕ ਧੱਕ ਕਰਨ ਲੱਗੇ। ਅੱਡੇ ਦਾ ਨਜ਼ਦੀਕ ਹੋਣ ਕਰਕੇ ਤਾਂਗੇ ਵਾਲੇ ਨੇ ਘੋੜੇ ਨੂੰ ਛੇੜ ਦਿਤਾ। ਘੋੜਾ ਚਮਕ ਕੇ ਛਾਲੀਂ ਪੈ ਗਿਆ। ਘੁੰਗਰਾਲਾਂ ਸ਼ੋਰ ਪਾਉਣ ਲੱਗੀਆਂ। ਫੱਟਿਆਂ ਢੋਆਂ ਨਾਲ ਸੁਆਰੀਆਂ ਦੇ ਪਾਸੇ ਫੁਟਣ ਲੱਗੇ। ਇਕ ਦੂਜੇ

ਨਾਲ ਸਿਰ ਤੇ ਮੋਢੇ ਖਹਿਣ ਲੱਗੇ। ਗੱਭਰੂ ਤੇ ਮੁਟਿਆਰ ਦੇ ਗੋਡੇ ਇਕ ਦੂਜੇ ਨਾਲ ਭਿੜ ਗਏ। ਤੇ ਗੋਡੇ ਇਕ ਦੂਜੇ ਨੂੰ ਜ਼ੋਰ ਨਾਲ ਧੱਕ ਕੇ ਦਿਲਾਂ ਦਾ ਸੁਨੇਹਾ ਦਿਲਾਂ ਤਕ ਪੁਚਾਉਣ ਲੱਗੇ। ਓੜਕ ਜ਼ੋਰ ਕਿਥੋਂ ਕੁ ਤੱਕ ? ਦੋਹਾਂ ਦਿਲਾਂ ਵਿਚ ਕੁਝ ਅਧੂਰੇ, ਅਣਪੁਗੇ ਹੋਣ ਦੀ ਬੇਕਰਾਰੀ ਸੀ। ਜੇ ਕੁਝ ਹੋਰ ਅਗੇ...ਪਿਆਰ ਦੀਆਂ ਪੱਕੀਆਂ ਗੰਢਾਂ...

ਮੁਟਿਆਰ ਨੇ ਆਪਣੇ ਹੱਥ ਵਿਚ ਪਈ ਨੀਲੇ ਮੋਤੀਆਂ ਜੜੀ ਚਮਕਦੀ ਮੁੰਦਰੀ ਵਲ ਤੱਕਿਆ ਤੇ ਗੱਭਰੂ ਨੇ ਆਪਣੇ ਹੱਥ ਵਿਚਲੇ ਲੋਹੇ ਦੇ ਚਮਕਦੇ ਕੜੇ ਵਲ।

ਤਾਂਗਾ ਹਨੇਰੀ ਵਾਂਗ ਭੱਜਿਆ ਜਾ ਰਿਹਾ ਸੀ।

ਤਾਂਗੇ ਵਾਲੇ ਨੇ ਉਲਾਰ ਹੋਣ ਤੋਂ ਸੁਆਰੀਆਂ ਨੂੰ ਜ਼ਰਾ ਕੁ ਭਾਰ ਅੱਗੇ ਨੂੰ ਦੇਣ ਲਈ ਆਖਿਆ। ਅਗਲੀਆਂ ਸੁਆਰੀਆਂ ਢੋ ਛੱਡ ਕੇ ਥੋੜਾ ਅੱਗੇ ਨੂੰ ਹੋ ਗਈਆਂ। ਮੁਟਿਆਰ ਨੇ, ਹਿਲੋਰਿਆ ਕਰਕੇ ਅਗਲੀ ਸੀਟ ਦੀ ਢੋ ਫੜਨ ਦੇ ਬਹਾਨੇ ਹੱਥ ਓਹਲੇ ਕਰ ਲਿਆ। ਇਸ ਤਰ੍ਹਾਂ ਗੱਭਰੂ ਦਾ ਹੱਥ ਢੋ ਓਹਲੇ ਚਲਾ ਗਿਆ। ਮੁਟਿਆਰ ਦਾ ਮਾਲਕ ਜੇਬ 'ਚੋਂ ਡੱਬੀ ਕੱਢ ਕੇ ਛੇਤੀ ਛੇਤੀ ਨਸਵਾਰ ਸੁੰਘਣ ਵਿਚ ਰੁਝਾ ਹੋਇਆ ਸੀ। ਇਸ ਦੁਨੀਆਂ ਵਿਚ ਗ਼ਰਜ਼ਾਂ, ਮਜ਼ਬੂਰੀਆਂ, ਦੇ ਅਧੀਨ ਬਿਨਾਂ ਸੋਚੇ ਵਿਚਾਰੇ ਪਏ “ਗਲ-ਨਰੜ” ਹੁੰਦੇ ਰਹਿਣ, ਪਰ ਦਿਲਾਂ ਦੀ ਸੂਖਮ ਦੁਨੀਆਂ ਵਿਚ "ਜੋੜੀਆਂ" ਦੇ ਸੰਜੋਗ ਵੀ ਹੁੰਦੇ ਰਹਿੰਦੇ ਹਨ। ਸੱਚਾ ਸੰਜੋਗ ਹੋਰ ਹੁੰਦਾ ਹੀ ਕੀ ਹੈ ?

ਜ਼ੋਰ ਨਾਲ ਵਾਗਾਂ ਸਹਾਰ ਕੇ ਤਾਂਗੇ ਵਾਲੇ ਨੇ ਹੌਲੀ ਹੌਲੀ ਘੋੜੇ ਨੂੰ ਅੱਡੇ ਵਿਚ ਰੋਕ ਲਿਆ। ਸੁਆਰੀਆਂ ਉਤਰਨ ਲਗੀਆਂ। ਮੰਜ਼ਲ ਆ ਗਈ। ਏਨੀ ਹੀ ਸਾਂਝ ਹੁੰਦੀ ਹੈ ਮੁਸਾਫ਼ਰਾਂ ਦੀ।

ਸਭ ਆਪੋ ਆਪਣੇ ਰਾਹ ਪੈ ਗਏ। ਗੱਭਰੂ ਦੀ ਚੀਚੀ ਉਤੇ ਮੰਦਰੀ ਤੇ ਮੁਟਿਆਰ ਦੀ ਕਲਾਈ ਉਤੇ ਕੜਾ ਚਲਾ ਗਿਆ ਸੀ।

*****

## ਕੋਈ ਇਕ ਸਵਾਰ

ਸੂਰਜ ਦੀ ਟਿੱਕੀ ਨਾਲ ਤਾਂਗਾ ਜੋੜ ਕੇ ਅੱਡੇ ਵਿਚ ਲਾਉਂਦਿਆਂ ਬਾਰੂ ਤਾਂਗੇ ਵਾਲੇ ਨੇ ਹੋਕਾ ਦਿਤਾ, "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ...!"

ਸਿਆਲ ਵਿਚ ਏਨੇ ਸਾਝਰੇ ਸਬੱਬ ਨਾਲ ਭਾਵੇਂ ਕੋਈ ਸਵਾਰ ਆ ਜਾਵੇ, ਨਹੀਂ ਤਾਂ ਰੋਟੀ ਟੁਕ ਖਾ ਕੇ ਧੁੱਪ ਚੜ੍ਹੇ ਹੀ ਘਰੋਂ ਬਾਹਰ ਨਿਕਲਦੇ ਬੰਦਾ। ਪਰ ਬਾਰੂ ਇਸ "ਸਬੱਬ ਤੋਂ ਵੀ ਕਿਉਂ ਖੁੰਝੇ ? ਪਾਲੇ ਵਿਚ ਠਰਦਿਆਂ ਵੀ ਉਹ ਸਭ ਤੋਂ ਪਹਿਲਾਂ ਆਪਣਾ ਤਾਂਗਾ ਅੱਡੇ ਵਿਚ ਲਾਉਣ ਦੀ ਸੋਚਦਾ।

ਬਾਰੂ ਨੇ ਬਜ਼ਾਰ ਵਲ ਮੂੰਹ ਕਰਕੇ ਏਕਣ ਜ਼ੋਰ ਨਾਲ ਹੋਕਾ ਮਾਰਿਆ, ਜਿਵੇਂ ਉਹਨੂੰ ਕੁਲ ਇਕੋ ਸਵਾਰ ਚਾਹੀਦਾ ਹੈ। ਪਰ ਬਜ਼ਾਰ ਵਲੋਂ ਇਕ ਵੀ ਸਵਾਰ ਨਾ ਆਇਆ। ਫੇਰ ਉਹਨੇ ਪਿੰਡਾਂ ਤੋਂ ਆਉਂਦੀਆਂ ਵਖੋ ਵਖ ਡੰਡੀਆਂ ਵਲ ਅੱਖਾਂ ਚੁਕ ਕੇ ਆਸ ਨਾਲ ਤੱਕਦਿਆਂ ਹੋਕੇ ਲਾਏ। ਪਤਾ ਨਹੀਂ ਕਦੇ ਕਦੇ ਸਵਾਰੀਆਂ ਨੂੰ ਕੀ ਸੱਪ ਸੁੰਘ ਜਾਂਦਾ ਹੈ। ਬਾਰੂ ਸੜਕ ਦੇ ਇਕ ਪਾਸੇ ਫੜੀ ਵਾਲੇ ਕੋਲ ਬੈਠ ਕੇ ਬੀੜੀ ਪੀਣ ਲੱਗਾ।

ਬਾਰੂ ਦਾ ਚੁਸਤ ਘੋੜਾ ਨਿਚਲਾ ਹੋ ਕੇ ਖਲੋ ਨਹੀਂ ਸੀ ਸਕਦਾ। ਦੋ ਤਿੰਨ ਵਾਰ ਘੋੜੇ ਨੇ ਨਾਸਾਂ ਫੁਲਾ ਕੇ ਫਰਾਟੇ ਮਾਰੇ, ਪੂੰਛ ਹਿਲਾਈ ਤੇ ਫੇਰ ਆਪੇ ਦੋ ਤਿੰਨ ਕਦਮ ਤੁਰ ਪਿਆ। "ਬਸ ਓ ਬਸ ਪੁੱਤਰਾ ! ਕਾਹਲਾ ਕਿਉਂ ਪੈਨੈਂ—ਚਲਦੇ ਆਂ-ਆ ਲੈਣ ਦੇ ਕਿਸੇ ਅੱਖਾਂ ਦੇ ਅੰਨ੍ਹੇ ਤੇ ਗੱਠ ਦੇ ਪੂਰੇ ਨੂੰ।" ਮੌਜ ਨਾਲ ਹਸਦਿਆਂ ਬਾਰੂ ਨੇ ਨੱਠ ਕੇ ਘੋੜੇ ਦੀਆਂ ਵਾਗਾਂ ਫੜੀਆਂ ਤੇ ਉਹਨਾਂ ਨੂੰ ਕਸ ਕੇ ਤਾਂਗੇ ਦੇ ਬੰਬ ਨਾਲ ਬੰਨ੍ਹ ਦਿਤਾ।

ਸਟੇਸ਼ਨ ਉੱਤੇ ਗੱਡੀ ਨੇ ਕੂਕ ਮਾਰੀ। ਰੇਲ ਦੀ ਕੂਕ ਬਾਰੂ ਦੇ ਦਿਲ ਵਿਚ ਖੁਭ ਗਈ। ਉਹਨੇ ਰੇਲ ਨੂੰ ਮਾਂ ਦੀ ਗਾਲ੍ਹ ਕਢੀ, ਤੇ ਨਾਲੇ ਰੇਲ ਬਨਾਉਣ ਵਾਲੇ ਨੂੰ। ਪਹਿਲੋਂ ਜਨਤਾ ਲੰਘੀ ਸੀ, ਹੁਣ ਡੱਬਾ। ਸਾਲੀਆਂ ਘੰਟੇ ਘੰਟੇ ਮਗਰੋਂ ਗੱਡੀਆਂ ਚੱਲਣ ਲਗ ਪਈਆਂ !' ਤੇ ਫੇਰ ਬਾਰੂ ਨੇ ਜ਼ੋਰ ਨਾਲ ਸੁਆਰ ਲਈ ਹੋਕਾ ਮਾਰਿਆ।

ਇਕ ਬੀੜੀ ਉਹਨੇ ਹੋਰ ਸੁਲ੍ਹਗਾਈ ਤੇ ਏਨਾ ਲੰਮਾ ਸੂਟਾ ਖਿਚਿਆ ਕਿ ਅੱਧੀ ਬੀੜੀ ਫੂਕ ਦਿਤੀ। ਬਾਰੂ ਨੇ ਧੂੰਏਂ ਦੇ ਫਰਾਟੇ ਛਡਦਿਆਂ ਬੀੜੀ ਨੂੰ ਗਾਲ੍ਹ ਕੱਢ ਕੇ ਸੁਟ ਦਿਤਾ। ਮਿਰਚਾਂ ਵਾਂਗ ਧੂੰਆਂ ਉਹਦੇ ਮੂੰਹ ਵਿਚ ਲੜਨ ਲਗਾ ਸੀ।

ਘੋੜੇ ਤੋਂ ਟਿਕ ਨਹੀਂ ਸੀ ਹੁੰਦਾ। ਉਹਨੇ ਇਕ ਦੋ ਵਾਰ ਪੌੜ ਚੁਕ ਚੁਕ ਧਰਤੀ ਉਤੇ ਮਾਰੇ। ਮੂੰਹ ਵਿਚ ਲੋਹੇ ਦੀ ਲਗਾਮ ਚੱਬ ਚੱਬ ਬੂਥੀ ਘੁਮਾਈ। ਗੱਡੀ ਦੀਆਂ ਚੂਲਾਂ ਜੜਕੀਆਂ, ਸਾਜ਼ ਯਰਕਿਆ, ਖੰਭਾਂ ਦੀ ਰੰਗ ਬਰੰਗੀ ਕਲਗੀ ਹਵਾ ਵਿਚ ਫਰ੍ਹਕੀ ਤੇ ਗਲ ਨਾਲ ਲਟਕਦੇ ਰੇਸ਼ਮੀ ਰੁਮਾਲ ਹਿੱਲਣ ਲੱਗੇ। ਬਾਰੂ ਨੂੰ ਆਪਣੇ ਘੋੜੇ ਦੀ ਚੁਸਤੀ ਉਤੇ ਮਾਣ ਹੋਇਆ। ਉਹਨੇ ਬੁਲ੍ਹਾਂ ਨਾਲ ਪੁਚਕਾਰ ਕੇ ਆਖਿਆ, "ਬੱਸ ਓ ਵੈਲੀਆ, ਕਰਦੇ ਆਂ ਹੁਣੇ ਹਵਾ ਨਾਲ ਗੱਲਾਂ...!

“ਘੋੜਾ ਤੇਰਾ ਚਤੰਨ ਬੜੈ ਬਾਰੂ-ਟਪੂੰ ਟਪੂੰ ਕਰਦਾ ਰਹਿੰਦੈ।" ਫੜੀ ਵਾਲੇ ਨੇ ਆਖਿਆ।

"ਕੀ ਅੰਤ ਐ !" ਬਾਰੂ ਮਾਣ ਵਿਚ ਹੁਬ ਕੇ ਬੋਲਿਆ। "ਲਬਾਸ ਤਾਂ ਦੇਖ ਤੂੰ-ਪਿੰਡੇ ਉਤੇ ਮੱਖੀ ਤਿਲਕਦੀ ਐ-ਪੁੱਤਾਂ ਆਂਗਣ ਸੇਵਾ ਕਰੀਦੀ ਐ ਨਥਿਆ !”

"ਪਸ਼ੂ ਬਚਦਾ ਵੀ ਤਾਹੀਂ ਐ,” ਨੱਥੂ ਨੇ ਯਕੀਨ ਨਾਲ ਕਿਹਾ।

ਦਿਨ ਚੰਗਾ ਚੜ੍ਹ ਆਇਆ, ਪਰ ਖੰਨੇ ਜਾਣ ਵਾਲਾ ਇਕ ਸਵਾਰ ਵੀ ਅਜੇ ਤਕ ਨਾ ਸੀ ਆਇਆ। ਹੋਰ ਵੀ ਤਿੰਨ ਚਾਰ ਤਾਂਗੇ ਅੱਡੇ ਵਿਚ ਆ ਖੜੇ ਸਨ ਤੇ ਕੁੰਦਨ ਵੀ ਸੜਕ ਦੇ ਦੂਜੇ ਪਾਸੇ ਖੰਨੇ ਦੇ ਹੀ ਰੁਖ ਤਾਂਗਾ ਖਲਾਰ ਕੇ ਸਵਾਰੀਆਂ ਲਈ ਹੋਕੇ ਦੇਣ ਲਗ ਪਿਆ ਸੀ।

ਹੱਥ ਵਿਚ ਝੋਲਾ ਫੜੀ ਇਕ ਸ਼ੁਕੀਨ ਜਿਹਾ ਬਾਬੂ ਬਾਜ਼ਾਰ ਵਲੋਂ ਆਉਂਦਾ ਦਿਸਿਆ। ਬਾਰੂ ਉਹਦੀ ਚਾਲ ਪਛਾਨਣ ਲੱਗਾ। ਬਾਬੂ ਅੱਡੇ ਦੇ ਹੋਰ ਨੇੜੇ ਆ ਗਿਆ; ਪਰ ਅਜੇ ਤਕ ਉਹਦੇ ਪੈਰਾਂ ਨੇ ਕਿਸੇ ਪਾਸੇ ਦਾ ਰੁਖ ਨਾ ਸੀ ਕੀਤਾ।

"ਚੱਲ ਇਕ ਸਵਾਰ ਸਰ੍ਹੰਦ ਦਾ.... ਕੋਈ ਮਲੋਹ ਜਾਂਦਾ ਬਈ ਓ... !” ਵਾਜਾਂ ਉੱਚੀਆਂ ਹੋਣ ਲਗੀਆਂ; ਪਰ ਸਵਾਰ ਦੀ ਮਰਜ਼ੀ ਦਾ ਪਤਾ ਨਾ ਲਗਿਆ। ਬਾਰੂ ਨੇ ਖੰਨੇ ਦਾ ਹੋਕਾ ਲਾਇਆ। ਸਵਾਰ ਨੇ ਸਿਰ ਨਾ ਚੁਕਿਆ। ‘ਕਾਹਨੂੰ ਬੋਲਦੇ ਨੇ ਮੂੰਹੋਂ ਛੇਤੀ ਜੈਂਟਰਮੈਨ ਆਦਮੀ ਬਾਰੂ ਨੇ ਮਨ ਵਿਚ ਨਿੰਦਿਆ ਤੇ ਬਾਬੂ ਖੰਨੇ ਦੇ ਰੁਖ ਖ਼ੜੇ ਤਾਂਗੇ ਕੋਲ ਆ ਖਲੋਇਆ। "ਹੋਰ ਹੈ ਬਈ ਕੋਈ ਸਵਾਰੀ...?” ਉਹਨੇ ਮਸੀਂ ਬੋਲ ਕੇ ਪੁਛਿਆ।

ਬਾਰੂ ਨੇ ਅਦਬ ਨਾਲ ਝੋਲਾ ਫੜਨਾ ਚਾਹੁੰਦਿਆਂ ਆਖਿਆ, "ਤੁਸੀਂ ਬੈਠੋ ਬਾਬੂ ਜੀ ਮੂਹਰੇ—ਹੁਣੇ ਹੱਕ ਦਿੰਨੇ ਆਂ ਬਸ—ਇਕ ਸਵਾਰ ਲੈ ਲਈਏ।"

ਪਰ ਬਾਬੂ ਨੇ ਝੋਲਾ ਨਾ ਫੜਾਇਆ ਤੇ ਹਵਾ ਵਿਚ ਤਕਦਾ ਚੁਪ ਚਾਪ ਖੜ੍ਹਾ ਰਿਹਾ। ਐਵੇਂ ਘੰਟਾ ਭਰ ਤਾਂਗੇ ਵਿਚ ਬੈਠੇ ਰਹਿਣ ਦਾ ਕੀ ਮਤਲਬ ?

ਬਾਰੂ ਨੇ ਜ਼ੋਰ ਨਾਲ ਇਕ ਸਵਾਰ ਲਈ-ਹੋਕਾ ਦਿਤਾ, ਜਿਵੇਂ ਉਹਨੂੰ ਬਸ ਇਕੋ ਸਵਾਰ ਚਾਹੀਦਾ ਹੈ। ਬਾਬੂ ਜ਼ਰਾ ਟਹਿਲ ਕੇ ਤਾਂਗੇ ਦੇ ਅਗਲੇ ਪਾਇਦਾਨ ਦੇ ਜ਼ਰਾ ਕੁ ਨੇੜੇ ਹੋ ਗਿਆ। ਬਾਰੂ ਨੇ ਹੌਂਸਲੇ ਨਾਲ ਇਕ ਹੋਕਾ ਹੋਰ ਦਿਤਾ।

ਬਾਬੂ ਨੇ ਆਪਣਾ ਝੋਲਾ ਤਾਂਗੇ ਦੀ ਅਗਲੀ ਗੱਦੀ ਉਤੇ ਰੱਖ ਦਿੱਤਾ ਤੇ ਆਪ ਪਤਲੂਨ ਦੀਆਂ ਜੇਬਾਂ ਵਿਚ ਹੱਥ ਪਾ ਕੇ ਟਹਿਲਣ ਲੱਗ ਪਿਆ। ਬਾਰੂ ਨੇ ਘੋੜੇ ਦੀ ਪਿੱਠ ਉਤੇ ਪਿਆਰ ਨਾਲ ਥਾਪੀ ਮਾਰੀ ਤੇ ਫੇਰ ਤਾਂਗੇ ਦੀਆਂ ਪਿਛਲੀਆਂ ਗੱਦੀਆਂ ਨੂੰ ਐਵੇਂ ਜ਼ਰਾ ਠੀਕ ਠਾਕ ਕਰਨ ਲਗ ਪਿਆ। ਏਨੇ ਵਿਚ ਇਕ ਸਾਈਕਲ ਆ ਕੇ ਤਾਂਗੇ ਕੋਲ ਰੁਕ ਗਿਆ। ਥੋੜ੍ਹੀ ਜਿਹੀ ਗੱਲ ਚੜ੍ਹੇ ਚੜ੍ਹਾਏ ਸਾਈਕਲ ਵਾਲੇ ਨੇ ਬਾਬੂ ਨਾਲ ਕੀਤੀ ਤੇ ਉਹ ਗੱਦੀ ਉਤੋਂ ਆਪਣਾ ਝੋਲਾ ਚੁਕਣ ਲੱਗਾ। ਬਾਰੂ ਨੇ ਘਟਦੇ ਦਿਲ ਨਾਲ ਆਖਿਆ, "ਹਵਾ ਸਾਹਮਣੀ ਐਂ ਬਾਬੂ ਜੀ...?" ਪਰ ਸਾਈਕਲ ਬਾਬੂ ਨੂੰ ਲੈ ਕੇ ਤੁਰਦਾ ਹੋਇਆ।

ਗੋਡੇ ਗੋਡੇ ਦਿਨ ਚੜ੍ਹ ਆਇਆ।

ਠਿਠ ਜਿਹਾ ਹੋ ਕੇ ਬਾਰੂ ਫੇਰ ਸੜਕ ਦੇ ਇਕ ਪਾਸੇ ਫੜੀ ਵਾਲੇ ਕੋਲ ਬਹਿ ਗਿਆ। ਉਹਦਾ ਜੀ ਕੈਂਚੀ ਦੀ ਸਿਗਰਟ ਪੀਣ ਨੂੰ ਕੀਤਾ। ਪਰ ਦੋ ਪੈਸੇ ਵਾਲੀ ਸਿਗਰਟ ਅਜੇ ਉਹ ਕਿਹੜੇ ਹੌਂਸਲੇ ਪੀਵੇ ? ਫੇਰਾ ਅਜ ਇਕੋ ਮਸੀਂ ਲਗਦਾ ਦੀਂਹਦਾ ਸੀ। ਚਾਰ ਆਨੇ ਸਵਾਰੀ ਐ ਖੰਨੇ ਦੀ—ਛੇ ਸਵਾਰੀਆਂ ਤੋਂ ਵੱਧ ਹੁਕਮ ਨੀ—ਤਿੰਨ ਰੁਪਏ ਤਾਂ ਘੋੜੇ ਦੇ ਈ ਢਿਡ 'ਚ ਪੈ ਜਾਂਦੇ ਨੇ... ! ਉਹਦੇ ਮਨ ਵਿਚ ਲੂਹਣ ਜੇਹੀ ਲਗੀ। ਇਉਂ ਇਥੇ ਉਹ ਕਿਉਂ ਬੈਠੇ ? ਉਹ ਉਠ ਕੇ ਤਾਂਗੇ ਵਿਚ ਪਿਛਲੀ ਗੱਦੀ ਉਤੇ ਬਹਿ ਗਿਆ, ਤਾਂ ਜੋ ਪਹਿਲੀ ਨਜ਼ਰੇ ਸੁਆਰ ਨੂੰ ਤਾਂਗਾ ਬਿਲਕੁਲ ਖ਼ਾਲੀ ਨਾ ਜਾਪੇ।

ਤਾਂਗੇ ਵਿਚ ਬੈਠਾ ਉਹ "ਲਾਰਾ ਲੱਪਾ, ਲਾਰਾ ਲੱਪਾ... " ਗੁਣਾਗੁਣਾਉਣ ਲੱਗਾ, ਤੇ ਫੇਰ ਹੀਰ ਦਾ ਟੱਪਾਂ। ਪਰ ਛੇਤੀ ਹੀ ਉਹਦੇ ਮਨ ਵਿਚ ਅੱਚਵੀਂ ਜਿਹੀ ਲੱਗੀ। ਟੱਪੇ ਉਹਦੇ ਬੁਲ੍ਹਾਂ ਨੂੰ ਭੁਲ ਗਏ। ਉਹ ਦੂਰ ਫ਼ਸਲਾਂ ਵਲ ਝਾਕਣ ਲੱਗਾ। ਪੈਲੀਆਂ ਵਿਚ ਵਲ ਖਾਂਦੀਆਂ ਡੰਡੀਆਂ ਉਤੇ ਕੁਝ ਰਾਹੀ ਤੁਰੇ ਆਉਂਦੇ ਸਨ। ਧਿਆਨ ਨਾਲ ਬਾਰੂ ਨੇ ਨੇੜੇ ਆਉਂਦੇ ਰਾਹੀਆਂ ਵਲ ਤੱਕਿਆ। ਡੱਬ ਤੇ ਚਿੱਟੇ ਖੇਸਾਂ ਦੀਆਂ ਬੁੱਕਲਾਂ ਮਾਰੀਂ ਚਾਰ ਕੁ ਜੱਟ ਜਿਹੇ ਸਨ। ਬਾਰੂ ਨੇ

ਸੋਚਿਆ, ਪੇਸ਼ੀ ਉਤੇ ਜਾਣ ਵਾਲੇ ਹੁੰਦੇ ਨੇ ਇਹੋ ਜਿਹੇ ਚੌਧਰੀ। ਉਹਨੇ ਤਾਂਗੇ ਨੂੰ ਮੋੜ ਕੇ ਉਹਨਾਂ ਵਲ ਨੂੰ ਜਾਂਦਿਆਂ ਵਾਜ ਦਿਤੀ. “ਖੰਨੇ ਜਾਣੇ ਲੰਬੜਦਾਰੋ ? ਆਓ ਬੈਠੋ ਹੱਕੀਏ..."

ਸੁਆਰੀਆਂ ਨੇ ਕੁਝ ਜੱਕੋ ਤੱਕੋ ਜਿਹਾ ਕੀਤਾ, ਤੇ ਫੇਰ ਵਿਚੋਂ ਕਿਸੇ ਆਖਿਆ, "ਜਾਣਾ ਤਾਂ ਹੈ—ਜੇ ਛੇੜ ਦਮੇ ਹੁਣੇ !”

"ਹੁਣੇ ਲਓ, ਬਸ ਬੈਠਣ ਦੀ ਦੇਰ ਐ...।” ਬਾਰੂ ਨੇ ਘੋੜੇ ਦੇ ਮੂੰਹ ਕੋਲੋਂ ਲਗਾਮ ਫੜ ਕੇ ਤਾਂਗੇ ਦਾ ਮੂੰਹ ਅੱਡੇ ਵਲ ਘੁਮਾ ਦਿਤਾ।

“ਤਸੀਲ ਅਪੜਨ ਅਸੀਂ, ਪੇਸ਼ੀ ਉਤੇ, ਸਮਰਾਲੇ।”

"ਮਖਾਂ ਬੈਠੇ ਤਾਂ ਸਹੀ—ਘੁੱਗੀ ਨ੍ਹੀ ਖੰਘਣ ਦਿੰਦਾ ?"

ਸਵਾਰੀਆਂ ਤਾਂਗੇ ਵਿਚ ਬਹਿ ਗਈਆਂ। ਇਕ ਸਵਾਰ ਦਾ ਹੋਕਾ ਦਿੰਦਿਆਂ ਬਾਰੂ ਨੇ ਤਾਂਗੇ ਨੂੰ ਅੱਡੇ ਵਲ ਤੋਰ ਲਿਆ।

"ਅਜੇ ਹੋਰ ਚਾਹੀਦੀ ਐ ਇਕ ਸਬਾਰੀ ?" ਵਿਚੋਂ ਇਕ ਸਵਾਰੀ ਨੇ ਤਾਂਗੇ ਵਾਲੇ ਨੂੰ 'ਆਖਰ ਤਾਂਗੇ ਵਾਲਾ ਹੀ ਨਿਕਲਿਆ' ਬੁਝ ਕੇ ਆਖਿਆ।

"ਚਲ ਕਰ ਲੈਣ ਦੇ ਇਹਨੂੰ ਵੀ ਆਪਣਾ ਘਰ ਪੂਰਾ " ਵਿਚੋਂ ਹੀ ਕਿਸੇ ਨੇ ਉੱਤਰ ਦਿਤਾ, "ਅਸੀਂ ਜਾਣੋਂ ਬਿੰਦ ਮਗਰੋਂ ਅੱਪੜ ਲਾਂਗੇ।"

ਅੱਡੇ ਤੋਂ ਬਾਰੂ ਨੇ ਤਾਂਗਾ ਬਾਜ਼ਾਰ ਵਲ ਭਜਾ ਲਿਆ। ਬਾਜ਼ਾਰ ਦੇ ਗੱਭੇ ਬਾਰੂ ਨੇ ਤਾਂਗੇ ਦੇ ਬੰਬ ਉਤੋਂ ਤਣ ਕੇ ਹੋਕਾ ਮਾਰਿਆ, "ਜਾਂਦਾ ਕੋਈ ਕੱਲਾ ਸਵਾਰ ਖੰਨੇ ਬਈ ਓ !"

"ਕੱਲੇ ਸਵਾਰ ਨੂੰ ਲੁੱਟਣੇ ਰਾਹ ਵਿਚ?" ਬਾਜ਼ਾਰ ਵਿਚੋਂ ਕਿਸੇ ਉੱਚੀ ਟੋਕ ਕੇ ਬਾਰੂ ਨੂੰ ਮਸ਼ਕਰੀ ਕੀਤੀ।

ਬਾਜ਼ਾਰ ਵਿਚ ਹਾਸਾ ਪੈ ਗਿਆ। ਬਾਰੂ ਦੇ ਚਿੱਟੇ ਦੰਦ ਤੇ ਲਾਲ ਬੁੱਟ ਦਿਸਣ ਲੱਗੇ। ਉਹਦੀਆਂ ਗਲ੍ਹਾਂ ਫੁਲ ਕੇ ਚਮਕੀਆਂ ਤੇ ਹਾਸੇ ਵਿਚ ਹਾਸਾ ਰਲਾ ਕੇ ਸਵਾਰ ਲਈ ਹੋਕਾ ਦਿੰਦਿਆਂ ਉਹਨੇ ਘੋੜਾ ਮੋੜ ਲਿਆ। ਅੱਡੇ ਵਿਚ ਆ ਕੇ ਸੜਕ ਦੇ ਇਕ ਪਾਸੇ ਖੰਨੇ ਦੇ ਰੁਖ ਤਾਂਗਾ ਲਾਇਆ ਤੇ ਆਪ ਫ਼ੜੀ ਵਾਲੇ ਕੋਲ ਆ ਬੈਠਾ।

“ਕੀਤੀ ਨਾ ਉਹੀ ਗੱਲ... !" ਤਾਂਗੇ ਵਾਲੇ ਨੂੰ ਟਲਿਆ ਦੇਖ ਕੇ ਇਕ ਸਵਾਰ ਬੋਲਿਆ।

"ਓ ਬਦੀ ਤਾਂਗੇ ਆਲਿਆ, ਸਾਨੂੰ ਹੁਣ ਏਵੇਂ ਹੈਰਾਨ ਕਰਨੈ ?" ਇਕ ਹੋਰ ਸਵਾਰ ਨੇ ਆਖਿਆ।

"ਮਖਾਂ ਅਟਕਣਾ ਨ੍ਹੀਂ ਆਪਾਂ ਨੇ ਲੰਬੜਦਾਰਾ, ਬਸ ਇਕ ਸਵਾਰ ਦੀ ਝਾਕ ਐ—ਆ ਗਿਆ, ਚੰਗਾ, ਨਹੀਂ ਤੁਰ ਪਾਂਗੇ।" ਬਾਰੂ ਨੇ ਦਿਲ ਧਰਾਇਆ।

ਸਵਾਰੀਆਂ ਨੂੰ ਕਾਹਲੀਆਂ ਪਈਆਂ ਦੇਖ ਕੇ ਕੁੰਦਨ ਨੇ ਆਪਣੇ ਤਾਂਗੇ ਨੂੰ ਇਕ ਕਦਮ ਹੋਰ ਅੱਗੇ ਕਰਦਿਆਂ ਹੱਕਾ ਦਿੱਤਾ, "ਚੱਲ ਚਾਰੇ ਸਵਾਰ ਲੈ ਕੇ ਤੁਰਦਾ ਖੰਨੇ ਨੂੰ!" ਤੇ ਉਹ ਚਿੜਾਉਣ ਲਈ ਬਾਰੂ ਵਲ ਬਿਟ ਬਿਟ ਝਾਕਣ ਲੱਗਾ।

"ਟਲ ਜਾ ਉਏ, ਟਲ ਜਾ ਨਾਈਆ—ਟਲ ਜਾ ਤੂੰ ਲੱਛਣਾ ਤੋਂ !" ਬਾਰੂ ਨੇ ਕੁੰਦਨ ਵਲ ਅੱਖਾਂ ਕੱਢੀਆਂ ਤੇ ਸਵਾਰੀਆਂ ਨੂੰ ਵਰਗ ਲੱਗਣ ਤੋਂ ਬਚਾਉਣ ਲਈ ਉਹਨੇ ਤੀਵੀਆਂ ਤੇ ਕੁੜੀਆਂ ਕੱਤਰੀਆਂ ਦੀ ਆ ਰਹੀ ਰੰਗ ਬਰੰਗੀ ਟੋਲੀ ਵਲ ਤੱਕਦਿਆਂ ਕਿਹਾ, "ਚਲਦੇ ਆਂ ਸਰਦਾਰੋ ਆਪਾਂ ਹੁਣੇ ਬਸ, ਔਹ ਆ ਗਈਆਂ ਸਵਾਰੀਆਂ !"

ਸਵਾਰੀਆਂ, ਟੋਲੀ ਵਲ ਦੇਖ ਕੇ ਫੇਰ ਟਿਕ ਰਹੀਆਂ।

ਟੋਲੀ ਵਲ ਤੱਕਦਾ ਬਾਰੂ ਸੋਚਣ ਲਗਾ : ਵਿਆਹ ਮੁਕਲਾਵੇ ਦੀਆਂ ਸੱਗੀਆਂ ਰੱਤੀਆਂ ਸੁਆਰੀਆਂ ਨੇ ਜਾਣੋ—ਦੋ ਤਾਂਗੇ ਭਰ ਜਾਣ ਭਾਵੇਂ—ਨਾਵਾਂ ਵੀ ਚੰਗਾ ਬਣਾ ਜਾਂਦੀਆਂ ਨੇ ਇਹੋ ਜੇਹੀਆਂ ਸੁਆਰੀਆਂ।

ਟੋਲੀ ਨੇੜੇ ਆ ਗਈ।

ਕੁਝ ਮਾਈਆਂ ਤੇ ਕੁੜੀਆਂ ਨੇ ਹੱਥਾਂ ਉਤੇ ਕੱਪੜਿਆਂ ਨਾਲ ਢਕੇ ਹੋਏ ਗੋਹਲੇ, ਬੋਈਏ ਤੇ ਥਾਲ ਚੁੱਕੇ ਹੋਏ ਸਨ। ਪਿਛੇ ਕੁਝ ਘੁੰਡ ਵਾਲੀਆਂ ਵਹੁਟੀਆਂ ਤੇ ਨਿੱਕੀਆਂ ਨਿੱਕੀਆਂ ਕੁੜੀਆਂ ਸਨ। ਬਾਰੂ ਨੇ ਅੱਗੇ ਵਧ ਕੇ ਧੀਆਂ ਵਰਗਾ ਪੁੱਤ ਬਣਦਿਆਂ, ਇਕ ਮਾਈ ਨੂੰ ਆਖਿਆ, "ਆਓ ਮਾਈ ਜੀ, ਤਿਆਰ ਐ ਤਾਂਗਾ, ਬਸ ਥੋਨੂੰ ਇ 'ਡੀਕਦਾ ਸੀ—ਬੈਠੋ ਖੰਨੇ ਨੂੰ।"

"ਬੇ ਨਾ ਬੀਰ।" ਮਾਈ ਨੇ ਸਰਸਰੀ ਆਖਿਆ। "ਅਸੀਂ ਤਾਂ ਮੱਥਾ ਟੇਕਣ ਚੱਲੀਆ ਮਾਤਾ ਦੇ ਥਾਨਾਂ 'ਤੇ।"

"ਚੰਗਾ ਮਾਈ ਚੰਗਾ", ਬਾਰੂ ਹਸ ਕੇ ਛਿੱਥਾ ਜਿਹਾ ਪੈ ਗਿਆ।

"ਓ ਬਈ ਤੁਰੇਂਗਾ ਕੁ ਨਹੀਂ ?" ਸਵਾਰੀਆਂ ਨੂੰ ਕਿਥੇ ਟੇਕ ਹੁੰਦੀ ਐ, ਤੇ ਹਰ ਘੜੀ ਬਾਰੂ ਵੀ ਉਹਨਾਂ ਨੂੰ ਕਿਹੜੀਆਂ ਜੁਗਤਾਂ ਨਾਲ ਟਾਲੀ ਜਾਂਦਾ। ਹਾਰ ਕੇ ਉਹਨੇ ਸਾਫ ਗੱਲ ਕੀਤੀ, “ਚਲਦੇ ਆਂ ਬਾਬਾ-ਆ ਲੈਣ ਦੇਹ ਇਕ ਸਵਾਰ-ਕੁਛ ਭਾੜਾ ਤਾਂ ਬਣ ਲਵੇ।”

“ਤੂੰ ਆਪਣਾ ਭਾੜਾ ਬਣਾ, ਸਾਡੀ ਤਰੀਕ ਖੁੰਝ ਜੂ।" ਸਵਾਰੀਆਂ ਵੀ ਸੱਚੀਆਂ ਸਨ।

ਕੁੰਦਨ ਨੇ ਫੇਰ ਛੇੜ ਕਰਦਿਆਂ ਸੁਣਾ ਕੇ ਆਖਿਆ, "ਸਧਾਰਨ ਹੁੰਦੇ ਨੇ ਬਾਜੇ ਲੋਕ—ਕਿਥੇ ਫਸ ਗੇ—ਅੱਬਲਾ ਤੁਰਦਾ ਨ੍ਹੀਂ—ਜੇ ਤੁਰਿਆ ਤਾਂ ਕਿਤੇ ਮੂਧਾ ਪਿਆ ਹੋਊ—ਪੈਰ ਪੈਰ 'ਤੇ ਨਹੁੰ ਲੈਂਦੇ ਘੋੜਾ—ਜੇ ਉਠ ਖੜਿਆ ਤਾਂ ਗੈਬ 'ਚ ਅੜ ਜੂ-ਸਿਰੇ ਲਗਦਾ ਨੀਂ।”

ਸਵਾਰੀਆਂ ਕੰਨਾਂ ਦੀਆਂ ਕੱਚੀਆਂ ਹੁੰਦੀਆਂ ਹਨ। ਬਾਰੂ ਨੂੰ ਇਕ ਚੜੇ, ਇਕ ਉਤਰੇ। ਪਰ ਉਹ ਛੇੜ ਨੂੰ ਅਜੇ ਵੀ ਜਰਦਿਆਂ ਕੁੰਦਨ ਵਲ ਕੌੜਾ ਝਾਕ ਕੇ ਬੋਲਿਆ, “ਨਾਈਆ, ਨਾਈਆ- ਮੌਤ ਗੱਲਾਂ ਕਰੋਂਦੀ ਐ ਤੇਰੀ। ਗੱਡੀ ਤਾਂ ਸੰਵਰਾ ਲਿਆ ਪਹਿਲਾਂ ਮਾਂ ਕੋਲੋਂ ਜਾ ਕੇ, ਢੀਚਕੂੰ ਢੀਚਕੂੰ ਕਰਦੀ ਐ, ਐਥੇ ਭੌਂਕੀ ਜਾਨੈਂ ਖੜਾ, ਗੁਟਾਰ ਜਾਤ...!"

ਲੋਕ ਹੱਸਣ ਲੱਗੇ। ਪਰ ਜਿਹੜੀ ਹਾਲਤ ਬਾਰੂ ਦੀ ਸੀ, ਉਹੀ ਕੁੰਦਨ ਤੇ ਹੋਰ ਤਾਂਗੇ ਵਾਲਿਆਂ ਦੀ। ਕਿਸ ਨੂੰ ਨਹੀਂ ਸਵਾਰੀਆਂ ਚਾਹੀਦੀਆਂ? ਕੀਹਨੇ ਘੋੜੇ ਤੇ ਟੱਬਰ ਦਾ ਢਿੱਡ ਨਹੀਂ ਤੋਰਨਾ ? ਨਾ ਬਾਰੂ ਵਿਚੋਂ ਤੁਰੇ, ਨਾ ਕਿਸੇ ਹੋਰ ਨੂੰ ਤੁਰਨ ਦੇਵੇ—ਸਬਰ ਵੀ ਕੋਈ ਚੀਜ਼ ਐ- ਆਪੋ ਆਪਣੇ ਭਾਗ ਨੇ ਮੰਦਾ ਠੰਡਾ ਬਣਿਆ ਹੋਇਐ ਚਾਰੇ ਲੈ ਕੇ ਤੁਰ ਜਾਵੇ—ਕਿਸੇ ਹੋਰ ਨੂੰ ਵੀ ਰੋਜ਼ੀ ਕਮਾਉਣ ਦੇਵੇ—ਕਿਥੇ ਕੁਲਾਲ ਅੜਿਆ ਖੜ੍ਹੇ ਮਣ੍ਹੇ ਆਗੂੰ ਮੂਹਰੇ ! ਕੁੰਦਨ ਨੇ ਆਪਣੀ ਜੜ੍ਹ ਉਤੇ ਆਪੇ ਟੱਕ ਲਾਉਂਦਿਆਂ ਖਿਝ ਕੇ ਹੋਕਾ ਮਾਰਿਆ, ਚੱਲ ਚਾਰੇ ਲੈ ਕੇ ਤੁਰਦਾ ਖੰਨੇ ਨੂੰ ਬੰਬੂਕਾਟ—ਚਲ ਜਾਂਦਾ ਮਿੰਟਾਂ ਸਕਿੰਟਾਂ ਵਿਚ ਖੰਨੇ—ਚਲ ਭਾੜਾ ਵੀ ਤਿੰਨੇ ਤਿੰਨ ਆਨੇ...!" ਤੇ ਤਾਂਗਾ ਉਹਨੇ ਇਕ ਕਦਮ ਹੋਰ ਅਗੇ ਕਰ ਲਿਆ।

ਸਵਾਰੀਆਂ ਬਾਰੂ ਦੀਆਂ ਅਗੇ ਹੀ ਅੱਕੀਆਂ ਹੋਈਆਂ ਸਨ, ਤੇ ਸਵਾਰੀਆਂ ਕਿਸੇ ਦੀਆਂ ਬੰਨ੍ਹੀਆਂ ਹੋਈਆਂ ਵੀ ਨਹੀਂ ਹੁੰਦੀਆਂ। ਬਾਰੂ ਦੀਆਂ ਸਵਾਰੀਆਂ ਵਿਗੜ ਕੇ ਤਾਂਗੇ ਵਿਚੋਂ ਲਹਿਣ ਲਗੀਆਂ।

ਬਾਰੂ ਨੇ ਗੁੱਸੇ ਵਿਚ ਲਲਕਾਰ ਕੇ ਕੁੰਦਨ ਨੂੰ ਮਾਂ ਦੀ ਗਾਲ੍ਹ ਕੱਢੀ ਤੇ ਆਪਣੀ ਧੋਤੀ ਦਾ ਲਾਂਗੜ ਮਾਰ ਕੇ ਆਖਿਆ, “ਉੱਤਰ ਪੁਤ ਹੇਠ ਤਾਂਗੇ ਤੋਂ !"

ਕੁੰਦਨ, ਬਾਰੂ ਨੂੰ ਗੁੱਸੇ ਵਿਚ ਤਣਿਆ ਦੇਖ, ਕੁਝ ਯਰਕ ਤਾਂ ਗਿਆ, ਪਰ ਉਹ ਤਾਂਗੇ ਉਤੋਂ ਹੇਠਾਂ ਉਤਰ ਆਇਆ ਤੇ ਬੋਲਿਆ, "ਮੂੰਹ ਸੰਭਾਲ ਕੇ ਕਦੀਂ ਓਏ ਗਾਲ੍ਹ ਕੁਲਾਲਾ !"

ਬਾਰੂ ਨੇ ਇਕ ਗਾਲ੍ਹ ਹੋਰ ਕੱਢ ਦਿਤੀ ਤੇ ਹੱਥ ਵਿਚ ਫੜੀ ਪਰੈਣੀ ਉਤੇ ਉਂਗਲੀ ਜੋੜ ਕੇ ਆਖਿਆ, "ਪਹੀਏ ਦੇ ਗਜਾਂ ਵਿਚੋਂ ਲੰਘਾ ਦੂੰ ਸਾਲੇ ਨੂੰ ਤੀਹਰਾ ਕਰਕੇ !"

"ਤੂੰ ਹੱਥ ਤਾਂ ਲਾ ਕੇ ਦੇਖ", ਕੁੰਦਨ ਅੰਦਰੋਂ ਡਰਦਾ ਸੀ, ਪਰ ਉੱਤੋਂ ਭੁੜਕਦਾ ਸੀ।

"ਓ ਮਖਾਂ ਮਿਟ ਜਾ ਤੂੰ, ਮਿਟ ਜਾ, ਨਾਈਆ ! ਲਹੂ ਦਾ ਤੁਬਕਾ ਨ੍ਹੀ ਡੁਲ੍ਹਣ ਦਊਂਗਾ ਭੁੰਜੇ—ਸੀਰਮੇ ਪੀ ਜੂੰ !!" ਬਾਰੂ ਨੂੰ ਖਿਝ ਸੀ ਕਿ ਕੁੰਦਨ ਉਹਨੂੰ ਕਿਉਂ ਨਹੀਂ ਬਰਾਬਰ ਗਾਲ੍ਹ ਕੱਢ ਬੈਠਦਾ।

ਸਵਾਰੀਆਂ ਆਲੇ ਦੁਆਲੇ ਖੜੀਆਂ ਦੋਹਾਂ ਦੇ ਮੂੰਹਾਂ ਵਲ ਤੱਕਦੀਆਂ ਸਨ।

"ਤੈਨੰ ਮੈਂ ਕੀ ਕਿਹੈ ? ਤੂੰ ਨਾਸਾਂ ਫੁਲਾਉਨੈ ਵਾਧੂ !" ਕੁੰਦਨ ਨੇ ਜ਼ਰਾ ਕੁ ਡਟ ਕੇ ਆਖਿਆ।

"ਸਵਾਰੀਆਂ ਪੱਟਦੈਂ ਤੂੰ ਮੇਰੀਆਂ !"

""ਮੈਂ ਤਾਂ ਹਾਕਾਂ ਮਾਰਦਾਂ—ਤੂੰ ਬੰਨ੍ਹ ਲੈ ਸਵਾਰੀਆਂ !"

"ਮੈਂ ਸਵੇਰ ਦਾ ਦੇਖਦਾਂ ਤੇਰੇ ਮੂੰਹ ਕੰਨੀ ਬੋਦੀਆਂ ਪੱਟ ਦੂੰ !"

"ਪੱਟ ਦਏਂਗਾ ਤੂੰ ਬੋਦੀਆਂ..." ਕੁੰਦਨ ਬਰਾਬਰ ਜਿਦਣ ਲੱਗਾ।

"ਸਵਾਰੀਆਂ ਬਠਾਇੰਗਾ ਤੂੰ ਮੇਰੀਆਂ ?'

"ਆਹੋ—ਬਠਾਊਂਗਾ !"

"ਬਠਾ ਫੇਰ..." ਬਾਰੂ ਨੇ ਹੂਰਾ ਉੱਗਰ ਲਿਆ।

"ਆ ਬਾਬਾ..." ਕੁੰਦਨ ਨੇ ਇਕ ਸਵਾਰ ਨੂੰ ਮੋਢੇ ਤੋਂ ਫੜਿਆ।

ਬਾਰੂ ਨੇ ਝਟ ਕੁੰਦਨ ਨੂੰ ਝੱਗੇ ਦੇ ਗਲਾਵੇਂ ਤੋਂ ਫੜ ਲਿਆ। ਕੁੰਦਨ ਨੇ ਵੀ ਬਾਰੂ ਨੂੰ ਹੱਥ ਪਾ ਲਏ। ਦੋਵੇਂ ਉਲਝ ਪਏ। ਫੜੋ ਛੁਡਾਓ ਹੋਣ ਲੱਗੀ। ਅਖੀਰ ਹੋਰ ਤਾਂਗੇ ਵਾਲਿਆਂ ਤੇ ਸਵਾਰੀਆਂ ਨੇ ਦੋਹਾਂ ਨੂੰ ਛੁਡਾ ਦਿਤਾ ਤੇ ਅੱਡੇ ਦੇ ਠੇਕੇਦਾਰ ਨੇ ਦੋਹਾਂ ਨੂੰ ਘੂਰ ਘੱਪ ਕਰ ਦਿਤੀ। ਸਾਰੇ ਲੋਕਾਂ ਇਹੋ ਆਖਿਆ ਕਿ ਸਵਾਰੀਆਂ ਬਾਰੂ ਦੇ ਹੀ ਤਾਂਗ ਵਿਚ ਬੈਠਣ। ਤਿੰਨ ਤੁੰਨ ਆਨੇ ਐਵੇਂ ਵਾਧੂ ਗੱਲ ਐ—ਕਿਸੇ ਲੈਣੇ ਨਾ ਦੇਣੇ-ਕੁੰਦਨ ਨੂੰ ਸਾਰਿਆਂ ਥੋੜੀ ਜਿਹੀ ਫਿਟ-ਲਾਹਣਤੀ ਦਿਤੀ ਤੇ ਸਵਾਰੀਆਂ ਮੁੜ ਬਾਰੂ ਦੇ ਤਾਂਗੇ ਵਿਚ ਬਹਿ ਗਈਆਂ।

ਬਾਰੂ ਨੂੰ ਅੱਕਿਆ ਤੇ ਦੁਖੀ ਹੋਇਆ ਦੇਖ ਕੇ ਸਾਰਿਆਂ ਨੂੰ ਹੁਣ ਉਹਦੇ ਨਾਲ ਹਮਦਰਦੀ ਜਿਹੀ ਹੋ ਗਈ ਸੀ। ਸਾਰੇ ਰਲ ਮਿਲ ਉਹਦਾ ਤਾਂਗਾ ਭਰਵਾ ਕੇ ਤੁਰਾਉਣਾ ਚਾਹੁੰਦੇ ਸਨ। ਸਵਾਰੀਆਂ ਨੇ ਵੀ ਕਹਿ ਦਿਤਾ ਕਿ ਚਲੋ ਉਹ ਹੋਰ ਘੜੀ ਪੱਛੜ ਲੈਣਗੇ, ਇਹ ਆਪਣਾ ਘਰ ਪੂਰਾ ਕਰ ਲਵੇ—ਇਹਨੇ ਵੀ ਪਸ਼ੂ ਦਾ ਢਿਡ ਭਰ ਕੇ ਰੋਟੀ ਖਾਣੀ ਐਂ ਗਰੀਬ ਨੇ।

ਏਨੇ ਨੂੰ ਬਾਜ਼ਾਰ ਵਲੋਂ ਆਉਂਦੇ ਪੁਲਸ ਦੇ ਹੌਲਦਾਰ ਨੇ ਨੇੜੇ ਆਉਂਦਿਆਂ ਪੁਛਿਆ, "ਉਏ ਤਾਂਗਾ ਹੈ ਤਿਆਰ ਕੋਈ ਖੰਨੇ ਨੂੰ ਮੁੰਡਿਓ ?"

ਪਲ ਭਰ ਲਈ ਬਾਰੂ ਨੇ ਸੋਚਿਆ : ਆ ਗਈ ਮੁਫ਼ਤ ਦੀ ਬਗਾਰ—ਨਾ ਪੈਸਾ, ਨਾ ਧੇਲਾ—ਪਰ ਝਟ ਹੀ ਉਹਨੇ ਸੋਚਿਆ ਕਿ ਨਾਂਹ ਤਾਂ ਪੁਲਸ ਨੂੰ ਕਰ ਨਹੀਂ ਹੁੰਦੀ, ਸੁਆਰੀਆਂ ਤਾਂ ਦੋ ਵੱਧ ਬਠਾ ਇ ਲਊਂਗਾ ਇਹਦੇ ਕਰਕੇ—ਨਹੀਂ ਭਾੜਾ ਦਊ, ਨਾ ਸਹੀ—ਤੇ ਬਾਰੂ ਨੇ ਆਖਿਆ, "ਆਓ ਹੌਲਦਾਰ ਜੀ, ਤਿਆਰ ਇ ਖੜ੍ਹੇ ਤਾਂਗਾ, ਬੈਠੋ ਮੂਹਰੇ।"

ਹੌਲਦਾਰ ਤਾਂਗੇ ਵਿਚ ਬਹਿ ਗਿਆ। ਬਾਰੂ ਨੇ ਇਕ ਸਵਾਰ ਲਈ ਇਕ ਦੋ ਤਕੜੇ ਹੋਕ ਲਾਏ।

ਇਕ ਲਾਲਾ ਬਾਜ਼ਾਰ ਵਲੋਂ ਆਇਆ ਤੇ ਬਿਨਾਂ ਪੁਛੇ ਬਾਰੂ ਦੇ ਤਾਂਗੇ ਵਿਚ ਆ ਚੜ੍ਹਿਆ। ਦੋ ਕੁ ਬੁੱਢੀਆਂ ਜੇਹੀਆਂ ਅੱਡੇ ਵਲ ਸੜਕੇ ਸੜਕ ਆ ਰਹੀਆਂ ਸਨ। ਬਾਰੂ ਨੇ ਕਾਹਲੀ ਨਾਲ ਵਾਜ ਮਾਰ ਕੇ ਪੁਛਿਆ, "ਮਾਈ ਖੰਨੇ ਜਾਣੈ ?" ਬੁੱਢੀਆਂ ਛੇਤੀ ਛੇਤੀ ਪੈਰ ਪੁੱਟਣ ਲਗੀਆਂ ਤੇ ਇਕ ਨੇ ਹੱਥ ਉਲਾਰ ਕੇ ਆਖਿਆ, ਬੇ ਖੜ੍ਹਾ ਬੀਰ..."

"ਛੇਤੀ ਕਰੋ ਮਾਈ ਛੇਤੀ !" ਬਾਰੂ ਦੇ ਜਿਵੇਂ ਪੈਰ ਮਚਦੇ ਸਨ।

ਬੁੱਢੀਆਂ ਛੇਤੀ ਛੇਤੀ ਆ ਕੇ ਤਾਂਗੇ ਵਿਚ ਬੈਠਣ ਲਗੀਆਂ. "ਵੇ ਭਾਈ ਕੀ ਲਏਂਗਾ?"

"ਬਹਿ ਜਾਓ ਮਾਈ ਕੇਰਾਂ ਝੱਟ ਦੇ ਕੇ—ਥੋਂਤੋਂ ਵਧ ਨ੍ਹੀਂ ਮੰਗਦਾ।"

ਅੱਠਾਂ ਸਵਾਰੀਆਂ ਨਾਲ ਤਾਂਗਾ ਭਰ ਗਿਆ। ਦੋ ਰੁਪਏ ਬਣ ਗਏ ਸਨ। ਤੁਰਦੇ ਤੁਰਾਉਂਦਿਆਂ ਕੋਈ ਹੋਰ ਭੇਜ ਦੂ ਮਾਲਕ-ਦੋ ਫੇਰੇ ਲਗ ਜਾਣ ਇਸੇ ਤਰ੍ਹਾਂ। ਬਾਰੂ ਨੇ ਠੇਕੇਦਾਰ ਨੂੰ ਮਸੂਲ ਦੇ ਦਿੱਤਾ।

"ਲੈ ਬਈ, ਹੁਣ ਨਾ ਪਾਧਾ ਪੁਛ ! ਪਹਿਲੀਆਂ ਸਵਾਰੀਆਂ ਵਿਚੋਂ ਇਕ ਨੇ ਕਿਹਾ।

"ਲਓ ਜੀ, ਬਸ, ਲੈਨੇ ਆਂ ਰੱਬ ਦਾ ਨਾਉਂ" ਬਾਰੂ ਘੋੜੇ ਦੀ ਪਿੱਠ ਉਤੇ ਥਾਪੀ ਮਾਰ ਕੇ ਬੰਬ ਨਾਲੋਂ ਰਾਸਾਂ ਖੋਲ੍ਹਣ ਲਗਾ।

ਫੇਰ ਉਹਨੂੰ ਚੇਤਾ ਆਇਆ : ਇਕ ਸਿਗਰਟ ਵੀ ਲੈ ਲਵੇ। ਇਕ ਪਲ ਲਈ, ਖ਼ਿਆਲ ਵਿਚ, ਉਹਨੇ ਆਪਣੇ ਆਪ ਨੂੰ ਟਪ ਟਪ ਤੁਰਦੇ ਤਾਂਗੇ ਦੇ ਬੰਬ ਉਤੇ ਤਣ ਕੇ ਬੈਠਿਆਂ ਧੂਏਂ ਦੇ ਫਰਾਟੇ ਮਾਰਦਾ ਤੱਕਿਆ ਤੇ ਉਹ ਭਰੇ ਹੋਏ ਤਾਂਗੇ ਨੂੰ ਛਡ ਕੇ ਕੈਂਚੀ ਦੀ ਸਿਗਰਟ ਖ਼ਰੀਦਣ ਲਈ ਫੜੀ ਵਾਲੇ ਕੋਲ ਚਲਾ ਗਿਆ।

ਭੁੱਖੀ ਡੈਣ ਵਾਂਗ, ਝੱਟ, ਅੰਬਾਲਿਓਂ ਲੁਧਿਆਣੇ ਜਾਣ ਵਾਲੀ ਬੱਸ ਤਾਂਗੇ ਦੇ ਸਿਰ ਉਤੇ ਆ ਖੜ੍ਹੀ। ਪਲੋ ਪਲੀ ਵਿਚ ਤਾਂਗ ਤੋਂ ਸਵਾਰੀਆਂ ਲਹਿ ਕੇ ਬੱਸ ਦੇ ਵੱਡੇ ਢਿਡ ਵਿਚ ਖਪ ਗਈਆਂ। ਅੱਡੇ ਵਿਚ ਹੂੰਝਾ ਫੇਰ ਕੇ ਡੈਣ ਵਾਂਗ ਚੰਘਿਆੜਦੀ ਬੱਸ ਅਗੇ ਤੁਰ ਗਈ। ਧੂਏਂ ਦੀ ਸੜ੍ਹਿਆਣ ਤੇ ਉਡੀ ਹੋਈ ਧੂੜ ਉਹਦੇ ਮੂੰਹ ਉਤੇ ਪੈ ਰਹੀ ਸੀ।

ਬਾਰੂ ਨੇ ਅੱਡੇ ਦੇ ਵਿਚਕਾਰ, ਪਰੈਣੀ ਉਚੀ ਕਰਕੇ, ਦਿਲ ਤੇ ਸਰੀਰ ਦੇ ਪੂਰੇ ਜ਼ੋਰ ਨਾਲ ਇਕ ਵਾਰ ਫੇਰ ਹੋਕਾ ਮਾਰਿਆ, "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ...!"

****

# ਕਹਾਣੀਆਂ ਦੀ ਟੋਲ

"ਚੁੰਮ ਲੈ ਬੁਲ੍ਹ ਫੇਰ ਲਾਲ ਪਰੀ ਦੇ ਮੁੰਡਿਆ...!" ਸੂਹੀ ਸ਼ਰਾਬ ਨਾਲ ਸਰੂਰਿਆ ਕੱਚ ਦਾ ਗਲਾਸ ਚੁੱਕਦੇ ਹੋਏ ਪ੍ਰੇਮ ਚਿਤ੍ਰਕਾਰ ਨੇ ਅੱਖਾਂ ਨੂੰ ਮਸਤ ਬਣਾ ਕੇ ਆਖਿਆ।

"ਜ਼ਿੰਦਾਬਾਦ, ਮੇਰੀ ਜਾਨ, ਆ ਈ ਗਈ ਐਂ ਨਾ ਭੁੱਲ ਕੇ ਅਜ ਨੰਗੇ ਭੁਖਿਆਂ ਦੀ ਮਹਿਫ਼ਲ ਵਿਚ !" ਰਣਧੀਰ ਨੇ ਆਪਣਾ ਗਲਾਸ ਚੁਕਦਿਆਂ ਹਲਕੀ ਜਿਹੀ ਟਿੱਚਰ ਸਮਾਜ ਨੂੰ ਵੀ ਕਰ ਮਾਰੀ। ਦੋਹਾਂ ਗਲਾਸਾਂ ਦੇ ਕੰਢੇ ਨਿਕਾ ਜਿਹਾ ਟਕਰਾ ਗਏ।

ਥੋੜੀ ਥੋੜੀ ਪੀ ਕੇ ਦੋਹਾਂ ਨੇ ਗਲਾਸ ਮੇਜ਼ ਉਤੇ ਰਖ ਦਿਤੇ। ਵਾਲਗਾ ਹੋਟਲ ਦੇ ਚੁਬਾਰੇ ਵਿਚੋਂ, ਜਰਨੈਲੀ ਸੜਕ ਤੋਂ ਪਾਰ, ਠਰੇ ਹਨੇਰੇ ਵਿਚ, ਲੁਧਿਆਣਾ ਰੇਲਵੇ ਸਟੇਸ਼ਨ ਦੇ ਚੁੱਪ ਸੁੱਤੇ ਕੁਆਟਰ, ਲੀਹਾਂ ਵਿਚ ਖੰਭਿਆਂ ਉਤੇ ਟਾਵੇਂ ਟਾਵੇਂ ਜਗਦੇ ਬਿਜਲੀ ਦੇ ਲਾਟੂ, ਦੂਰ ਸਿਵਲ ਲਾਈਨ ਦਾ ਧੁੰਦਲਾ ਜਿਹਾ ਝਾਉਲਾ ਤੇ ਕਾਲੇ ਪੁਲਾੜ ਵਿਚ ਕਿਤੇ ਕਿਤੇ ਆਸ-ਭਰੀਆਂ ਅੱਖਾਂ ਵਾਂਗ ਹਿਸਦੀਆਂ ਬੱਤੀਆਂ, ਸਭ ਕੁਝ ਇਕ ਮਨ-ਛੁਹੰਦੀ ਝਾਤੀ ਸੀ। ਦਸੰਬਰ ਦੀ ਤਿੱਖੀ ਰਿਵੀ ਦਾ ਇਕ ਬੁਲ੍ਹਾ ਆਇਆ। ਰਣਧੀਰ ਦੀ ਪਿੱਠ ਉਤੇ ਕੰਬਣੀ ਤੁਰਨ ਲਗੀ। ਝੁਣਝੁਣੀ ਮੰਨ ਕੇ ਉਹਨੇ ਬਾਰੀ ਦੇ ਤਖ਼ਤੇ ਢੋ ਦਿਤੇ।

"ਰਹਿਣ ਦੇ ਯਾਰ ਬਾਰੀ ਨੂੰ ਖੁਲ੍ਹੀਓ, ਸੁਆਦ ਤਾਂ ਠੰਡ ਚ ਆਉਂਦੈ ਪੀਣ ਦਾ।" ਪ੍ਰੇਮ ਦੇ ਦੰਦ ਵਜਦੇ ਸਨ। ਉਹਨੇ ਗਲਾਸ ਚੋਂ ਨਿਕੀ ਜੇਹੀ ਘੁਟ ਭਰ ਲਈ।

ਉਹਨੂੰ ਦੇਖਕੇ ਰਣਧੀਰ ਨੇ ਵੀ ਗਲਾਸ ਚੁਕਿਆ, ਘੁਟ ਭਰੀ। ਜੀ ਤਾਂ ਕਰਦਾ ਸੀ, ਗ਼ਟ ਗ਼ਟ ਇਸ ਪੈਗ ਨੂੰ ਅੰਦਰ ਸੁਟ ਲਏ, ਪਹਿਲਾ ਪੈਗ ਤਾਂ ਇਕੋ ਸਾਹ ਚਾਹੀਦੈ, ਡੰਝ ਤਾਂ ਲਹੇ ਇਕ ਵਾਰ। ਪਰ ਛੇਤੀ ਮੁਕ ਜਾਣ ਦਾ ਵੀ ਤਾਂ ਡਰ ਸੀ ! ਖ਼ਬਰੇ ਅਜ ਕਿਵੇਂ ਸਬੱਬ ਬਣ ਗਿਆ ਵਰ੍ਹੇ ਤੋਂ ਸਲਾਹਾਂ ਕਰਦਿਆਂ। ਪੰਜਾਬ ਬੁਕ ਹਾਊਸ ਲਈ ਪ੍ਰੇਮ ਨੇ ਕਿਤਾਬ ਦਾ ਟਾਈਟਲ ਬਣਾਇਆ ਸੀ, ਤਿੰਨ ਫੇਰਿਆਂ ਮਗਰੋਂ ਜਿਸ ਦੇ ਪੈਸੇ ਦੇਣ ਲਈ ਮਾਲਕਾਂ ਦੇ ਮਨ ਮਿਹਰ ਪੈ ਗਈ ਸੀ। ਤੇ ਰਣਧੀਰ ਨੂੰ ਛੇ ਮਹੀਨੇ ਖ਼ੁਆਰ ਕਰਨ ਪਿਛੋਂ ਉਹਦੀ ਕਿਤਾਬ ਦੀਆਂ ਖ਼ਰੀਦੀਆਂ ਦਸ ਕਾਪੀਆਂ ਚੋਂ ਪੰਜਾਹ ਫ਼ੀ ਸਦੀ ਕਮੀਸ਼ਨ ਕੱਟ ਕੇ ਪੰਜ ਰੁਪਏ ਦੇਣ ਲਈ ਭੁਲ ਕੇ ਜੀ ਕਰ ਆਇਆ ਸੀ ਤੇ ਦੋਹਾਂ ਨੇ ਦੋ ਦੋ ਰੁਪਏ ਤੇ ਦੋ ਦੋ ਆਨੇ ਢਾਲ ਕੇ ਸਵਾ ਚਾਰ ਨੂੰ ਅੰਗਰੇਜ਼ੀ ਸ਼ਰਾਬ ਦਾ ਪਊਆ ਲੈ ਲਿਆ ਸੀ।

ਦੋਹਾਂ ਨੇ ਨਿਕੀ ਜੇਹੀ ਇਕ ਇਕ ਘੁੱਟ ਹੋਰ ਪੀਤੀ। ਪ੍ਰੇਮ ਨੇ ਗਲਾਸ ਰਖ ਦਿਤਾ ਤੇ ਕੀਮੇ ਦੀ ਸੀਖ ਦੇ ਟੋਟੇ ਨਾਲ ਮੂੰਹ ਸੁਆਦ ਕਰਨ ਲਗਾ। ਪਰ ਰਣਧੀਰ ਨੇ ਡੰਝ ਲਾਹੁਣ ਦੀ ਨੀਤ ਨਾਲ ਆਖਿਆ, "ਚਲ ਪੀਓ ਯਾਰ, ਮੁਕਾਓ ਵਿਚੋਂ..!"

"ਨਹੀਂ ਯਾਰ" ਪ੍ਰੇਮ ਨੇ ਆਖਿਆ, "ਅੰਗਰੇਜ਼ੀ ਸ਼ਰਾਬ ਅੰਗਰੇਜ਼ਾਂ ਵਾਂਗ ਈ ਪੀਣੀ ਚਾਹੀਦੀ ਐ।" ਉਹਦਾ ਅਸਲ ਭਾਵ ਇਹ ਸੀ ਕਿ ਭਾਵੇਂ ਡੂੰਗੇ ਵਿਚ ਹੈ ਕੁਲ ਪਉਆ, ਪਰ ਚਿਰ ਤਾਂ ਅਧੀਏ ਜਿੰਨਾ ਲੱਗੇ।

"ਅਸ਼ਕੇ ਨਵਾਬੀ ਦੇ, ਸਾਲਿਆ ਸ਼ਰਾਬ ਨੂੰ ਤਾਂ ਸੁੰਘ ਕੇ ਈ ਅਸਲਾ ਭੁਲ ਜਾਨੈਂ !" ਰਣਧੀਰ ਨੇ ਪ੍ਰੇਮ ਦੀਆਂ ਅੱਖਾਂ ਵਿਚ ਅੱਖਾਂ ਗੱਡ ਕੇ ਗੁੜੀ ਟਿੱਚਰ ਕੀਤੀ। ਪ੍ਰੇਮ ਨੂੰ ਅਖੌਤੀ ਜ਼ਾਤ ਦੀ ਹੀਣਤ ਚੇਤੇ ਆ ਗਈ ਹੋਵੇਗੀ : ਦੋਵੇਂ ਮੁਸਕਰਾ ਪਏ।

ਝਟ ਪਰਦਾ ਚੁਕ ਕੇ ਹੋਟਲ ਦਾ ਬਹਿਰਾ ਸੇਵਾ ਵਿਚ ਆ ਹਾਜ਼ਰ ਹੋਇਆ, "ਮੀਟ ਆਵੇ ਜੀ ?"

"ਨਹੀਂ।"

"ਆਮਲੇਟ ?"

"ਨਹੀਂ।"

"ਕਲੇਜੀ ਦੀ ਪਲੇਟ ?"

"ਨਹੀਂ।"

"ਕੋਈ ਮੱਛੀ ਦਾ ਟੁਕੜਾ?" ਬਹਿਰਾ ਵੀ ਬੁਰੇ ਦੇ ਘਰ ਤਾਈਂ ਜਾਣ ਵਾਲਾ ਸੀ।

"ਨਹੀਂ, ਨਹੀਂ...!" ਦੋਹਾਂ ਪਿਆਕੜਾਂ ਨੇ ਇਉਂ ਮੱਥੇ ਵਿਚ ਵਲ ਪਾ ਕੇ ਸਿਰ ਹਿਲਾਏ ਜਿਵੇਂ ਕੋਈ ਵੀ ਚੀਜ਼ ਪਸੰਦ ਨਹੀਂ ਆ ਰਹੀ।

"ਟਮਾਟਰ, ਸਿਲਾਦ, ਕੋਈ ਚੀਜ਼?" ਬਹਿਰਾ ਹੈਰਾਨ ਹੋ ਕੇ ਇਕੋ ਸਾਹ ਵਿਚ ਮਸ਼ੀਨ ਵਾਂਗ ਕਹਿ ਗਿਆ।

"ਅਸੀਂ ਆਪੇ ਵਾਜ ਮਾਰ ਦਿਆਂਗੇ..." ਪ੍ਰੇਮ ਨੇ ਛੁਟਿੱਤਣ ਦਾ ਅਹਿਸਾਸ ਨਾ ਹੁੰਦਾ ਜਤਾ ਕੇ ਗੰਭੀਰਤਾ ਨਾਲ ਕਿਹਾ। ਬਹਿਰਾ ਇਕ ਰੁਖੀ, ਘਿਰਣਾ ਭਰੀ ਤਿਰਛੀ ਨਜ਼ਰ ਸੁਟਦਾ ਪਰਦੇ ਨੂੰ ਛੇਤੀ ਨਾਲ ਖਿਚ ਕੇ ਚਲਾ ਗਿਆ।

ਉਹਨਾਂ ਨੂੰ ਉੱਠਣ ਦੀ ਕਾਹਲੀ ਪੈ ਗਈ। ਰਣਧੀਰ ਨੇ ਰਹਿੰਦੀ ਸ਼ਰਾਬ ਗਲਾਸਾਂ ਵਿਚ ਪਾ ਕੇ ਪਊਏ ਵਿਚ ਫੂਕ ਮਾਰ ਦਿਤੀ ਤੇ ਪ੍ਰੇਮ ਨੂੰ ਕਿਹਾ, "ਖ਼ਾਲੀ ਪਊਏ ਨੂੰ ਜੇਬ ਵਿਚ ਪਾ ਲਈ।"

ਦੋਹਾਂ ਨੇ ਅੱਧਾ ਅੱਧਾ ਪੈਗ ਹੋਰ ਪੀ ਲਿਆ। ਨਿਰ੍ਹਾ ਨਿਮਾ ਲੋਰ ਆਉਣ ਲਗਾ। ਬੋਲ ਥਥਲਾਉਣ ਲੱਗੇ। ਮਨਾਂ ਵਿਚ ਕਦੇ ਖੁਸ਼ੀਆਂ ਤੇ ਕਦ ਰਾਸੀਆਂ ਦੇ ਫੋਰਨ ਵਰਨ ਲੱਗੇ। ਪ੍ਰੇਮ ਨੂੰ ਮਕਾਨ ਦੇ ਕਰਾਏ ਦਾ ਚੇਤਾ ਆਇਆ, ਬਿਜਲੀ ਦਾ ਬਿਲ-ਬਿਲ ਪਿਛਲੇ ਮਹੀਨੇ ਵੀ ਨਹੀਂ ਸੀ ਦੇ ਹੋਇਆ, ਲੱਕੜੀਆਂ ਦੇ ਪੈਸੇ, ਦੁੱਧ ਵਾਲੇ ਦਾ ਇਕਰਾਰ ਤੇ ਉਹ ਗੁਆਚੇ ਲੋਰ ਵਿਚ ਬੁੜ- ਬੁੜਾਇਆ, "ਯਾਰ ਰਣਧੀਰ, ਪੂਰਾ ਨ੍ਹੀਂ ਪੈਂਦਾ...!"

ਏਨੀ ਗੱਲ ਸੁਣ ਕੇ ਰਣਧੀਰ ਨੂੰ ਵੀ ਆਪਣੇ ਘਰ ਦੀ ਤੰਗੀ ਚੇਤੇ ਆਈ। ਦਾਣੇ ਤਿੰਨਾਂ ਕੁ ਦਿਨਾਂ ਜੋਗੇ ਰਹਿ ਗਏ ਸਨ, ਨੂਣ, ਤੇਲ ਤੇ ਪਿੰਡ ਦੇ ਬੈਂਕ ਦੀ ਕਿਸ਼ਤ ਰਣਧੀਰ ਨੂੰ ਆਪਣੀ ਸ਼ਰਾਬ ਲਹਿੰਦੀ ਜਾਪੀ ਤੇ ਉਹਨੇ ਆਖਿਆ, "ਛਡ ਯਾਰ ਇਹਨਾਂ ਹੋਣੇ ਧੋਣਿਆਂ ਨੂੰ ਗਮ ਗਲਤ ਵੀ ਹੋ ਲੈਣ ਦੇਹ, ਕੋਈ ਹੋਰ ਗੱਲ ਕਰ।"

"ਫ਼ਿਕਰ ਈ ਨ੍ਹੀ ਮੁਕਦੇ ਯਾਰ..." ਪ੍ਰੇਮ ਨੇ ਆਪਣੀ ਜਾਚੇ ਸ਼ਾਇਦ ਕੋਈ ਹੋਰ ਗੱਲ ਹੀ ਕੀਤੀ ਹੋਵੇ। "ਨਾ ਕੁਝ ਲਿਖ ਹੁੰਦੈ, ਨਾ ਕੁਝ.'

"ਕੋਈ ਤਸਵੀਰ ਵਾਹੀ ?"

"ਕਿਥੇ..."

"ਕੋਈ ਕਵਿਤਾ ?"

"ਸੁੱਝਦੀਓ ਨ੍ਹੀ !"

ਰਣਧੀਰ ਦੇ ਇਸ ਤਰ੍ਹਾਂ ਛੇਤੀ ਛੇਤੀ ਪੁੱਛਣ ਤੋਂ ਪ੍ਰੇਮ ਨੂੰ ਜਾਪਿਆ ਜਿਵੇਂ ਉਹ ਆਪ ਦਫ਼ਤਰ ਭਰੀ ਬੈਠਾ ਹੋਵੇਗਾ। ਉਹਨੇ ਆਪਣਾ ਪੈਗ ਮੁਕਾ ਕੇ ਗਲਾਸ ਰਖਦਿਆਂ ਜ਼ਰਾ ਕੁ ਮਸਤ ਅੱਖਾਂ ਬਣਾ ਕੇ ਰਣਧੀਰ ਨੂੰ ਪੁਛਿਆ, "ਤੇ ਤੂੰ ਕੋਈ ਲਿਖੀ ਨਵੀਂ ਚੀਜ਼ ?"

"ਕਾਹਨੂੰ ਯਾਰ"।

"ਕੋਈ ਕਹਾਣੀ ਨਹੀਂ ਲਿਖੀ ਇਹਨਾਂ ਦਿਨਾਂ ਵਿਚ ?"

"ਇਕ ਅੱਖਰ ਤਕ ਨ੍ਹੀ ਲਿਖਿਆ। ਬਣਦੀ ਓ ਨ੍ਹੀ ਕੋਈ ਕਹਾਣੀ ਮਨ ਵਿਚ, ਨਾ ਕੋਈ ਪਲਾਟ ਲਭਦਾ ਏ !" ਰਣਧੀਰ ਨੇ ਆਪਣਾ ਗਲਾਸ ਵੀ ਖ਼ਾਲੀ ਕਰ ਦਿਤਾ।

"ਤੈਨੂੰ ਪਿੰਡ ਵਿਚ ਰਹਿੰਦੇ ਨੂੰ ਵੀ ਪਲਾਟ ਲੱਭਣ ਦੀ ਲੋੜ ਐ?"

ਪ੍ਰੇਮ ਨੇ ਰਣਧੀਰ ਨੂੰ ਪ੍ਰਤਿਭਾਸ਼ਾਲੀ ਹੋਣ ਦਾ ਅਹਿਸਾਸ ਜਗਾਇਆ। ਨਾਲੇ ਪ੍ਰੇਮ ਸਮਝਦਾ ਸੀ ਕਿ ਸਾਹਿਤ ਦੇ ਅਸਲ ਸੋਮੇ ਪਿੰਡ ਹਨ; ਜਿਥੇ ਜ਼ਿੰਦਗੀ ਆਪਣੇ ਅਸਲੀ ਰੂਪ ਵਿਚ ਵਿਚਰਦੀ ਹੈ।

"ਲੇਖਕ ਹਰ ਵੇਲੇ ਨਹੀਂ ਲਿਖ ਸਕਦਾ ਪ੍ਰੇਮ, ਕਈ ਵਾਰ ਚੰਗੇ ਚੰਗਿਆਂ ਦੇ ਸੰਤੂ ਮੁਕ ਜਾਂਦੇ ਹਨ। ਕਹਿੰਦੇ ਨੇ : ਇਕ ਵਾਰ 'ਪੰਜਾਬ ਦਾ ਪਿਆਰਾ ਕਹਾਣੀ ਲੇਖਕ ਕਹਾਣੀਆਂ ਦੀ ਟੋਲ ਵਿਚ ਬਿਨਾਂ ਦੱਸੇ ਘਰੋਂ ਅਲੋਪ ਹੋ ਗਿਆ ਸੀ। ਘਰ ਵਾਲਿਆਂ ਅਤੇ ਪੁਲਿਸ ਨੂੰ ਮਾਰ ਭਾਜੜਾਂ ਪੈ ਗਈਆਂ ਸਨ...!" ਮੇਜ਼ ਉਤੇ ਪਏ ਪੰਜਾਬੀ ਦੇ ਇਕ ਪ੍ਰਸਿੱਧ ਮਾਸਕ ਦੇ ਸੱਜਰੇ ਪਰਚੇ ਵਲ ਦੇਖ ਕੇ,ਜਿਸ ਵਿਚ ਇਸੇ ਭਾਵ ਦੀ ਇਕ ਕਹਾਣੀ ਸੀ, ਦੋਵੇਂ ਉਚੀ ਹਸ ਪਏ।

ਪਲੇਟ ਵਿਚ ਬਿਲ ਰਖ ਕੇ ਬਹਿਰਾ ਆਇਆ। ਕੇਵਲ ਬਿਲ ਜਿੰਨੇ ਹੀ ਪੈਸੇ ਪਲੇਟ ਵਿਚ ਰਖੇ ਗਏ। ਬਹਿਰੇ ਨੇ ਢਿਲੀ ਜੇਹੀ ਸਲਾਮ ਕੀਤੀ ਤੇ ਖ਼ਾਲੀ ਪਊਆ ਚੁਕ ਕੇ ਲੈ ਗਿਆ।

ਦੋਵੇਂ ਟਹਿਲਦੇ ਸੜਕ ਉਤੇ ਆ ਗਏ। ਫਰਾਟੇ ਮਾਰਦੀ ਹਵਾ ਸੀਟੀਆਂ ਵਿਚ ਵਗਦੀ ਸੀ। ਪਰ ਪੀ ਕੇ ਘੁੰਮਣ ਦਾ ਵੀ ਇਕ ਸੁਆਦ ਹੁੰਦਾ ਹੈ। ਉਹ ਪਾਲੇ ਵਿਚ ਠਰਦੇ ਘੰਟਾ ਘਰ ਵਲ ਤੁਰ ਪਏ।

“ਹਾਂ ਤੇ ਇਕ ਅਸੀਂ ਕੀ..." ਰਣਧੀਰ ਨੇ ਗੱਲ ਦੀ ਲੜੀ ਜੋੜਦਿਆਂ ਕਿਹਾ, "... ਅੱਜ ਕਲ੍ਹ ਸਾਰੇ ਲਿਖਾਰੀਆਂ ਕਲਾਕਾਰਾਂ ਦਾ ਇਹੋ ਹਾਲ ਹੈ ਤੇ ਇਸ ਦਾ ਵੱਡਾ ਕਾਰਨ, ਮੈਂ ਸਮਝਦਾ ਹਾਂ, ਆਰਥਕ ਸੰਕਟ ਹੈ।”

“ਹਾਂ, ਇਹ ਗੱਲ ਠੀਕ ਐ" ਪ੍ਰੇਮ ਨੇ ਸਹਿਮਤ ਹੋ ਕੇ ਆਖਿਆ ਤੇ ਇਸੇ ਗੱਲ ਦੀ ਪ੍ਰੋੜ੍ਹਤਾ ਵਿਚ ਰਣਧੀਰ ਨੇ ਕਿਹਾ, “ਲਿਖਣਾ, ਚਿਤ੍ਰਨ ਜਾਂ ਕਲਾ ਨੂੰ ਸਾਜਣਾ ਇਕ ਉੱਤਮ ਕੰਮ ਹੈ, ਪਰ ਇਸ ਦਾ ਕੋਈ ਮੁੱਲ ਨਹੀਂ ਪੈਂਦਾ। ਲੇਖਕ ਤੇ ਹੁਨਰਮੰਦ ਆਪਣੀ ਕਿਰਤ ਨਾਲ ਦੇਸ਼ ਨੂੰ ਸਭਯ ਬਣਾਉਂਦੇ ਹਨ; ਪਰ ਸਾਡੇ ਦੇਸ਼ ਵਿਚ ਉਹਨਾਂ ਲਈ ਰੋਟੀ ਨਹੀਂ...!’

"ਇਹ ਨਿਜ਼ਾਮ ਹੀ ..."

'ਪਰ ਨਿਰਾ ਨਿਜ਼ਾਮ ਨੂੰ ਭੰਡਦੇ ਰਹਿਣਾ ਹੀ ਕਾਫ਼ੀ ਨਹੀਂ", ਰਣਧੀਰ ਨੇ ਗੱਲ ਟੁਕ ਦਿਤੀ, "ਇਸ ਦੇ ਖ਼ਿਲਾਫ਼ ਅਸਲੋਂ ਲੜਨਾ ਪਵੇਗਾ।"

"ਪਰ ਯਾਰ ਨਿਰੀਆਂ ਸਿਆਸੀ ਚੀਜ਼ਾਂ ਪਰਚਾਰ ਜਿਹਾ ਬਣ ਕੇ ਰਹਿ ਜਾਂਦੀਆਂ ਨੇ, ਸਾਫ਼ ਨਾਹਰੇ ਬਾਜ਼ੀ। ਆਖ਼ਰ ਹੁਨਰ ਵੀ ਕੋਈ ਚੀਜ਼ ਹੈ !"

"ਅਸਲ ਵਿਚ ਪ੍ਰੇਮ, ਜੀਉਂਦੀ ਸਚਾਈ ਨੂੰ ਸਿਰਜਣਾ ਜਾਂ ਪਰਗਟ ਕਰਨਾ ਸਾਹਿਤ ਤੇ ਕਲਾ ਦਾ ਮਨੋਰਥ ਹੈ। ਜੇ ਸੱਚ ਕਹਿਣਾ ਜਾਂ ਪਰਗਟ ਕਰਨਾ ਪਰਚਾਰ ਹੈ ਤਾਂ ਜ਼ਿੰਦਗੀ ਆਪ ਇਕ ਪਰਚਾਰ ਹੈ। ਜਦੋਂ ਮਨੁੱਖ ਬੋਲਦੇ, ਵਿਚਰਦੇ ਜਾਂ ਪੰਛੀ ਚਹਿਕਦੇ ਤੇ ਉਡਦੇ ਹਨ, ਆਪਣੇ ਮਨ ਦੀ ਹਾਲਤ ਦਾ ਪਰਚਾਰ ਕਰਦੇ ਹਨ। ਫੁੱਲ ਦਾ ਮਹਿਕਣਾ ਉਹਦੀ ਰੂਹ ਦਾ ਪਰਚਾਰ ਹੈ। ਬਿਰਛ ਦਾ ਉੱਗਣਾ, ਫੁਲਣਾ ਤੇ ਫਲਣਾ ਜੀਵਨ ਦੇ ਵਿਕਾਸ ਦਾ ਪਰਚਾਰ ਹੈ। ਹਰ ਆਦਮੀ ਖ਼ੁਸ਼ਹਾਲੀ ਤੇ ਉਨਤੀ ਚਾਹੁੰਦਾ ਹੈ, ਤੇ ਸਾਧਾਰਨ ਆਦਮੀ ਜ਼ਿੰਦਗੀ ਦਾ ਮਹਾਨ ਹਿੱਸਾ ਹੈ। ਜੇ ਕੋਈ ਅੱਜ ਸਾਧਾਰਨ ਆਦਮੀ ਦੇ ਮਨ ਦੀ ਹਾਲਤ, ਉਹਦੇ ਵਲਵਲੇ, ਉਮੰਗਾਂ, ਇਛਾਵਾਂ ਤੇ ਚੰਗੀ ਜ਼ਿੰਦਗੀ ਲਈ ਉਹਦੇ ਮਨ ਵਿਚ ਉਠਦੇ ਉਭਾਰ ਨੂੰ ਜਾਂ ਘਟੀਆ ਜੀਵਨ ਦੇ ਵਿਰੁੱਧ ਉਹਦੀ ਘਿਰਣਾ ਨੂੰ ਲਿਖਦਾ ਯਾ ਚਿਤ੍ਰਦਾ ਹੈ, ਤਾਂ ਉਹ ਪਰਚਾਰ ਨਹੀਂ, ਜੀਉਂਦੀ ਸਚਾਈ ਨੂੰ ਰੂਪਮਾਨ ਕਰਦਾ ਹੈ। ਜੀਉਂਦੀ ਸਚਾਈ ਹੀ ਅਸਲੀ ਸਾਹਿਤ ਜਾਂ ਕਲਾ ਦੀ ਜਿੰਦ ਹੈ। ਅੱਜ ਇਹ ਪਰਗਟ ਕਰਨਾ ਕਿ ਸਾਡੀ ਆਜ਼ਾਦੀ ਅਧੂਰੀ ਹੈ, ਸੱਚ ਦੀ ਪਾਲਣਾ ਹੈ ਕਿਉਂਕਿ ਇਸ ਤਰ੍ਹਾਂ ਅਜ ਆਮ ਆਦਮੀ ਸੋਚਦਾ ਹੈ। ਇਹ ਸਮਾਜ ਤੇ ਇਤਿਹਾਸ ਨਾਲ ਬੀਤਿਆ ਸੱਚ ਹੈ। ਜਿਹੜਾ ਕੋਈ ਵੀ ਇਹਨੂੰ ਪਰਚਾਰ ਕਹਿ ਕੇ ਛੁਟਿਆਉਂਦਾ ਹੈ, ਉਹ ਲੋਕ-ਵੈਰੀ ਧੜੇ ਦੀ ਬੋਲੀ ਬੋਲਦਾ ਹੈ।"

ਘੰਟਾ ਘਰ ਦਾ ਚੌਂਕ ਆ ਗਿਆ।

ਸਾਹਮਣੇ, ਨੁੱਕਰ ਵਿਚ ਪਾਨਾਂ ਦੀ ਹੱਟੀ ਸੀ। ਬੁਲ੍ਹਾਂ ਨਾਲ ਭੁਰਨ ਵਾਲੇ ਕਰਾਰੇ ਪਾਨ, ਜਿਨ੍ਹਾਂ ਨੂੰ ਮੂੰਹ ਵਿਚ ਰਖਿਆਂ ਸਾਹ ਮਹਿਕਣ ਲੱਗ ਜਾਂਦੇ ਹਨ। ਰਣਧੀਰ ਨੇ ਆਖਿਆ, "ਆ ਯਾਰ ਪਾਨ ਖਾਈਏ।"

"ਹਾਂ ਯਾਰ !" ਪ੍ਰੇਮ ਨੂੰ ਕਿਹੜੀ ਨਾਂਹ ਸੀ।

"ਲੈ ਲੈ ਫੇਰ।"

" ਤੂੰ ਲੈ ਲੈ।"

"ਓ ਲੈ ਵੀ ਲਿਆ ਕਰ !"

'ਨਾ ਢੁੱਚਰਾਂ ਪੜ੍ਹੀ ਜਾਹ ਯਾਰ !"

"ਕੀ ਬਕਵਾਸ ਐ ਭਲਾ ?"

“ਚੰਗਾ ਫੇਰ, ਆਪੋ ਆਪਣਾ।"

'ਚਲ ਸਹੀ ਕਢ ਫੇਰ ਟਕਾ.. ." ਰਣਧੀਰ ਨੇ ਹੱਥ ਅੱਡ ਲਿਆ।

“ਮੈਂ ਦੇ ਦਿੱਨਾਂ—ਓਏ ਦੇ ਦਿੰਨਾਂ ਮੈਂ— ਤੂੰ ਲੈ ਤਾਂ ਸਹੀ।"

"ਕਿਉਂ ਐਵੇਂ ਵਕਤ ਗਾਲੀ ਜਾਨੈ ? ਛਡ ਦਫ਼ਾ ਕਰ ਨਹੀਂ ਤਾਂ।" ਰਣਧੀਰ ਖਿੱਝ ਕੇ ਤੁਰਨ ਲਗਾ। ਪ੍ਰੇਮ ਨੇ ਝਟ ਰੋਕ ਕੇ ਆਖਿਆ, "ਓ ਲੈ ਵੀ, ਐਵੇਂ ਆਕੜ ਜਾਨੈਂ।"

ਮੂੰਹ ਵਿਚ ਪਾਨ ਪਾਉਂਦਿਆਂ ਕੈਂਚੀ ਦੀ ਡੱਬੀ ਵਲ ਸੈਨਤ ਕਰ ਕੇ ਪ੍ਰੇਮ ਨੇ ਆਖਿਆ, "ਇਹ ਵੀ ਲੈ ਲਈਏ ?"

"ਛਡ ਪਰੇ, ਸੜ੍ਹਿਆਣ ਦਾ ਘਰ।" ਰਣਧੀਰ ਬਹੁਤਾ ਸ਼ੌਂਕੀ ਨਹੀਂ ਸੀ।

"ਆਰਟਿਸਟ ਲਗਦੈ ਬੰਦਾ ਇਕ ਵਾਰ ਤਾਂ ਸੂਟਾ ਖਿਚ ਕੇ, ਜਦ ਧੂੰਏਂ ਦੀਆਂ ਕਾਸਣੀ ਧਾਰੀਆਂ ਹਵਾ ਵਿਚ ਮੇਲ੍ਹਣ ਲਗ ਜਾਂਦੀਆਂ ਨੇ।"

ਏਨੀ ਗੱਲ ਸੁਣ ਕੇ ਰਣਧੀਰ ਦਾ ਵੀ ਜੀ ਕਰ ਆਇਆ, "ਫੇਰ ਲੈ ਲੈ..." ਉਹਨੇ ਆਖਿਆ।

“ਨਾਵਾਂ ਕਢ ਫੇਰ...'

"ਇਹ ਗੱਲ ਝੂਠੀ, ਜੇਬ 'ਚ ਕੌਡੀ ਨ੍ਹੀ।"

"ਫੇਰ ਨਾ ਸਹੀ।"

"ਨਾ ਸਹੀ।"

"ਚੱਲ ਫੇਰ, ਤੁਰ ਹੁਣ ਕਿਸੇ ਪਾਸੇ..."

"ਕਿਧਰ ਨੂੰ ਚੱਲੀਏ ? ਚੌੜੇ ਬਾਜ਼ਾਰ ?”

"ਬਾਜ਼ਾਰ ਦੀ ਕਾਹਦੀ ਸੈਰ ਐ ਨਿਰਾ ਗੰਦ।"

“ਫਲੌਰ ਵਲ ਚੱਲੀਏ, ਦਰਿਆ ਉਤੇ ?”

"ਉਹ ਦੂਰ ਐ !"

“ਕਿਸੇ ਪਾਸੇ ਮਰੇਂਗਾ ਵੀ।"

“ਚਲ, ਸਿਵਲ ਲਾਈਨ ਨੂੰ ਚਲਦੇ ਆਂ।"

‘'ਚਲ" ਤੇ ਉਹ ਕਚਹਿਰੀਆਂ ਦੇ ਪੁਲ ਵਲ ਤੁਰ ਪਏ।

ਥੋੜੀ ਦੂਰ ਜਾ ਕੇ ਪ੍ਰੇਮ ਨੇ ਆਖਿਆ, "ਕੋਈ ਕਹਾਣੀ ਲਿਖ, ਤੂੰ ਕਿੰਨੇ ਚਿਰ ਤੋਂ ਚੁੱਪ ਐਂ- ਲਿਖਾਰੀ ਨੂੰ ਕੁਝ ਨਾ ਕੁਝ ਲਿਖਦੇ ਰਹਿਣਾ ਚਾਹੀਦੈ।"

"ਪਰ ਲਿਖਾਂ ਕਿਵੇਂ ? ਕੋਈ ਪਲਾਟ ਵੀ ਮਿਲੇ।"

"ਪਲਾਟ ਆਪੇ ਨ੍ਹੀ ਮਿਲਦੇ ਹੁੰਦੇ ਆਪ ਜਾ ਕੇ ਮਿਲੀਦੈ ਪਲਾਟਾਂ ਨੂੰ।"

“ਪਰ ਗੱਲ ਵੀ ਬਣੇ ਕਿਵੇਂ, ਵਡਿਆ ਫਲਾਸਫਰਾ ! ਫੁੱਟੀ ਕੋਡੀ ਕਿਤੋਂ ਮਿਲਦੀ ਨ੍ਹੀ ਲਿਖਣ ਦੀ—ਲਿਖਣਾ ਕੋਈ ਖੇਡ ਐ ਭੁੱਖੇ ਢਿਡ?”

"ਇਹ ਵੀ ਇਕ ਪਲਾਟ ਐ ਝੁੱਡੂਆ, ਲਿਖ ਇਸੇ ਨੂੰ !’

ਸਾਹਮਣਿਓਂ ਇਕ ਪਰਛਾਵਾਂ ਜਿਹਾ ਗੁਣਗੁਣਾਉਂਦਾ ਆ ਰਿਹਾ ਸੀ। ਹੋਰ ਨੇੜੇ ਆ ਕੇ ਪਰਛਾਵੇਂ ਦਾ ਇਕ ਗੱਭਰੂ ਬਣ ਗਿਆ। ਗਲ ਵਿਚ ਲੀਰੋ ਲੀਰ ਕੁੜਤਾ : ਮਜਨੂੰ ਵਾਂਗ ਆਲ੍ਹਣਾ ਹੋਏ ਵਾਲ, ਮੈਲੀ, ਪਾਟੀ ਪਤਲੂਨ। ਮੂਹਰੀਆਂ ਪਿੰਨੀਆਂ ਤਕ ਚੜ੍ਹੀਆਂ ਹੋਈਆਂ। ਹਵਾ ਵਿਚ ਹੱਥ ਮਾਰ ਕੇ ਉਹ ਉਚੀ ਉਚੀ ਗਾਉਂਦਾ ਸੀ:

"ਸੂਲੀ ਚੜ੍ਹ ਮਨਸੂਰ ਪੁਕਾਰੇ,
ਮਿਲਦੇ ਇਸ਼ਕ ਹੁਲਾਰੇ ਨੇ !"

ਤੇ ਆਪਣੇ ਨੇੜੇ ਦੇ ਬੰਦਿਆਂ ਨੂੰ ਦੇਖ ਕੇ ਉਹ ਅਵਾ ਤਵਾ ਬੋਲਣ ਲਗਾ : "ਔਹ ਚਲੇ ਗਏ ਕਾਫਲੇ—ਔਹ ਆ ਗਏ ਕਾਫਲੇ--ਕਾਫਲੇ ਵਾਲੇ ਮੁਝੇ ਅਬ ਛੋੜ ਦੋ—ਹਮ ਮਜਨੂੰ ਹੈਂ—ਹਮਾਰੀ ਲੈਲਾ ਲਾਹੌਰ ਮੇਂ ਹੈ—ਹਮ ਫਰਹਾਦ ਹੈਂ, ਜਿਸ ਕੇ ਪਾਸ ਸ਼ੀਰੀਂ ਨਹੀਂ। ਮੇਰੀ ਸ਼ੀਰੀਂ ਲਾਹੌਰ ਕਾਲਜ ਮੈਂ ਪੜ੍ਹਤੀ ਥੀ—ਮੈਂ ਨੇ ਉਸ ਕੇ ਲੀਏ ਪਹਾੜ ਖੋਦਾ, ਔਰ ਦੂਧ ਕੀ ਨਹਿਰ ਨਿਕਾਲੀ -- ਦੂਧ ਕਾ ਦੁਧ, ਪਾਨੀ ਕਾ ਪਾਨੀ-ਔਰ ਲਹੂ ਪਾਨੀ ਏਕ ਹੋ ਗਿਆ- ਔਰ ਦੁਧ ਕੀ ਨਹਿਰ ਲਹੂ ਕੀ ਨਹਿਰ ਬਨ ਗਈ—ਲਾਹੌਰ ਔਰ ਅੰਮ੍ਰਿਤਸਰ ਕੇ ਬੀਚ—ਮੇਰੀ ਸ਼ੀਰੀਂ ਲਹੂ ਕੀ ਨਹਿਰ ਮੇਂ ਡੂਬ ਗਈ - ਹਮ ਬੀ. ਏ. ਪਾਸ ਹੈ—ਛੋਟਾ ਮੋਟਾ ਆਦਮੀ ਨਹੀਂ ਹੈ—ਲਾਰਡ ਕੀ ਲੜਕੀ ਸੇ ਇਸ਼ਕ ਕਰਤਾ ਹੈ—ਹਮ ਮਿਸ ਵਰਡ ਕਾ ਆਸ਼ਿਕ ਹੈ—ਔਰ

ਆਸ਼ਿਕ ਮਜਨੂੰ ਹੋਤੇ ਹੈਂ—ਔਰ ਮਜਨੂੰ ਕੇ ਸਿਰ ਮੇਂ ਖ਼ਾਕ ਹੋਤੀ ਹੈ...!" ਕਹਿੰਦੇ ਕਹਿੰਦਿਆਂ ਉਹਨੇ ਪਟੜੀ ਦੇ ਨਾਲ ਚਾਹ ਦੀ ਬੁਝੀ ਹੋਈ ਭੱਠੀ 'ਚੋਂ ਰਾਖ ਦੀ ਮੁੱਠੀ ਭਰੀ ਤੇ ਆਪਣੇ ਸਿਰ ਵਿਚ ਪਾ ਲਈ। ਫੇਰ ਵਾਲ ਛੰਡੇ। ਇਕ ਮੁੱਠੀ ਹੋਰ ਪਾ ਲਈ ਤੇ ਇਕ ਉਤੇ ਨੂੰ ਵਗਾਹ ਮਾਰੀ। ਫੇਰ ਉਹਨੇ ਮਿੰਟ ਕੁ ਅੱਖਾਂ ਗੱਡ ਕੇ ਸੁੰਨੇ ਚੌਂਕ ਵਲ ਦੇਖਿਆ ਤੇ ਅਭੜਵਾਹਿਆਂ ਵਾਂਗ ਬੋਲਦਾ ਚੌਂਕ ਵਲ ਸ਼ੂਟ ਵਟ ਕੇ ਭਜ ਲਿਆ, "ਵੋਹ ਖੜੀ ਹੈ ਲਾਰਡ ਕੀ ਲੜਕੀ, ਹਮਾਰੀ ਮਾਸ਼ੂਕ, ਮਿਸ ਵਰਡ…….'

"ਬੱਲੇ ਓਇ ਆਸ਼ਿਕਾ......!" ਉਹ ਦੋਵੇਂ ਉਹਦੇ ਵਲ ਦੇਖਦੇ ਹੱਸ ਪਏ ਤੇ ਫਿਰ ਆਪਣੇ ਧਿਆਨ ਤੁਰ ਪਏ।

ਅਜੇ ਉਹ ਗਲੋਰੀਆ ਹੋਟਲ ਦੇ ਕੋਲ ਹੀ ਗਏ ਸਨ ਕਿ ਪਟੜੀ ਦੇ ਨਾਲ ਲੱਕੜੀ ਦੇ ਡੱਬ ਹੇਠੋਂ ਕਿਸੇ ਦੇ ਵਿਲਕਣ ਦੀ ਵਾਜ ਆਈ, "ਮੈਨੂੰ ਰਖ ਲਓ ਜੀ... ਜੀ ਮੈਨੂੰ ਬੈਠੀ ਕਰ ਦਓ!" ਪੀੜਾਂ ਨਾਲ ਕੁਰਲਾਂਦੀ ਜ਼ਨਾਨੀ ਵਾਜ ਸੀ। ਵਾਜ ਫੇਰ ਆਈ ...ਜੀ ਜਾਣ ਵਾਲਿਓ.. ਹਾਏ !" ਉਹਨਾਂ ਤੋਂ ਅੱਗੇ ਨਾ ਤੁਰ ਹੋਇਆ, ਦੋਵੇਂ ਪਟੜੀ ਵਲ ਆਏ।

ਪਟੜੀ ਦੇ ਨਾਲ ਨਾਲ ਲੱਕੜੀ ਦੇ ਖੋਖਿਆਂ ਦੀਆਂ ਬੰਦ ਦੁਕਾਨਾਂ ਇਕ ਪਾਲ ਵਿਚ ਚੁੱਪ ਖੜੀਆਂ ਸਨ। ਵਾਜ ਫੇਰ ਆਈ, "ਜੀ ਮੈਂ ਮਰ ਚੱਲੀ !" ਉਹਨਾਂ ਅੱਖਾਂ ਪਾੜ ਕੇ ਦੇਖਿਆ, ਸੰਘਣੇ ਹਨੇਰੇ ਵਿਚ ਇਕ ਖੋਖੇ ਦੀ ਓਟ ਲੈ ਕੇ ਮੈਲੀਆਂ ਸਿਲ੍ਹੀਆਂ ਬੋਰੀਆਂ ਤੇ ਪਾਟੀਆਂ ਜੁੱਲੀਆਂ ਵਿਚ ਇਕ ਅਧਖੜ ਤੀਵੀਂ ਸੀ, ਜਿਸ ਤੋਂ ਖੱਟੀ ਬੂ ਆਉਂਦੀ ਸੀ।

ਪ੍ਰੇਮ ਨੇ ਥੋੜਾ ਝੁਕ ਕੇ ਪੁਛਿਆ, "ਮਾਈ, ਕੀ ਗੱਲ ਐ ? ਕੌਣ ਐਂ ਤੂੰ ? ਕੀ ਦੁਖ ਐ ਤੈਨੂੰ ?"

"ਜੀ ਮੈਂ ਕੀ ਦੱਸਾਂ—ਹਾਏ...!" ਤੀਵੀਂ ਨੇ ਜਿਵੇਂ ਤਿੱਖੀ ਪੀੜ ਮੰਨੀ।

ਰਣਧੀਰ ਨੇ ਗੁੱਦੜਾਂ ਬੋਰੀਆਂ ਦੀ ਸੜਾਂਦ ਉਤੇ ਹੋਰ ਕੋਡਾ ਹੋ ਕੇ ਆਖਿਆ, "ਗੱਲ ਕੀ ਐ ਮਾਈ, ਦੱਸ ਤਾਂ ਸਹੀ, ਕੌਣ ਐਂ ਤੂੰ, ਇਥੇ ਕਿਉਂ ਪਈ ਐਂ ਏਕਣ ?"

"ਜੀ ਮੈਂ ਕੀ ਦੱਸਾਂ...!" ਵਾਜ ਵਿਚ ਪੀੜ ਹੀ ਨਹੀਂ, ਨਮੋਸ਼ੀ ਵੀ ਸੀ।

"ਕੋਈ ਡਰ ਨਹੀਂ ਮਾਈ, ਬੰਦਾ ਬੰਦੇ ਅੱਗੇ ਈ ਦੁੱਖ ਫੋਲਦੈ।"

"ਹਾਏ ਰੱਬਾ...!" ਪੀੜਾਂ ਭਰੀ ਉਹਨੇ ਇਕ ਲ੍ਹੇਰ ਹੋਰ ਮਾਰੀ।

"ਦੱਸ ਮਾਈ, ਦੱਸ, ਕੀ ਹੋਇਆ ਤੈਨੂੰ ?"

"ਜੀ ਮੈਨੂੰ ਕੀ ਹੋਣਾ ਸੀ, ਭਾਗ ਫੁਟ ਗੇ ਮੇਰੇ, ਮਾੜੇ ਕਰਮ" ਉਹ ਹਿਚਕੀਆਂ ਵਿਚ ਫੁਟ ਕੇ ਰੋਣ ਲਗ ਪਈ।

"ਕੋਈ ਨਾ ਮਾਈ, ਰੋ ਨਾ ਤੂੰ, ਪਿੰਡ ਕਿਹੜੈ ਤੇਰਾ ?"

"ਜੀ ਢੋਲੇਆਲ ਐ, ਹਰੀਜਨ ਹੁੰਨੇ ਆਂ ਅਸੀਂ, ਮਾਲਕ ਮੇਰਾ ਮਰ ਗਿਆ, ਮੁੰਡਾ ਨਿਆਣਾ, ਦਿਓਰਾਂ ਜੇਠਾਂ ਨੇ ਘਰੋਂ ਕੱਢ ਤੀ ਕੁਟ ਕੇ, ਪਹਿਲਾਂ ਰੱਖੀ ਤਿੰਨ ਸਾਲ, ਹੁਣ ਜਦੋਂ ਰੋਗ ਲਗ ਗਿਆ ਦੇਹ ਨੂੰ... ਚਕ ਸਰ ਗਿਆ... !" ਚੀਸ ਨੇ ਉਹਦੀ ਗੱਲ ਖੋਹ ਲਈ, "ਹਾਏ ਮੈਂ ਮਰ ਗਈ..."

"ਮਾਈ, ਤੂੰ ਏਨੀ ਚੀਸ ਕਿਉਂ ਮੰਨਦੀ ਐਂ ? ਕੁਝ ਦੁਖਦੈ ?'

"ਜੀ ਮੇਰਾ ਲੱਕ ਟੁੱਟਿਆ ਜਾਂਦੈ-ਬਮਾਰੀ ਹੋਗੀ ਮੈਨੂੰ ਚਿੱਟੇ ਪਾਣੀ ਦੀ—ਪੁੱਤ ਮਰ ਜਾਣ ਹੈਂ ਸਿਆਰਿਆਂ ਦੇ... ਹਾਏ ਨੀ ਅੰਬੜੀਏ...ਸੂਈਆਂ ਚੁਭਦੀਆਂ ਨੇ ਛਾਤੀ 'ਚ ਮੇਰੇ ਠੰਡ ਨਾਲ ਜੁੜਗੀ ਦੇਹ—ਜੀ ਮੈਨੂੰ ਬੈਠੀ ਕਰ ਦੋ—ਪਾਸੇ ਅੰਬ ਗੇ...!'

"ਮਾਈ, ਪਈ ਰਹੁ ਤੂੰ ਅਰਾਮ ਨਾਲ, ਬੈਠ ਨਾ।"

"ਜੀ ਮੈਂ ਕੀ ਕਰਾਂ—ਪਾਸੇ ਅੰਬ ਗੇ—ਥੋਡਾ ਭਲਾ ਹੋਵੇ ਜੀ—ਮੈਨੂੰ ਬੈਠੀ ਕਰ ਦੋ।"

ਦੋਹਾਂ ਨੇ ਉਹਦੀ ਪਿੱਠ ਪਿਛੇ ਹੱਥ ਪਾਏ। ਤੀਵੀਂ ਦੀ ਕਲਕਿਆਰ ਨਿਕਲ ਗਈ।

"ਤੂੰ ਕਾਹਨੂੰ ਆਉਣਾ ਸੀ ਇਥੇ ਮਾਈ?" ਕੋਝੇ ਦ੍ਰਿਸ਼ ਦੇ ਅਕੇਵੇਂ ਨਾਲ ਜ਼ਿੱਚ ਹੋ ਕੇ ਉਹਨਾਂ ਆਖਿਆ।

"ਜੀ ਮੈਂ ਤਾਂ ਸੋਚਿਆ, ਦੋ ਆਨੇ ਦੀ ਕਾਰ ਕਰੂੰਗੀ-ਬਾਹਰੋਂ ਡੱਕਾ ਸੁੱਕ ਚੁਗ ਕੇ ਸ਼ਹਿਰ ਬੇਚੂੰਗੀ—ਢਿਡ ਤੋਰੂੰਗੀ--ਪਰ…ਮੈਂ ਤਾਂ ਕਹਿਨੀ ਆਂ, ਮਰ ਜਾਣ ਬੱਚੇ ਦੋਸੇ ਹੋਇਆਂ ਦੇ ਆ ਜਾਇ ਗ਼ਰਕੀ ਇਹਨਾਂ ਨੂੰ ਮੇਰਾ ਬੁਰਾ ਹਾਲ ਕੀਤਾ...ਰਿਕਸ਼ਾ ਆਲੇ, ਤਾਂਗਿਆ ਆਲੇ, ਪੁਲਸੀਏ...ਬੁਰਛਿਆਂ ਨੇ ਮੈਨੂੰ ਦੋ ਦਿਨ ਅੰਦਰੋਂ ਨ੍ਹੀਂ ਕਢਿਆ ਅੱਖਾਂ ਤੋਂ ਮੈਨੂੰ ਨਾ ਸੀ ਦਿਸਦਾ—ਮੈਂ ਕੀ ਕਹਾਂ ਜੀ ਹੋਰ ਥੋਨੂੰ ਜ਼ਖ਼ਮ ਹੋਗੇ ਮੇਰੇ...!"

ਰਾਤ ਦਾ ਗਾਹੜਾ ਹਨੇਰਾ ਉਹਨਾਂ ਦੀਆਂ ਅੱਖਾਂ ਅਗੇ ਸੀ, ਜਿਸ ਨੂੰ ਤ੍ਰੀਮਤ ਦੀ ਸਿਦਕੀ ਵਾਜ ਲੀਰੋ ਲੀਰੀ ਕਰ ਰਹੀ ਸੀ। ਅਜੇਹੇ ਸਮੇਂ ਹਰ ਮਨੁੱਖ ਇਕ ਹੌਕਾ ਜ਼ਰੂਰ ਲੈਂਦਾ

ਹੈ। ਏਨੇ ਨੂੰ ਤੀਵੀਂ ਫੇਰ ਕੁਰਲਾਈ, "ਜੀ ਮੈਨੂੰ ਪਾ ਦਓ, ਮੇਰੇ ਤਾਂ ਹੱਡਾਂ ਨੂੰ ਜਿਵੇਂ ਕੋਈ ਪਿੰਜਦਾ ਏ—ਲੱਕ ਟੁਟ ਗਿਆ ਨੀ ਅੰਬੜੀਏ ਥੋੜਾ ਭਲਾ ਹੋਵੇ ਜੀ !"

ਚੀਸਾਂ ਮੰਨਦੀ ਦੁਖਿਆਰਨ ਨੂੰ ਉਹਨਾਂ ਦੋਹਾਂ ਨੇ ਫੜ ਕੇ ਫੇਰ ਲਿਟਾ ਦਿਤਾ ਤੇ ਜੁੱਲੀਆਂ ਬੋਰੀਆਂ ਸੁਆਰ ਕੇ ਉਤੇ ਦੇ ਦਿਤੀਆਂ।

ਬੜੀ ਔਖ ਨਾਲ ਉਥੋਂ ਉਹ ਤੁਰ ਸਕੇ। ਦਿਲਾਂ ਦਾ ਚੰਨ ਟੁੱਟ ਗਿਆ ਸੀ। ਪੀੜਾਂ, ਬੂ, ਨਰਕ ਤੇ ਪਾਪ ਉਹਨਾਂ ਦੇ ਨਾਲੋ ਨਾਲ ਰਹੇ ਸਨ।

ਉਹ ਚੁੱਪ ਤੁਰੇ ਜਾਂਦੇ ਸਨ ਕਿ ਸਾਹਮਣੇ ਰੇਲ ਦੀਆਂ ਲੀਹਾਂ ਚੋਂ ਇਕ ਇੰਜਣ ਨੇ ਚੀਕ ਮਾਰੀ। ਖਿਆਲ ਟੁੱਟ ਗਏ। ਰਣਧੀਰ ਨੇ ਬੜੀ ਗੰਭੀਰਤਾ ਨਾਲ ਕਿਹਾ, “ਲੋਕ ਬਹੁਤ ਦੁਖੀ ਨੇ ਪ੍ਰੇਮ, ਬਹੁਤ ਦੁਖੀ, ਤੇ ਦੁੱਖ ਵੀ ਅਜੀਬ ਤਰ੍ਹਾਂ ਦੇ —ਇਕ ਵਾਰ, ਰਾਜਪੁਰੇ ਦੇ ਸਟੇਸ਼ਨ ਉਤੇ ਇਕ ਬੁੱਢਾ ਮੇਰਾ ਬੋਝ ਚੁਕਣ ਲਈ ਖਹਿੜੇ ਪੈ ਗਿਆ। ਅੱਸੀ ਪਚਾਸੀ ਵਰ੍ਹੇ ਦੀ ਉਮਰ। ਮੈਂ ਉਸ ਨੂੰ ਬਜ਼ੁਰਗ ਜਾਣ ਕੇ ਬੋਝ ਚੁਕਾਉਣੋਂ ਨਾਂਹ ਕਰ ਦਿਤੀ। ਉਹ ਹੱਥ ਬੰਨ੍ਹ ਕੇ ਗਿੜਗਿੜਾਉਣ ਲਗਾ, "ਰੱਬ ਦੇ ਵਾਸਤੇ, ਮੈਨੂੰ ਜ਼ਰੂਰ ਚੁਕ ਲੈਣ ਦਿਓ ਜੀ, ਮੇਰਾ ਟੱਬਰ ਭੁੱਖਾ ਬੈਠਾ ਏ ਤੇ ਮੈਨੂੰ ਬੁੱਢਾ ਜਾਣ ਕੇ ਕੋਈ ਬੋਝ ਨਹੀਂ ਚੁਕਾਉਂਦਾ। ਦੱਸੋ, ਮੈਂ ਹੁਣ ਭੀਖ ਮੰਗਾਂ ?”

ਡੂੰਘੇ ਅਹਿਸਾਸ ਨਾਲ ਪ੍ਰੇਮ ਤੋਂ ਕਿਹਾ ਗਿਆ, “ਇਹ ਸਮਾਜ ਪੂਰੀ ਤਰ੍ਹਾਂ ਗਲ ਸੜ ਚੁੱਕੀ ਐ-ਦੁੱਖ ਦਿਨੋਂ ਦਿਨ ਵਧ ਰਹੇ ਨੇ...।"

ਕਚਹਿਰੀਆਂ ਦੇ ਪੁਲ ਕੋਲ ਉਹ ਪੁੱਜ ਗਏ।

ਪੁਲ ਦੀਆਂ ਜੜ੍ਹਾਂ ਵਿਚ ਬਿਜਲੀ ਦੇ ਖੰਭੇ ਹੇਠ ਅੱਠ ਦਸ ਵਰ੍ਹੇ ਦਾ ਇਕ ਮੁੰਡਾ ਸੁੰਗੜਿਆ ਬੈਠਾ ਸੀ। ਰਿਵੀ ਤੋਂ ਬਚਣ ਲਈ ਉਹਨੇ ਆਪਣੇ ਝੱਗੇ ਦੇ ਲੰਗਾਰ ਪੱਲੇ ਨੂੰ ਗੋਡਿਆਂ ਉਤੋਂ ਕਰ ਕੇ ਪੈਰਾਂ ਹੇਠ ਦਬਿਆ ਹੋਇਆ ਸੀ। ਇਕ ਦਮ ਮੁੰਡੇ ਨੇ ਹਨੇਰੇ ਪੁਲਾੜ ਵਲ ਅੱਖਾਂ ਪਾੜ ਕੇ ਤੱਕਿਆ ਤੇ ਅਗਲੇ ਪਲ ਉਠ ਕੇ ਬਾਜ਼ਾਰ ਵਲ ਨੂੰ ਭਜਿਆ। ਥੋੜੀ ਕੁ ਦੂਰ ਕਾਲੇ ਸੂਟ ਵਾਲਾ ਇਕ ਬਾਬੂ ਸਾਈਕਲ ਤੋਂ ਉਤਰ ਗਿਆ ਸੀ। ਮੁੰਡੇ ਨੇ ਬਾਬੂ ਤੋਂ ਸਾਈਕਲ ਫੜ ਲਿਆ। ਤਿੱਖੀ ਰਿਵੀ ਦਾ ਇਕ ਬੁਲ੍ਹਾ ਸੂੰਕਿਆ। ਬਾਬੂ ਨੇ ਆਪਣੇ ਓਵਰ ਕੋਟ ਦੇ ਕਾਲਰ ਗਿੱਚੀ ਪਿਛੇ ਖੜੇ ਕੀਤੇ। ਦਸਤਾਨਿਆਂ-ਕੱਜੇ ਹੱਥ ਜੇਬਾਂ ਵਿਚ ਪਾਏ ਤੇ ਮੁੰਡੇ ਦੇ ਪਿਛੇ-ਪਿਛੇ ਝੂਮਦਾ ਹੋਇਆ ਤੁਰ ਪਿਆ।

ਰਣਧੀਰ ਤੇ ਪ੍ਰੇਮ ਵੀ ਆਪਣੀਆਂ ਗੱਲਾਂ ਛੱਡ ਕੇ ਉਹਨਾਂ ਦੇ ਨਾਲੋ ਨਾਲ ਪੁਲ ਦੀਆਂ ਪੌੜੀਆਂ ਚੜ੍ਹਨ ਲੱਗੇ।

ਮੁੰਡੇ ਨੇ ਸਾਈਕਲ ਦੇ ਡੰਡੇ ਵਿਚ ਮੋਢਾ ਪਾਇਆ ਤੇ ਸੱਜੀ ਢਾਕ ਉਤੇ ਸਾਰਾ ਭਾਰ ਸੁਟ ਲਿਆ। ਉਹਦਾ ਸਰੀਰ ਖੱਬੇ ਪਾਸੇ ਵਲ ਦੋਹਰਾ ਹੋ ਗਿਆ ਸੀ। ਉਹ ਭਾਰ ਥੱਲੇ ਲਿਫਿਆ, ਇਕ ਇਕ ਪੌੜੀ ਕਰਕੇ ਛੇਤੀ-ਛੇਤੀ ਚੜ੍ਹਣ ਲੱਗਾ ਤਾਂ ਜੋ ਗਾਹਕ ਨੂੰ ਉਹਦੇ ਲਿੱਸ ਹੋਣ ਤੋਂ ਅਜਾਈਂ ਮਜੂਰੀ ਦੇਣ ਦਾ ਅਹਿਸਾਸ ਨਾ ਹੋਵੇ। ਰਣਧੀਰ ਤੇ ਪ੍ਰੇਮ ਬਿਲਕੁਲ ਗੰਭੀਰ ਹੋਏ ਪੌੜੀਆਂ ਚੜ੍ਹ ਰਹੇ ਸਨ।

ਪੁਲ ਉਤੇ ਪੁੱਜ ਕੇ ਮੁੰਡੇ ਨੇ ਮੋਢੇ ਉਤੋਂ ਸਾਈਕਲ ਲਾਹਿਆ ਤੇ ਰੋੜ੍ਹ ਕੇ ਤੁਰਨ ਲੱਗਾ। ਖੱਬੇ ਹੱਥ ਨਾਲ ਉਹਨੇ ਹੈਂਡਲ ਦਾ ਖੱਬਾ ਮੁੱਠਾ ਫੜ ਲਿਆ। ਸੱਜੇ ਨਾਲ ਫਰੇਮ ਦਾ ਡੰਡਾ। ਸੱਜਾ ਹੱਥ ਸੱਜੇ ਮੁੱਠੇ ਤਕ ਅਪੜਦਾ ਨਹੀਂ ਸੀ। ਪਲ ਦੀ ਪਲ ਮਜੂਰੀ ਹੇਠ ਦਬਿਆ ਬਾਲਪਣ ਮੁੰਡੇ ਦੇ ਮਨ ਵਿਚ ਪੁੰਗਰਿਆ। ਉਹਨੇ ਸੱਜਾ ਪੈਰ ਖੱਬੇ ਪੈਡਲ ਉਤੇ ਰਖਿਆ, ਬੋਝ ਦਿਤਾ ਤੇ ਦੋ ਤਿੰਨ ਹਝਕੇ ਮਾਰ ਕੇ ਪਿਛੋਂ ਖੱਬਾ ਪੈਰ ਚੁਕ ਲਿਆ। ਚਾਰ ਪੰਜ ਗਜ਼ ਤੀਕ ਸਾਈਕਲ ਉਹਦੇ ਹੇਠ ਸਾਂਭਿਆ ਰਿਹਾ। ਗਰਮ ਸੂਟ ਵਿਚ ਠੰਡੀ ਰਾਤ ਦਾ ਸੁਆਦ ਮਾਣ ਕੇ ਪੁਲ ਉਤੇ ਤੁਰਦੇ ਬਾਬੂ ਨੇ ਨਾਲ ਤੁਰਦੇ ਬੰਦਿਆਂ ਨੂੰ ਸੁਣਾ ਕੇ ਹੁੱਜਤ ਨਾਲ ਮੁੰਡੇ ਨੂੰ ਆਖਿਆ, "ਮਰੇਂਗਾ ਓਏ ਡਿਗ ਕੇ ਸਹੁਰੀ ਦਿਆ, ਵਾਧੂ ਤਾਂ ਨਹੀਂ ਘਰੋਂ ?"

ਪਰ, ਮੁੰਡਾ ਅਗਲੀਆਂ ਪੌੜੀਆਂ ਤੋਂ ਉਸੇ ਤਰ੍ਹਾਂ ਛੇਤੀ ਛੇਤੀ ਸਾਈਕਲ ਉਤਾਰ ਰਿਹਾ ਸੀ। ਫੇਰੇ ਵਿਚ ਪੌੜੀਆਂ ਲਹਿ ਕੇ ਮੁੰਡਾ ਸਾਈਕਲ ਫੜੀ ਸੜਕ ਵਿਚ ਜਾ ਖੜੋਤਾ।

ਉਹ ਵੀ ਪੌੜੀਆਂ ਉੱਤਰ ਆਏ।

ਬਿਜਲੀ ਦੇ ਖੰਭੇ ਹੇਠ ਬਾਬੂ ਨੇ ਘੜੀ ਦੇਖੀ : ਗਿਆਰਾਂ ਬਜ ਕੇ ਦਸ ਮਿੰਟ...! "ਉਫ਼, ਅੱਧੀ ਰਾਤ ਤਕ ਫਿਰਦੈਂ ਓਏ ਕਮਾਈਆਂ ਕਰਦਾ, ਮਰਨੇ ? ਜਾਹ, ਦੌੜ ਜਾ ਘਰ ਨੂੰ, ਆਰਾਮ ਕਰ...।" ਮੁੰਡੇ ਦੀ ਤਲੀ ਉਤੇ ਉਹਨੇ ਇਕ ਟਕਾ ਰਖਿਆ ਤੇ ਸਾਈਕਲ ਉਤੇ ਪੈਰ ਦੇ ਕੇ ਉਡ ਗਿਆ।

ਬਿਜਲੀ ਦੇ ਚਾਨਣ ਵਿਚ ਮੁੰਡਾ ਤਲੀ ਉਤੇ ਚਮਕਦੇ ਪਿੱਤਲ ਦੇ ਚੌਰਸ ਟਕੇ ਨੂੰ ਦੇਖ ਰਿਹਾ ਸੀ। ਰਣਧੀਰ ਨੇ ਕੋਲ ਆ ਕੇ ਪੁਛਿਆ, "ਕਾਕਾ, ਤੇਰਾ ਕੀ ਨਾਉਂ ਐ ?"

ਮੁੰਡੇ ਨੇ ਅੱਖਾਂ ਨਾ ਚੁੱਕੀਆਂ। ਉਹ ਟਕੇ ਵਲ ਵੇਖਦਾ ਚੁੱਪ ਖੜਾ ਰਿਹਾ। ਉਦਰੇਵੇਂ ਨਾਲ ਉਹਦੀ ਠੋਡੀ ਅਤੇ ਬੁਲ੍ਹਾਂ ਦਾ ਮਾਸ ਕੰਬ ਗਿਆ।

ਪ੍ਰੇਮ ਜ਼ਰਾ ਕੁ ਪਰੇ ਨੂੰ ਆਪਣੇ ਆਪ ਵਿਚ ਗੁਆਚਾ ਮੁੰਡੇ ਵਲ ਡੂੰਘੀ ਨੀਝ ਨਾਲ ਤੱਕ ਰਿਹਾ ਸੀ। ਇਕ ਮਹਾਨ ਤਸਵੀਰ ਉਹ ਦੇ ਮਨ ਵਿਚ ਬਣ ਰਹੀ ਸੀ : ਡੂੰਘੀ ਠਰੀ ਹੋਈ

ਰਾਤ-ਮਾਸੂਮ ਉਪਰ-ਨੰਗ ਪੈਰ-ਪਾਟਿਆ ਝੱਗਾ—ਤੇ ਰਿਵੀ ਵਿਚ ਹਿਲਦੇ ਕੂਲੇ ਕੂਲੇ ਪਟੇ...

ਰਣਧੀਰ ਨੇ ਪੁਚਕਾਰ ਕੇ ਫੇਰ ਪੁਛਿਆ, "ਦੱਸ ਬਈ ਕਾਕਾ, ਕੀ ਨਾਉਂ ਐ ਤੇਰਾ ?"

"ਰੋਸ਼ਨ" ਉਹਨੇ ਹੌਲੀ ਜੇਹੀ ਆਖਿਆ।

"ਮਾਪੇ ਹਨ ਤੇਰੇ ?"

ਮੁੰਡੇ ਨੇ ਹਾਂ ਦਾ ਸਿਰ ਹਿਲਾ ਦਿਤਾ।

"ਕਿਥੇ ਰਹਿੰਦੇ ਨੇ ?"

"ਮੇਲਰ ਗੰਜ।" ਉਹਨੇ ਧਰਤੀ ਵਲ ਤੱਕਦਿਆਂ ਕਿਹਾ।

"ਕੀ ਕੰਮ ਕਰਦੇ ਪਿਓ ਤੇਰਾ ?"

"ਰਿਕਸ਼ਾ ਚਲਾਉਂਦੇ।"

"ਪੜ੍ਹਦਾ ਵੀ ਹੁੰਨਾ ਕਿ ਨਹੀਂ ?"

ਮੁੰਡੇ ਨੇ ਨਾਂਹ ਦਾ ਸਿਰ ਹਿਲਾ ਦਿਤਾ।

"ਰੋਜ਼ ਫੜਦਾ ਹੁੰਨੈ ਤੂੰ ਸਾਈਕਲ ਇਥੇ ?"

"ਨਹੀਂ।"

"ਅੱਜੇ ਆਇਐਂ ?"

"ਥੋੜੇ ਕੁ ਦਿਨਾਂ ਤੋਂ।"

"ਸਕੂਲ ਕਿਉਂ ਨਹੀਂ ਜਾਂਦਾ ਹੁੰਦਾ ? ਸਕੂਲ ਜਾਇਆ ਕਰ।" ਰਣਧੀਰ ਨੇ ਉਹਦੇ ਮੋਢੇ ਉਤੇ ਥਪਕੀ ਦਿਤੀ।

"ਜਾਂਦਾ ਹੁੰਦਾ ਸੀ..." ਮੁੰਡਾ ਗੱਲਾਂ ਵਿਚ ਧਿਜ ਗਿਆ।

"ਫੇਰ...?"

"ਮੇਰਾ ਬਾਪ ਬਮਾਰ ਹੋ ਗਿਆ—ਲਹੂ ਦੀਆਂ ਉਲਟੀਆਂ ਆਉਂਦੀਆਂ ਨੇ...ਮੇਰੀ ਮਾਂ ਕਹਿੰਦੀ, ਹੁਣ ਤੂੰ ਕੰਮ ਕਰ, ਦੁਆਈ ਜੋਗਾ..."

"ਅਜ ਕਿੰਨੇ ਪੈਸੇ ਕਮਾਏ..."

"ਇਹੋ ਬਣੇ ਨੇ, ਬੱਸ..." ਮੁੰਡੇ ਨੇ ਤਲੀ ਉਤੇ ਪਿਆ ਟਕਾ ਦਿਖਾ ਕੇ ਇਉਂ ਸਿਆਣਪ ਨਾਲ ਸਿਰ ਹਿਲਾਇਆ, ਜਿਸ ਤੋਂ 'ਕੁਲ' ਦਾ ਭਾਵ ਪੂਰੀ ਤਰ੍ਹਾਂ ਪਰਗਟ ਹੋ ਸਕੇ।

“ਸਾਰੇ ਦਿਨ ਵਿਚ ਇਹੋ" ਰਣਧੀਰ ਹੈਰਾਨ ਹੋ ਗਿਆ।

“ਬਸ, ਇਹੋ, ਦਿਨ ਵਿਚ ਤਾਂ ਵੱਡੇ ਮੁੰਡੇ ਭੱਜ ਕੇ ਸਾਂਭ ਲੈਂਦੇ ਨੇ ਸਾਈਕਲ, ਹੁਣ ਉਹ ਸਭ ਚਲੇ ਜਾਂਦੇ ਨੇ।”

ਰਣਧੀਰ ਨੇ ਇਕ ਹੌਕਾ ਲਿਆ। ਪ੍ਰੇਮ ਉਸੇ ਤਰ੍ਹਾਂ ਮਗਨ ਖੜਾ ਸੀ। ਰਣਧੀਰ ਨੇ ਪ੍ਰੇਮ ਦੇ ਕੋਲ ਹੋ ਕੇ ਆਖਿਆ, "ਦੇਖ ਲੈ ਬਈ, ਇਹ ਹੈ ਸਾਡੇ ਦੇਸ਼ ਦੀ ਅਸਲੀ ਹਾਲਤ !”

ਪ੍ਰੇਮ ਨੇ ਉਹਦੇ ਵਲ ਤੱਕ ਕੇ ਸੁਣਿਆ ਤੇ ਫੇਰ ਗੰਭੀਰ ਹੋ ਗਿਆ।

ਰਣਧੀਰ ਨੇ ਡੂੰਘੀਆਂ ਨਜ਼ਰਾਂ ਨਾਲ ਆਲੇ ਦੁਆਲੇ ਪੁਲਾੜ ਵਲ ਤੱਕਿਆ। ਕਚਹਿਰੀਆਂ ਦੀਆਂ ਸਰਕਾਰੀ ਇਮਾਰਤਾਂ ਵਿਚ ਹਨੇਰਾ ਲੁਕਿਆ ਹੋਇਆ ਸੀ। ਪੈਰਾਂ ਹੇਠ ਵਿਛੀ ਸੁਰਮਈ ਸੜਕ ਦੂਰ ਹਨੇਰੇ ਵਿਚ ਮੁਕ ਗਈ ਸੀ। ਰੇਲ ਦੀਆਂ ਲੀਹਾਂ ਵਿਚ ਫੱਕ ਫੱਕ ਕਰਦਾ ਇੰਜਣ ਕਦੇ-ਕਦੇ ਪਾਗਲਾਂ ਵਾਂਗ ਚੀਕ ਉਠਦਾ ਤੇ ਸੜਕ ਦੀ ਕੰਨੀ ਖਲੋਤੇ ਬਿਰਛਾਂ ਦੇ ਪੱਤਿਆਂ ਤੇ ਵਿਚ ਰਿਵੀ ਦੇ ਬੁਲ੍ਹੇ ਤੜਫ਼ਣ ਲਗ ਜਾਂਦੇ।

ਮੁੰਡੇ ਨੂੰ ਇਹਨਾਂ ਬੰਦਿਆਂ ਦੀ ਕੋਈ ਸਮਝ ਨਾ ਸੀ ਆਈ। ਏਨਾ ਕੁਝ ਪੁਛ ਕੇ ਉਹ ਇਹਦੇ ਵਲ ਦੇਖ ਦੇਖ ਕੇ ਘੁਸਰ ਮੁਸਰ ਕਰਦੇ ਸਨ।

ਪ੍ਰੇਮ ਨੇ ਪਤਲੂਨ ਦੀ ਜੇਬ ਵਿਚੋਂ ਇਕ ਮੁਚਿਆ ਹੋਇਆ ਕਾਗ਼ਜ਼ ਕਢਿਆ ਤੇ ਉਹਦੀ ਪੈਂਸਲ ਦੀ ਨੋਕ ਉਹਦੇ ਉਤੇ ਤੁਰਨ ਲੱਗੀ। ਪ੍ਰੇਮ ਨੇ ਮੁੰਡੇ ਵਲ ਦੇਖਿਆ, ਫੇਰ ਕਾਗ਼ਜ਼ ਵਲ ਉਹਦੀਆਂ ਚੌੜੀਆਂ ਚਿੱਟੀਆਂ ਅੱਖਾਂ ਵਾਰ ਵਾਰ ਚਮਕਦੀਆਂ ਤੇ ਛੇਤੀ ਛੇਤੀ ਖ਼ਾਕੀ ਜੇਹੇ ਕਾਗ਼ਜ਼ ਉਤੇ ਕੁਝ ਵਾਹਿਆ ਜਾ ਰਿਹਾ ਸੀ।

ਮੁੰਡੇ ਦੇ ਢਿਡ ਵਿਚ ਕਾਂਬਾ ਤੁਰਨ ਲੱਗਾ। ਰਿਕਸ਼ਾ ਦੇ ਅੱਡੇ ਵਿਚ, ਇਕ ਵਾਰ ਉਹਦੇ ਪਿਉ ਦਾ ਚਾਲਾਨ ਹੋ ਗਿਆ ਸੀ। ਪਹਿਲੋਂ ਖ਼ੁਫ਼ੀਆ ਪੁਲਸ ਦੇ ਬੰਦੇ ਨੇ ਉਹਦੇ ਪਿਉ ਨਾਲ ਪਰੇ ਹੋ ਕੇ ਕੁਝ ਗੱਲਾਂ ਕੀਤੀਆਂ, ਤੇ ਇਸੇ ਤਰ੍ਹਾਂ ਕਾਗ਼ਜ਼ ਉਤੇ ਕੁਝ ਲਿਖਿਆ ਤੇ ਫੇਰ ਇਕ ਸਿਪਾਹੀ ਉਹਨੂੰ ਫੜ ਕੇ ਲੈ ਗਿਆ ਸੀ। ਮੁੰਡੇ ਨੂੰ ਪਾਲੇ ਦੀ ਇਕ ਕੰਬਣੀ ਆਈ ਤੇ ਉਹ ਪੈਰ ਮਲਣ ਲੱਗਾ, ਤੇ ਫੇਰ ਹੌਲੀ ਹੌਲੀ ਖਿਸਕਦਾ, ਖੰਭੇ ਦੇ ਚਾਨਣ ਤੋਂ ਟਲਦਾ, ਦੌੜ ਕੇ ਹਨੇਰੇ ਵਿਚ ਗੁਆਚ ਗਿਆ।

ਦੋਵੇਂ ਹੁਨਰਵਾਨ ਘਰਾਂ ਨੂੰ ਮੁੜ ਪਏ। ਖ਼ਾਲੀ ਸੈਰ ਨਹੀਂ, ਜੀਉਂਦੇ ਸੱਚ ਦੀਆਂ ਕਿੰਨੀਆਂ ਹੀ ਝਾਕੀਆਂ ਨਾਲ ਉਹਨਾਂ ਦੇ ਮਨ ਭਰ ਗਏ ਸਨ।

*****

# ਰੰਗ ਵਿਚ ਭੰਗ

ਮੂੰਗੀਆਂ ਨੂੰ ਟੋਰੇ ਲਗ ਆਏ ਤੇ ਮੁਟਿਆਰ ਚਰ੍ਹੀਆਂ ਦੇ ਸਿੱਟੇ ਹਵਾ ਵਿਚ ਝੂਮਣ ਲੱਗੇ।

ਬਲਦਾਂ ਦੀ ਜੋੜੀ ਪਿਛੇ ਊਂਘਦਾ ਜੱਗਾ ਖੇਤ ਨੂੰ ਹਲ ਲਈ ਜਾ ਰਿਹਾ ਸੀ। ਅੱਸੂ ਦੀ ਗੁਲਾਬੀ ਰੁਤ ਨੇ ਜੱਗੇ ਦੇ ਮਨ ਨੂੰ ਨਸ਼ਈ ਕਰ ਦਿਤਾ। ਜੱਟਾਂ ਨੂੰ ਇਹ ਰੁਤ ਚੰਗੀ ਕਿਉਂ ਨਾ ਲੱਗੇ? ਨਾ ਪਾਲਾ, ਨਾ ਗਰਮੀ। ਮੱਕੀਆਂ ਨੂੰ ਵਾਢੀ ਪਈ ਹੁੰਦੀ ਹੈ—ਕਪਾਹਾਂ ਤੇ ਨਰਮਿਆਂ ਦੇ ਟੀਂਡੇ ਹਸਣ ਲਗਦੇ ਹਨ—ਜੁਆਨ ਹੋਏ ਗੰਨਿਆਂ ਦੀਆਂ ਪੋਰੀਆਂ ਜੰਗਾਲੀ ਹੋ ਜਾਂਦੀਆਂ ਹਨ ਤੇ ਹਾੜ੍ਹੀਆਂ ਲਈ ਤਿਆਰ ਪਈ ਵੱਤਰੀ ਧਰਤੀ ਵਿਚ ਨਵੇਂ ਹਲ ਤੁਰ ਪੈਂਦੇ ਹਨ।

ਪੰਜਾਲੀ ਵਿਚ ਅੜੁੰਗੇ ਹਲ ਦੀ ਧਰਤੀ ਉਤੇ ਘਸਰ ਛਡਦੀ ਨੋਕ ਤੇ ਟੱਲੀਆਂ ਦੀ ਨਿਕੀ ਨਿਕੀ ਵਾਜ ਮਿਲਕੇ ਉਹਦੀ ਉਂਘ ਤੋੜ ਰਹੇ ਸਨ। ਪਹੁ ਦੀ ਪਲ ਪਲ ਉਘੜਦੀ ਲੋਅ ਪਹੇ ਦੁਆਲੇ ਖੰਦਕਾਂ ਉਤੇ ਉੱਗੀਆਂ ਝਾੜੀਆਂ, ਥੋਹਰਾਂ, ਅੱਕਾਂ, ਝਿੰਗਾਂ, ਬੇਰੀਆਂ ਤੇ ਕਿੱਕਰਾਂ ਦੀਆਂ ਜੜ੍ਹਾਂ ਤੇ ਪੱਤਿਆਂ ਵਿਚ ਲੁਕਿਆ ਹਨੇਰਾ ਚੁਗ ਰਹੀ ਸੀ।

ਖੱਬੇ ਹੱਥ ਲਹਿਣੇ ਕਿਆਂ ਦੀ ਭੋਂ ਆ ਗਈ। ਦੂਰ, ਬਲਿਆਣੇ ਖੂਹ ਦੇ ਨੱਕੇ ਘੁੱਦਾ ਬੀਂਬੜ ਹਲ ਦੇ ਪਿਛੇ ਕਲੀਆਂ ਲਾ ਰਿਹਾ ਸੀ। ਜਗੀਰੂ ਫਿੱਡੇ ਨੇ ਆਪਣੇ ਮੁਰੱਬੇ ਦੇ ਵਿੱਘਾ ਥਾਂ ਵਿਚ ਸਿਆੜ ਧੂ ਮਾਰੇ ਸਨ। ਸੱਜੇ ਪਾਸੇ ਮੋਦਨ ਲੰਬੜ ਦਾ ਲਾਣਾ ਕੰਮ ਨੂੰ ਅੱਗੇ ਲਾਈ ਫਿਰਦਾ ਸੀ। ਸਾਰੇ ਖੇਤ ਦੀ ਦੋਹਰ ਕਰਕੇ ਹੁਣ ਉਹ ਸੁਹਾਗੀਆਂ ਦੇ ਰਹੇ ਸਨ। ਜੱਗੇ ਦੀ ਹਿੱਕ ਵਿਚ ਕੰਮ ਦੇ ਚਾਅ ਦੀ ਲਹਿਰ ਉਠੀ, "ਲੋਕਾਂ ਨਾਲ ਕਦ ਰਲਾਂਗੇ ਉਇ ਮੇਰਿਓ ਸ਼ੇਰੋ !" ਜੱਗੇ ਨੇ ਉਚੀ ਵੰਗਾਰ ਕੇ ਬਲਦਾਂ ਦੀਆਂ ਪੂਛਾਂ ਨੂੰ ਮਰੋੜੇ ਦਿਤੇ। ਆਪਣੇ ਮਾਲਕ ਦੀ ਪਿਆਰ ਭਰੀ ਹੱਲਾਸ਼ੇਰੀ ਨੂੰ ਬੁਝ ਕੇ ਬਲਦ ਚਾਅ ਨਾਲ ਸਿੰਗ ਤੇ ਬੂਥੀਆਂ ਘੁਮਾ ਘੁਮਾ ਭੱਜਣ ਲੱਗੇ। ਪਹਾ, ਖੁਰਾਂ ਵਿਚੋਂ ਉਠਦੀ ਧੂੜ ਤੇ ਟੱਲੀਆਂ ਦੀ ਟੁਣਕਾਰ ਨਾਲ ਭਰ ਗਿਆ।

ਸਮਾਧ ਵਾਲੇ ਖੂਹ ਦੇ ਨੱਕੇ, ਭੰਬੂਲਾਂ ਵਾਲੇ ਛੱਪੜ ਦੇ ਕੰਢੇ, ਜੱਗੇ ਦਾ ਖੇਤ ਸੀ। ਏਸ ਛੱਪੜ ਵਿਚੋਂ ਕਦੇ ਪਾਣੀ ਨਹੀਂ ਸੀ ਸੁੱਕਦਾ—'ਕਰਨੀ ਵਾਲੇ ਬੰਦੇ ਜਿਥੇ ਪੈਰ ਪਾ ਦੇਣ, ਸੁੱਕੇ

ਬਾਗ ਹਰੇ ਹੋ ਜਾਂਦੇ ਨੇਂ—ਜੱਗੇ ਨੇ ਆਪਣੇ ਬਾਬੇ ਤੋਂ ਸੁਣਿਆ ਹੋਇਆ ਸੀ ਕਿ ਉਹਨਾਂ ਦਾ ਕੋਈ ਵਡਾਰੂ, ਬਸਾਵਾ ਸਿੰਘ, ਜਿਸਦੀ ਸਮਾਧ ਇਸ ਖੂਹ ਉਤੇ ਬਣੀ ਹੋਈ ਹੈ ਤੇ ਜਿਸ ਉਤੇ ਇਕ ਸੰਘਣੀ ਹੀਂਸ ਓਟ ਦੇ ਕੇ ਉਲਰੀ ਹੋਈ ਹੈ, ਬੜੀ ਕਰਨੀ ਵਾਲਾ ਪੁਰਖ ਸੀ। ਇਸੇ ਲਈ ਪੀੜੀਆਂ ਤੋਂ ਉਹ ਹਰ ਦਸਵੀਂ ਨੂੰ ਇਸ ਸਮਾਧ ਉਤੇ ਦੀਵਾ ਬਾਲਦੇ ਤੇ ਘਰ ਵਿਚ ਕੋਈ ਦੁੱਖ ਸੁੱਖ ਹੋਣ ਤੋਂ ਇਸੇ ਦੀ ਸੁਖ ਸੁਖਦੇ ਸਨ। ਜੱਗੇ ਨੂੰ ਆਪਣੇ ਖੇਤ ਦੀ ਉੱਤਮਤਾ ਉਤੇ ਮਾਣ ਸੀ, ਜਿਸਦੀ ਮਿੱਟੀ ਦੀ ਸੁਰਜੀਤੀ ਉਹਨੂੰ ਛੌਰਾਂ ਦੇ ਛੌਰ ਫਸਲਾਂ ਦੇਂਦੀ ਸੀ।

ਧਰਤੀ ਦੀ ਹਿਕ ਉਤੇ ਉਹਦਾ ਹਲ ਹੌਲੀ ਹੌਲੀ ਤੁਰਨ ਲੱਗਾ। ਭੋਂ ਵਿਚ ਖੁਭੀ ਹਲ ਦੀ ਨੋਕ ਅੱਗੇ ਤਿੜ੍ਹਾਂ ਟੁਟਦੀਆਂ ਤੇ ਦਾਖੀ ਸਿਆੜ ਵਿਚੋਂ ਸਿਲ੍ਹੀ ਮਿੱਟੀ ਦੀ ਮਿੱਠੀ ਹਵਾੜ ਉਠ ਰਹੀ ਸੀ। ਮੋਟੇ ਮੋਟੇ ਡਲੇ ਜੱਗੇ ਦੇ ਪੈਰਾਂ ਹੇਠ ਭੁਰਦੇ ਜਾਂਦੇ ਤੇ ਉਹਦੀਆਂ ਪਾਤਲੀਆਂ ਨੂੰ ਕੂਲੀ ਮਿੱਟੀ ਦੀ ਛੂਹ ਸੁਆਦੀ ਲੱਗਦੀ ਸੀ।

ਅੰਬਰ ਦੀ ਚੜ੍ਹਦੀ ਨੁੱਕਰ ਵਿਚ ਗੋਡੇ ਗੋਡੇ ਲਾਲੀਆਂ ਚੜ੍ਹ ਆਈਆਂ। ਪੰਜ ਵਿਘੇ ਦਾ ਟੋਟਾ ਜੱਗੇ ਨੇ ਵਾਹੁਣਾ ਸੀ। ਪਹਿਲਾਂ ਪਹਿਲ ਹਲ ਧਰਤੀ ਨੂੰ ਵੀ ਓਪਰਾ ਲਗਦਾ ਹੈ।

"ਪੈਰ ਓ ਪੈਰ, ਪੈਰ ਓ ਪੈਰ..." ਜੱਗਾ ਖੇਤ ਦੀ ਨੁੱਕਰ ਉਤੇ ਹਲ ਮੋੜਨ ਲਈ ਬਲਦਾਂ ਨੂੰ ਆਖਦਾ ਤੇ ਫੇਰ ਖੇਤ ਵਿਚਕਾਰ ਹਲਾਈ ਕੱਢਣ ਮਗਰੋਂ, ਬੁਲ੍ਹਾਂ ਨਾਲ ਲੰਮੀ ਸਾਰੀ ਪੂਚ ਪੂਚ ਕਰਕੇ, ਉਹਨੇ ਬਲਦ ਰੋਕ ਲਏ। ਪਿੰਨੀਆਂ ਵਿਚ ਲੁੜ੍ਹਕਦੇ ਚਾਦਰੇ ਨੂੰ ਖੁੱਚਾਂ ਤਕ ਉਚਾ ਕਰਕੇ ਟੁੰਗ ਲਿਆ। ਕੁੜਤੇ ਦੀਆਂ ਬਾਹਵਾਂ ਕੂਹਣੀਆਂ ਤਕ ਚੜਾ ਲਈਆਂ। ਪੱਗ ਲਾਹ ਕੇ ਵੱਟ ਉਤੇ ਪਈ ਜੁੱਤੀ ਕੋਲ ਵਗਾਹ ਸੁੱਟੀ ਤੇ ਨਵੇਂ ਸਿਰਿਓਂ ਰਵਾਂ ਹੋ ਕੇ ਉਹਨੇ ਹਲ ਤੋਰ ਲਿਆ।

ਸਾਊ ਢੱਗੇ ਜੀ ਲਾ ਕੇ ਹਲ ਦੇ ਅੱਗੇ ਤੁਰੇ ਜਾਂਦੇ ਸਨ। ਨਿਕੀ ਨਿਕੀ ਪੌਣ ਵਿਚ ਜੱਗੇ ਦੀਆਂ ਲਟੂਰੀਆਂ ਉਡ ਰਹੀਆਂ ਸਨ। ਕਦੇ ਕਦੇ ਬਲਦ ਪੂਛਾਂ ਹਿਲਾਉਂਦੇ, ਕਾਲੀਆਂ ਚੋਰੀਆਂ ਉਹਨਾਂ ਦੀਆਂ ਪਿੱਠਾਂ ਉਤੇ ਝੁਲ ਜਾਂਦੀਆਂ ਤੇ ਜਦੋਂ ਕੁ ਬਲਦਾਂ ਦੀ ਤੋਰ ਵਿਚ ਘੋਲ ਆ ਜਾਂਦੀ, ਜੱਗ ਦੀ ਪਰੈਣੀ ਹਵਾ ਵਿਚ ਉਠਦੀ, ਫਿਰ ਬਲਦਾਂ ਦੀਆਂ ਢੁੱਠਾਂ ਉਤੇ ਪੋਲੀ ਜੇਹੀ ਛੁਹ ਜਾਂਦੀ। ਚੁਸਤ ਹੋ ਕੇ ਬਲਦ ਚਾਲ ਫੜ ਲੈਂਦੇ।

ਦੂਰ, ਚੜ੍ਹਦੇ ਵਲ, ਕਿਆਰ ਵਾਲੇ ਖੂਹ ਦੀਆਂ ਪੈਲੀਆਂ ਤੇ ਚਰਾਂਦਾ ਪਿਛੇ, ਕਾਲੇ ਬਿਰਛਾਂ ਦੀ ਸੰਘਣੀ ਪਾਲ ਪਿਛੋਂ ਸੂਰਜ ਦੀ ਟਿੱਕੀ ਉਚੀ ਹੋਣ ਲੱਗੀ। ਕੇਸਰੀ ਚਾਨਣ ਦੀਆਂ ਸੁੱਚੀਆਂ ਛਾਂਟਾਂ ਧਰਤੀ ਵੱਲ ਵਗ ਪਈਆਂ ਤੇ ਜੱਗੇ ਦੇ ਵਾਹਣ ਉਤੇ ਸੋਨੇ ਦੀ ਝਾਲ ਫਿਰ ਗਈ।

ਜੱਗੇ ਨੂੰ ਹੁਣ ਥੋੜਾ ਕੁ ਆਪਣਾ ਨਿਰਣਾ ਕਾਲਜਾ ਮਲੂਮ ਹੋਣ ਲੱਗਾ। ਉਹਨੇ ਸਿਰ ਚੁੱਕ ਕੇ ਜੀਉਣੇ ਕਾਂਜੀ ਦੇ ਇੱਖ ਉਹਲਿਓਂ, ਪਿੰਡ ਵਲੋਂ ਆਉਂਦੀ ਵਿਚ-ਪਟੇ ਦੀ ਡੰਡੀ ਵਲ ਝਾਕਿਆ। ਫੇਰ ਅਚਾਨਕ ਉਹਦੀ ਨਿਗਾਹ ਛੱਪੜ ਵਲ ਚਲੀ ਗਈ। ਛੱਪੜ ਦੇ ਕੰਢੇ ਉਤੇ ਹੁਣ ਇਕ ਚਿੱਟਾ ਬਗਲਾ ਉਡ ਕੇ ਆ ਬੈਠਾ ਸੀ। ਕਾਹੀ ਤੇ ਭੰਬੂਲਾਂ ਵਿਚ ਲੰਮੀਆਂ ਟੰਗਾਂ ਉਤੇ ਖਲੋਤੇ ਬੱਗਲੇ ਨੇ ਹਿੱਕ ਤਾਣ ਕੇ ਆਪਣੀ ਲੰਮੀ ਗਰਦਨ ਉਤਾਂਹ ਵਲ ਕੀਤੀ ਤੇ ਇਕ ਦਲੇਰ ਤੱਕਣੀ ਨਾਲ ਏਧਰ ਓਧਰ ਗਰਦਨ ਘੁਮਾਈ। ਫੇਰ ਉਹਨੇ ਪਲ ਕੁ ਅੱਖਾਂ ਗੱਡ ਕੇ ਛੱਪੜ ਵਲ ਤੱਕਿਆ ਤੇ ਫੁਰਤੀ ਨਾਲ ਉਹਦੀ ਚੁੰਝ ਪਾਣੀ ਵਿਚ ਖੁਭ ਗਈ। ਜੱਗੇ ਨੇ ਉਂਗਲੀ ਤੇ ਅੰਗੂਠਾ ਜੋੜ ਕੇ ਹਵਾ ਵਿਚ ਕਵੀਸ਼ਰਾਂ ਵਾਂਗ ਹੱਥ ਫੈਲਾਇਆ ਤੇ ਸੁੰਨੇ ਪੁਲਾੜ ਵਿਚ ਉਹਦੀ ਹੇਕ ਮੇਲ੍ਹਣ ਲੱਗੀ

"ਮੋਰ ਪਾਵੇ ਪੈਲ ਸੱਪ ਜਾਵੇ ਖੱਡ ਨੂੰ।
ਬੱਗਲਾ ਭਗਤ ਚਕ ਲਿਆਵੇ ਡੱਡ ਨੂੰ।"

ਹਵਾ ਦੇ ਨਰਮ ਬੁਲ੍ਹੇ ਆਲੇ ਦੁਆਲੇ ਦੇ ਖੇਤਾਂ ਵਿਚ ਵਗਦੇ ਸਨ। ਚਰ੍ਹੀਆਂ ਸਰਸਰਾਉਂਦੀਆਂ, ਕਪਾਹਾਂ ਅਤੇ ਨਰਮਿਆਂ ਦੇ ਖੇਤ ਹਿਲੋਰਦੇ, ਮੂੰਗੀਆਂ ਤੇ ਮਾਂਹ ਦੇ ਬੂਟੇ ਹਿਲਦੇ, ਬੰਨੇ ਉਤੇ ਖੜੀ ਕਿੱਕਰ ਤੋਂ ਫੁੱਲ ਕਿਰਦੇ, ਗੰਨਿਆਂ ਵਿਚ ਸੁੱਕੀ ਪੱਤੀ ਖਸਰ ਖਸਰ ਕਰਦੀ ਹਰ ਆਗਾਂ ਉਤੇ ਕਪੂਰੀ ਪੋਗੇ ਕੰਬਦੇ, ਲੋਰ ਨਾਲ ਭਰੋ ਮਹਿਕਦੇ ਬੁਲ੍ਹੇ ਜੱਗੇ ਨੂੰ ਛੁਂਹਦੇ ਤੇ ਅੱਸੂ ਦੀ ਕੁਆਰੀ ਰੁਤ ਵਿਚ ਉਹਦਾ ਮਨ ਗੜੂੰਦ ਹੋ ਰਿਹਾ ਸੀ।

ਇੱਖ ਦੇ ਉਹਲੇ, ਡੰਡੀ ਉਤੇ ਪੈਰਾਂ ਦੀ ਵਿੜਕ ਹੋਈ ਤੇ ਝੱਟ ਖੂੰਜੇ ਵਲੋਂ ਉਹਦੀ ਸੱਤਾਂ ਵਰ੍ਹਿਆਂ ਦੀ ਧੀ ਕੈਲੋ ਆਉਂਦੀ ਦਿੱਸੀ। ਹਾਜਰੀ ਦੇਖ ਕੇ ਜੱਗੇ ਨੇ ਹਲ ਥੰਮ ਲਿਆ ਤੇ ਵੱਟ ਕੱਲ ਆ ਕੇ ਕੈਲੋ ਨੇ ਵਾਜ ਮਾਰੀ, "ਬਾਪੂ ਚਾਹ ਪੀ ਲਾ !"

"ਉਰੇ ਈ ਲੈ ਆ ਬੀਬੋ", ਜੱਗੇ ਨੇ ਆਖਿਆ। ਕੈਲੋ ਵਾਹਣ ਵਿਚ ਤੁਰ ਪਈ। ਜੱਗੇ ਨੇ ਕੁੜੀ ਤੋਂ ਗੜਵੀਂ ਤੇ ਰੋਟੀਆਂ ਫੜ ਲਈਆਂ।

ਵਾਹਣ ਵਿਚ ਖੜੇ ਜੱਗੇ ਨੇ ਮਿੱਸੀ ਰੋਟੀ ਨੂੰ ਮਰੋੜ ਕੇ ਦੰਦੀ ਵੱਢੀ। ਕੈਲੋ ਨੇ ਕੌਲੀ ਵਿਚ ਚਾਹ ਪਾ ਕੇ ਫੜਾਈ। 'ਮਿੱਸੀ ਰੋਟੀ ਨਾਲ ਤਾਂ ਲੱਸੀ ਦਾ ਈ ਮੇਲ ਐ, ਚਾਹ ਨੂੰ ਤਾਂ ਐਵੇਂ ਲੋਕ ਲੈ ਤੁਰੇ.... ਉਹਦੇ ਮਨ ਵਿਚ ਗੱਲ ਆਈ, ਪਰ ਉਹ ਚਾਹ ਦੀਆਂ ਘੁੱਟਾਂ ਵੀ ਸੁਆਦ ਨਾਲ ਭਰੀ ਜਾਂਦਾ ਸੀ। ਲੱਸੀ ਦੀ ਥਾਂ ਚਾਹ ਕਿਉਂ ਆ ਗਈ? ਇਹ ਗੱਲ ਖਾਵੇ ਖਸਮਾਂ ਨੂੰ। ਉਹ ਤਾਂ ਇਹ ਜਾਣਦਾ ਸੀ ਕਿ ਜੋ ਕੁਝ ਮਿਲਦਾ ਹੈ, ਮਿਲੇ, ਘਰ ਤੁਰਦਾ ਰਹੇ ਕਿਵੇਂ।

ਬੈਠ ਕੇ ਉਹਨੇ ਕੌਲੀ ਵਿਚ ਹੋਰ ਚਾਹ ਪਾਉਂਦਿਆਂ ਕਿਹਾ, ਕੈਲੋਂ, ਛੇਤੀ ਛੇਤੀ ਆਇਆ ਕਰ ਤੁਰ ਕੇ ਭਾਈ, ਚਾਹ ਠੰਡੀ ਹੋ ਜਾਂਦੀ ਐ।"

"ਅਛਿਆ .." ਕੁੜੀ ਨੇ ਸੰਗ ਕੇ ਆਖਿਆ।

ਜੱਗੇ ਨੇ ਘੁੱਟ ਭਰ ਕੇ ਪੁੱਛਿਆ, "ਤੇਰੀ ਬੀਬੀ ਕੀ ਕਰਦੀ ਸੀ ?"

"ਹਾਰੇ ਵਿਚ ਦੁੱਧ ਧਰ ਕੇ ਪਾਥੀਆਂ ਪੱਥਣ ਗਈ ਸੀ ਪਿੜ ਵਿਚ।" ਕੈਲੋ ਨੇ ਵਾਹਣ ਦੀਆਂ ਡਲੀਆਂ ਭੋਰਦਿਆਂ ਨੀਵੀਆਂ ਅੱਖਾਂ ਨਾਲ ਦੱਸਿਆ।

"ਅਰ ਕਾਟੋ..?" ਜੱਗੇ ਨੇ ਆਪਣੀ ਛੇ ਕੁ ਮਹੀਨੇ ਦੀ ਕੁੜੀ ਬਾਰੇ ਪੁਛਿਆ।

"ਸੁੱਤੀ ਪਈ ਸੀ ਪੰਘੂੜੀ ਉਤੇ, ਛਤਨੇ ਹੇਠ।"

ਜੱਗੇ ਨੇ ਇਕ ਡਕਾਰ ਮਾਰਿਆ। "ਚੰਗਾ, ਜਾਹ ਹੁਣ ਤੂੰ, ਭਾਂਡੇ ਪੋਣੇ 'ਚ ਬੰਨ੍ਹ ਲੈ, ਆਪ ਦੀ ਬੀਬੀ ਨੂੰ ਕਹੀਂ, ਮਣ ਕੁ ਦਾਣੇ ਸੁੱਕਣੇ ਪਾ ਦੇਵੇ, ਆਥਣੇ ਪਿਹਾਉਣ ਲਈ।"

ਕੈਲੋ ਭਾਂਡੇ ਬੰਨ੍ਹ ਕੇ ਤੁਰ ਪਈ। ਜਦ ਵੱਟ ਤੇ ਪੁੱਜੀ ਤਾਂ ਜੱਗੇ ਨੇ ਆਖਿਆ, "ਰੋਟੀ ਦੇ ਕੇ ਆਪਣੀ ਬੀਬੀ ਨੂੰ ਈ ਘਲ ਦਈਂ ਬੀਬੋ ਨਹੀਂ ਤਾਂ, ਜਾਂਦੀ ਹੋਈ ਨੀਰੇ ਦੀ ਭਰੌਟੀਓ ਵਢ ਲਜਾਉ।" ਤੇ ਜੱਗੇ ਨੇ ਫੇਰ ਹਲ ਛੇੜ ਦਿਤਾ।

ਕੈਲੋ ਕਮਾਦ ਉਹਲੇ ਹੋ ਚੁੱਕੀ ਸੀ। ਪਰ ਜੱਗੇ ਦਾ ਮਨ ਕੈਲੋ ਤੋਂ ਕਿਤੇ ਪਹਿਲਾਂ ਉਡ ਕੇ ਘਰ ਚਲਾ ਗਿਆ ਸੀ। ਗੋਹੇ ਲਿਬੜੇ ਹੱਥ ਤੇ ਮੂੰਹ ਸਿਰ ਧੋ ਕੇ ਉਹਦੀ ਵਹੁਟੀ, ਸ਼ਾਮੋ, ਨਿਖਰੀ ਨਿਖਰੀ ਲੱਗਦੀ ਸੀ। ਮੰਜੀ ਉਤੋਂ ਉਹਨੇ ਵਿਲਕਦੀ ਕੁੜੀ ਨੂੰ ਚੁਕ ਕੇ ਪੱਟਾਂ ਵਿਚ ਪਾ ਲਿਆ ਤੇ ਦੁੱਧ ਨਾਲ ਭਰੀ ਹੋਈ ਥਲ੍ਹਕਦੀ ਜੀਜੀ ਦੀ ਇਕ ਧਾਰ ਧਰਤੀ ਉਤੇ ਮਾਰਕੇ ਦੁਧੀ ਉਹਦੇ ਮੂੰਹ ਵਿਚ ਦੇ ਦਿਤੀ ਤੇ ਮਲਮਲ ਦੀ ਕੁੜਤੀ ਵਿਚੋਂ ਉਭਰਦੀ ਉਹਦੀ ਦੂਜੀ ਛਾਤੀ ਜੋਬਨ ਦਾ ਠਾਠ ਦਰਸਾਉਂਦੀ ਸੀ। ਬੱਚੇ ਨੂੰ ਦੁੱਧ ਚੁੰਘਾਉਣ ਦਾ ਆਨੰਦ ਮਾਣਦੀ ਸ਼ਾਮੋ ਦੇ ਗੋਰੇ ਮੂੰਹ ਉਤੇ ਗੁਲਾਬੀ ਭਾਅ ਆ ਗਈ—ਅਜੇਹੇ ਵੇਲੇ ਤੀਵੀਂ ਕਿੰਨੀ ਸੁੰਦਰ ਹੋ ਜਾਂਦੀ ਹੈ ਤੇ ਫੇਰ ਸ਼ਾਮ ਵਰਗੀ ਸੁਨੱਖੀ, ਜਿਹੜੀ ਸਾਵੀਂ ਚੰਨਣ ਦੀ ਗੇਲੀ ਹੋਵੇ।

ਮੋੜ ਮੁੜ ਕੇ ਹਲ ਦਾ ਮੂੰਹ ਛੱਪੜ ਵਲ ਹੋਇਆ ਕਿ ਜੱਗੇ ਨੂੰ ਬੋਲੀ ਫੁਰ ਪਈ। ਸ਼ਾਮੋ ਵਰਗੀ ਕਿਸੇ ਮੁਟਿਆਰ ਦੇ ਇਸ਼ਕ ਦੀ ਲਹਿਰ ਵਿਚ ਮਸਤ ਹੋ ਕੇ ਉਹਨੇ ਉਚੀ ਹੇਕ ਲਾਈ :

"ਰੰਨ ਨਾ ਕੇ ਛੱਪੜ ਚੋਂ ਨਿਕਲੀ
ਸੁਲਫੇ ਦੀ ਲਾਟ ਵਰਗੀ।"

ਜੱਗੇ ਦਾ ਵਿਆਹ ਭਾਵੇਂ ਮੁੱਲ ਦਾ ਹੋਇਆ ਸੀ—ਸ਼ਾਮੋ ਦੇ ਬਾਪੂ ਨੇ ਪਹਿਲੋਂ ਤੇਰਾਂ ਸੌ ਪੱਲੇ ਵਿਚ ਗਿਣਾ ਕੇ ਕੁੜੀ ਦੀਆਂ ਲਾਵਾਂ ਦਿਤੀਆਂ ਸਨ, ਤੇ ਭਾਵੇਂ ਜੱਗੇ ਦੇ ਬਾਪੂ ਨੂੰ ਉਹਦੀ ਅੱਧੀ ਤੋਂ ਗਹਿਣੇ ਧਰਨੀ ਪੈ ਗਈ ਸੀ, ਪਰ ਸ਼ਾਮੋ ਦੇ ਰੂਪ ਨੇ ਇਹ ਸਾਰੀਆਂ ਕਸਰਾਂ ਕੱਢ ਦਿਤੀਆਂ ਸਨ। “ਰੰਨ ਕਾਹਦੀ ਐ, ਮੋਰਨੀ ਐ ਮੋਰਨੀ... !" ਮੁਕਲਾਵੇ ਦੇ ਦਿਨੀਂ ਜੱਗਾ ਆਪਣੇ ਬੇਲੀਆਂ ਨੂੰ ਮਾਣ ਨਾਲ ਦੱਸਦਾ ਹੁੰਦਾ।... "ਪੈਲਾਂ ਪਾਉਂਦੀ ਫਿਰਦੀ ਐ ਵਿਹੜੇ ਵਿਚ, ਬਈ ਸਹੁੰ ਗਊ ਦੀ, ਜਿਥੇ ਖੜ੍ਹਦੀ ਐ, ਚਾਨਣ ਹੋ ਜਾਂਦੇ।" ਅਤੇ ਅੱਜ ਕੱਲ੍ਹ ਵੀ ਉਹ ਸ਼ਾਮੋ ਨੂੰ ਉਦੋਂ ਨਾਲੋਂ ਘਟ ਨਹੀਂ ਸੀ ਸਮਝਦਾ।

ਬੜੀਆਂ ਬੜੀਆਂ ਦਲੀਲਾਂ ਸਨ ਸ਼ਾਮੋ ਬਾਰੇ ਜੱਗੇ ਦੀਆਂ: ‘ਜੱਟੀ ਨੂੰ ਕੇਰਾਂ ਚੰਨ ਦਾ ਟੋਟਾ ਬਣਾ ਕੇ ਰਖਣੈਂ’ ਤੇ ਉਹ ਰੱਖਦਾ ਵੀ ਰਿਹਾ ਕੁਝ ਚਿਰ। ਸ਼ਾਮੋ ਦੇ ਪੈਰਾਂ ਨੂੰ ਉਹ ਮਿੱਟੀ ਨਾ ਸੀ ਲੱਗਣ ਦਿੰਦਾ। ਘਰ, ਬਾਹਰ, ਡੰਗਰ, ਵੱਛਾ, ਸਾਰੇ ਕੰਮ ਉਹ ਆਪੇ ਕਰਦਾ। ਤੜਕੇ ਉਠ ਕੇ ਦੁੱਧ ਵੀ ਆਪ ਰਿੜਕਦਾ ਤੇ ਸ਼ਾਮੋ ਦੇ ਉਠਦੀ ਨੂੰ ਚੁਲ੍ਹੇ ਵਿਚ ਅੱਗ ਬਾਲ ਦੇਂਦਾ। ਪਰ ਅਖੀਰ ਕਿੰਨਾ ਕੁ ਚਿਰ ? ਸੱਸ ਸ਼ਾਮੋ ਦੇ ਹੈ ਨਹੀਂ ਸੀ। ਸਹੁਰਾ ਬੁੱਢਾ ਸੀ ਤੇ ਉਹਨੂੰ ਅੱਖਾਂ ਤੋਂ ਵੀ ਘੱਟ ਦਿਖਦਾ ਸੀ। ਨਾਲੇ ਸ਼ਾਮੋ ਹੁਣ ਧੀਆਂ ਦੀ ਮਾਂ ਸੀ। ਕੰਮ ਤੋਂ ਬਿਨਾਂ ਕਬੀਲਦਾਰ ਨੂੰ ਸਰਦਾ ਨਹੀਂ—ਕੰਮ ਤਾਂ ਬੰਦੇ ਦਾ ਭਾਗ ਐ—ਪੀਹੜਾ ਡਾਹ ਕੇ ਬੈਠਣਾ ਜੱਟੀ ਨੂੰ ਕੀ ਕਹਾਵੇ। ਸ਼ਾਮੋ ਘਰ ਦਾ ਸਾਰਾ ਕੰਮ, ਕੀ ਖੇਤ, ਕੀ ਬੰਨਾ, ਕੰਧਾਂ ਕੋਠੇ ਲਿੱਪਣੇ ਤੇ ਗੋਹਾ ਕੂੜਾ ਆਦਿ ਸਭ ਕਰਨ ਲੱਗੀ।

ਸ਼ਾਮੋ ਚਾਹੇ ਦੋ ਨਿਆਣਿਆਂ ਦੀ ਮਾਂ ਹੋ ਗਈ ਸੀ, ਪਰ ਜੱਗੇ ਨੂੰ ਉਹ ਅਜੇ ਵੀ ਉਨੀਓਂ ਨਵੀਂ ਜਾਪਦੀ ਸੀ, ਜਿੰਨੀ ਮੁਕਲਾਵੇ ਆਈ। ਉਹ ਅਜੇ ਵੀ ਚਾਹੁੰਦਾ ਸੀ, ਜੱਟੀ ਨੂੰ ਪਰੀ ਬਣਾ ਕੇ ਰੱਖੇ। ਪਰ ਹੱਥ ਦੀ ਤੰਗੀ ਅੱਗੇ ਕੋਈ ਵਾਹ ਨਹੀਂ ਸੀ ਚਲਦੀ। ਦੋ ਵਰ੍ਹੇ ਤੋਂ ਸ਼ਾਮੋ ਕਾਲੀ ਰੇਸ਼ਮੀ ਚੁੰਨੀ ਨਾਲ ਟਾਸੇ ਦਾ ਬਿਸਕੁਟੀ ਸੂਟ ਸੁਆਣ ਲਈ ਕਹਿ ਰਹੀ ਸੀ। ਪਰ, ਉਹਦੀ, ਉਹ ਏਨੀ ਵੀ ਮੰਗ ਪੂਰੀ ਨਾ ਸੀ ਕਰ ਸਕਦਾ। ਛੇ-ਛੇ ਮਹੀਨੇ ਉਹਦੀ ਜੁੱਤੀ ਟੁੱਟੀ ਨੂੰ ਹੋ ਜਾਂਦੇ ਸਨ। ਜੱਗਾ ਸੋਚਦਾ ਸੀ ਕਿਵੇਂ ਨਾ ਕਿਵੇਂ ਔਖਾ ਸੋਖਾ ਡੰਗ ਟਪਾ ਕੇ ਪਹਿਲਾਂ ਉਹ ਜ਼ਮੀਨ ਛੁੜਾ ਲਏ। ਕਰਜ਼ਾ ਉੱਤਰੇ ਬਿਨਾ ਜੱਟ ਦੀ ਧੌਣ ਸਿੱਧੀ ਨਹੀਂ ਹੋ ਸਕਦੀ।

ਡੂਢ ਪਹਿਰ ਦਿਨ ਚੜ੍ਹ ਆਇਆ। ਧੁੱਪ ਨਿਕੀ ਨਿਕੀ ਚੁਭਣ ਲੱਗੀ। ਮੁੜ੍ਹਕੇ ਨਾਲ ਜੱਗੇ ਦੇ ਸਰੀਰ ਉਤੇ ਪਤਲਾ ਜਿਹਾ ਘੱਟਾ ਜੰਮ ਗਿਆ ਤੇ ਬਲਦਾਂ ਦੀਆਂ ਪਿੱਠਾਂ ਉਤੇ ਪਸੀਨੇ

ਦੀਆਂ ਧਾਰੀਆਂ ਪੈ ਗਈਆਂ। ਅੱਧਾ ਖੇਤ ਵਾਹ ਕੇ ਉਹਨੇ ਦੂਜੇ ਅੱਧ ਵਿਚ ਹਲ ਸੁਟ ਲਿਆ ਸੀ।

ਖੂਹ ਵਲੋਂ ਟਾਂਡੀ ਦਾ ਭਾਰ ਚੁੱਕੀਂ ਬਾਰੀਆਂ ਦਾ ਨੰਜੂ ਵਟੋ ਵਟ ਆ ਰਿਹਾ ਸੀ। ਖੇਤ ਬਰਾਬਰ ਆ ਕੇ ਉਹਨੇ ਭਾਰ ਦੇ ਪੱਤਿਆਂ ਪਿਛੋਂ ਜੱਗੇ ਵਲ ਝਾਕਦਿਆਂ ਪੁਛਿਆ, “ਭਾਬੀ ਆਈ ਨ੍ਹੀਂ ਬਾਈ ਰੋਟੀ ਲੈ ਕੇ ਅਜੇ ?”

"ਅਜੇ ਕਿਥੇ ਬਾਈ...” ਜੱਗੇ ਨੇ ਹੱਥੀ ਉਤੇ ਜ਼ੋਰ ਦੇ ਕੇ ਆਖਿਆ, "ਅਜੇ ਕੰਮ ਵੀ ਕਿਹੜਾ ਨਿਬੜਿਐ ਨਾਲੇ...!" ਕੰਮ ਜਿੱਤੇ ਬਿਨਾਂ ਕਿਸਾਨ ਨੂੰ ਰੋਟੀ ਚੰਗੀ ਨਹੀਂ ਲੱਗਦੀ।

ਨੰਜੂ ਦੇ ਗੱਲ ਕਰਨ ਤੋਂ ਜੱਗੇ ਦਾ ਮਨ ਫੇਰ ਘਰ ਜਾਕੇ ਸ਼ਾਮੋ ਦੁਆਲੇ ਉਡਣ ਲੱਗਾ। ਕਈ ਵਾਰ ਬੰਦਾ ਕਿਤੇ ਹੁੰਦਾ ਹੈ, ਮਨ ਕਿਤੇ। ਚੁਲ੍ਹੇ ਅੱਗੇ ਬੈਠੀ ਸ਼ਾਮੋ ਦੁਪਹਿਰ ਦੀਆਂ ਰੋਟੀਆਂ ਪਕਾ ਚੁੱਕੀ ਸੀ। ਸੇਕ ਨਾਲ ਭਖਿਆ ਉਹਦਾ ਮੂੰਹ ਕਸੁੰਭੀ ਹੋ ਗਿਆ ਤੇ ਗਲ੍ਹਾਂ ਉਤੇ ਮੁੜ੍ਹਕੇ ਦੀਆਂ ਕਣੀਆਂ ਚਮਕਣ ਲੱਗੀਆਂ। ਕਾਂਸੀ ਦੇ ਕੋਲ ਵਿਚ ਮਾਂਹ ਦੀ ਦਾਲ ਤੇ ਰੋਟੀਆਂ ਦੀ ਤਹਿ ਵਿਚ ਭਿੰਡੀਆਂ ਦੀ ਭਾਜੀ। ਉਹਨੇ ਪੌਣੇ ਵਿਚ ਰੋਟੀ ਬੰਨ੍ਹ ਕੇ ਸਿਰ ਉਤੇ ਧਰ ਲਈ ਤੇ ਪਿੰਡੋਂ ਬਾਹਰ, ਟੋਭੇ ਤੇ ਪਿੱਪਲ ਤੋਂ ਉਰਲੇ ਪਾਸੇ, ਸਿਲਕੀ ਲਹਿੰਗੇ ਦੀ ਖੜਕਦੀ ਲੌਣ ਉਤੇ ਸੁਨਾਮੀ ਜੁੱਤੀ ਦੀ ਠੁਹਕਰ ਪੈਣ ਲੱਗੀ।

"ਜਦ ਲੌਂਗ ਦਾ ਪਿਆ ਲਿਸ਼ਕਾਰਾ" ਜੱਗਾ ਹਲ ਦੇ ਪਿਛੇ ਮੌਜ ਵਿਚ ਗਾਉਣ ਲੱਗਾ, "ਓ ਹਾਲੀਆਂ ਨੇ ਹਲ ਡੱਕ ਲਏ !”

ਜੱਗੇ ਨੇ ਹਲ ਮੋੜਿਆ। ਸਾਹਮਣੇ, ਪਹੇ ਵਿਚ ਸਾਈਕਲ ਉਤੇ ਤਿੱਖੀ ਪੱਗ ਤੇ ਪਤਲੂਨ ਵਾਲਾ ਇਕ ਅਣਦਾੜੀਆ ਸ਼ੌਕੀ ਮੁੰਡਾ ਫਰ ਫਰ ਕਰਦਾ ਲੰਘ ਗਿਆ। ਦੂਰ ਤਕ ਉਹਦੇ ਚਿੱਟੇ ਕਾਲਰ ਹਵਾ ਵਿਚ ਉਡਦੇ ਜਾਂਦੇ ਸਨ। ‘ਹੁਣ ਤਾਂ ਬਾਗੁਰੂ ਇਕ ਮੁੰਡਾ ਦੇ ਛੱਡੇ.." ਜੱਗੇ ਨੇ ਅਰਦਾਸ ਵਾਂਗ ਮਨ ਵਿਚ ਆਸ ਕੀਤੀ। ... ਉਪਰ ਤਕ ਪੜ੍ਹਾਵਾਂ, ਜਿਹੜਾ ਕਾਨੂੰਗੋ ਨੂੰ ਗੱਲ ਨਾ ਔਣ ਦੇਵੇਂ—ਹਲ ਨੂੰ ਨ੍ਹੀਂ ਲਾਉਣਾ ਆਪਾਂ--ਅਸੀਂ ਤਾਂ ਰਹਿਗੇ ਡੰਗਰ ਦੇ ਡੰਗਰ-ਐਤਕੀ ਸਹੁਰੀ ਗਾਂ ਨੇ ਵੀ ਵੱਛੀ ਓ ਦਿਤੀ ਐ—ਮਣਕੇ ਪਰੋਤੇ ਈ ਰਹਿਗੇ ਕੈਲੋਂ ਦੇ ਗਾਨੀ ਵਿਚ—ਸਹੁਰੀ ਦੁੱਧ ਆਲੇ ਪਸ਼ੂ ਨੂੰ ਐਵੇਂ ਟਪਕਾਰ ਲੱਗ ਜਾਂਦੀ ਐ—ਨਜ਼ਰ ਬੱਟੂ ਕਰਾ ਕੇ ਪਾਊਂਗਾ ਗਲ ਵਿਚ ਲਵੇਰੀ ਦੇ !

ਸਿਖਰ ਦੁਪਹਿਰ ਹੋ ਚੱਲੀ ਸੀ। ਪਰ, ਜੱਗੇ ਦੇ ਖ਼ਿਆਲ ਵਿਚ ਠੁਮਕਦੀ ਸ਼ਾਮੋਂ ਅਜੇ ਤਕ ਰੋਟੀ ਲੈ ਕੇ ਨਾ ਸੀ ਆਈ। 'ਕੰਮ ਕਿਹੜਾ ਥੋਹੜਾ ਇ ਸ਼ਾਮੋ ਨੂੰ—ਪਾਣੀ ਓ ਨ੍ਹੀ ਮਾਣ ਘਰ ਦਾ— ਛੇ ਛੇ ਘੜੇ ਇਕੋ ਵਾਰ ਆ ਜਾਂਦੇ ਨੇ—ਤੇ ਕੱਲੀ ਨੂੰ ਘੜਾ ਖਿੱਚਣਾ ਵੀ ਕਿਹੜਾ ਸੌਖਾ ਇ—ਇਹ ਵੀ ਟੰਟਾ ਮੁਕਾਵਾਂ ਐਤਕੀ ਹਾੜ੍ਹੀ ਔਣ ਤੇ-ਆਬਾਦੀ ਵਿਚ ਕੋਠਾ ਛੱਤ ਕੇ ਨਲਕਾ ਲੁਆ ਦੇਣੈ ਤੇ ਖੁਰਲੀਆਂ ਕਰਾ ਦੇਣੀਆਂ ਨੇ ਪੱਕੀਆਂ-ਨਿਤ ਨਿਤ ਲਿੱਪਣ ਦਾ ਵੀ ਜੂੜ ਵਢ ਹੋਵੇ। ਨਵੀਆਂ ਤੋਂ ਨਵੀਆਂ ਆਸਾਂ ਜੱਗੇ ਦੇ ਮਨ ਵਿਚ ਬਣਦੀਆਂ ਸਨ, ਜਿੰਨ੍ਹਾਂ ਦੇ ਸਹਾਰੇ ਵੀਹ ਪੰਝੀ ਸਿਆੜ ਧੂਹ ਮਾਰੇ ਤੇ ਉਹਨੂੰ ਪਤਾ ਵੀ ਨਾ ਸੀ ਲੱਗਿਆ।

ਹਵਾ ਬਿਲਕੁਲ ਬੰਦ ਹੋ ਗਈ। ਚਰ੍ਹੀਆਂ ਦੇ ਸਿੱਟੇ ਸਿਧੇ ਸਤੋਰ ਖੜੇ ਸਨ। ਪੱਤਾ ਨਾ ਸੀ ਹਿਲਦਾ। ਅਸਮਾਨ ਵਿਚ ਨਾ ਕੋਈ ਜਨੌਰ ਦਿਖਦਾ ਸੀ। ਚਰ੍ਹ ਚਰ੍ਹ ਪੁਲਾੜ ਵਿਚ ਵੀਂਡਿਆਂ ਦੀ ਵਾਜ ਆ ਰਹੀ ਸੀ। ਭਾਵੇਂ ਅੱਸੂ ਦਾ ਮਹੀਨਾ ਸੀ, ਪਰ ਦੁਪਹਿਰ ਵੇਲੇ ਸੂਰਜ ਨੂੰ ਅਜੇ ਵੀ ਜੋਸ਼ ਰਹਿੰਦਾ ਹੈ।

ਜੱਗਾ ਕੁਝ ਥੱਕ ਗਿਆ ਸੀ, ਪਰ ਉਹਨੂੰ ਇਹ ਵੇਲਾ ਵੀ ਸੁਹਾਉਣਾ ਲਗਦਾ ਸੀ—ਵਹੁਟੀ ਦੀ ਯਾਦ—ਘਰ ਤੇ ਬੱਚਿਆਂ ਦਾ ਮੋਹ-ਕੰਮ ਦਾ ਚਾਅ ਚੰਗੀ ਜ਼ਿੰਦਗੀ ਦੀਆਂ ਆਸਾਂ-ਖੁਸ਼ੀਆਂ ਨਾਲ ਜੱਗੇ ਦਾ ਮਨ ਭਰਿਆ ਪਿਆ ਸੀ ਤੇ ਜਦੋਂ ਮਨ ਖ਼ੁਸ਼ ਹੋਵੇ, ਸਭ ਰੁਤਾਂ ਸੁਹਣੀਆਂ ਬਣ ਜਾਂਦੀਆਂ ਹਨ।

ਇੱਖ ਉਹਲੇ ਪੈਰਾਂ ਦੀ ਵਿੜਕ ਹੋਈ। ਜੱਗੇ ਦੇ ਮਨ ਵਿਚ ਚਾਓ ਦੀ ਇਕ ਲਹਿਰ ਕੰਬੀ- ਹੁਣੇ ਸ਼ਾਮੋ ਦਾ ਹੱਸਦਾ ਮੂੰਹ ਦਿਸਣਾ ਇੰ, "ਮੇਰਿਓ ਓਏ ਛੇਰੋਂ...." ਉਹਨੇ ਬਲਦਾਂ ਨੂੰ ਛੇੜਿਆ, ਤਾਂ ਜੋ ਸ਼ਾਮੋ ਉਹਦੇ ਹਲ ਦੀ ਚਾਲ ਧੀਮੀ ਨਾ ਦੇਖੇ।

ਪਰ, ਇੱਖ ਦੇ ਖੂੰਜਿਓਂ ਜੱਸੜਾਂ ਵਾਲਾ ਗੋਬਿੰਦ ਖੱਤਰੀ ਸੜਿਆ ਬੂਥਾ ਲਈ ਆ ਨਿਕਲਿਆ। ਪਰਨੇ ਵਿਚ ਲਪੇਟੀ ਬਹੀ ਉਹਦੀ ਕੱਛ ਵਿਚ ਸੀ।

ਜੱਗੇ ਨੇ ਹਲ ਥੰਮਦਿਆਂ ਮਨ ਵਿਚ ਆਖਿਆ, 'ਜਾਹ ਓਏ ਕਾਲੇ ਮੂੰਹ ਆਲਿਆ ਸੱਪਾ, ਤੇਰਾ ਜੂੜ ਨਾ ਵਢ ਹੋਇਆ...!"

ਸ਼ਾਹ ਨੇ ਆ ਕੇ ਜੱਗੇ ਦੇ ਵਿਆਹ ਵਿਚ ਬੀ ਦਾ ਲੇਖਾ ਪਾ ਦਿਤਾ ਸੀ।

“ਓ ਭਾਈ ਚੌਧਰੀ, ਮੈਨੂੰ ਐਕਣੇ ਭੌਂਕਣਾ ਪਊ ਰੋਹੀਆਂ ਵਿਚ ਤੇਰੇ ਮਗਰ ਮਗਰ? ਲੇਖਾ ਤਾਂ ਕਰ ਲੈ ਆ ਕੇ ਵੀਹ ਵਾਰ ਸੱਦਿਐ..!" ਸ਼ਾਹ ਬੰਨੇ ਉਤੇ ਖਲੋਤੀ ਕਿੱਕਰ ਹੇਠ ਆਉਂਦਿਆਂ ਬੋਲਿਆ।" ਨੌਂ ਸਾਲ ਹੋਗੇ ਲੇਖਾ ਚਲਦੇ ਨੂੰ, ਦੇਖ ਲੈ, ਕੱਦਾ ਵਿਆਹ ਸੀ ਤੇਰਾ..!" ਛਾਂ ਹੇਠ ਸੱਦਣ ਲਈ ਉਹਨੇ ਜੱਗੇ ਵਲ ਝਾਕਦਿਆਂ ਕਿਹਾ।

ਹਲ ਨੂੰ ਵਿਚਾਲੇ ਥੰਮ ਕੇ ਜੱਗਾ ਕਿੱਕਰ ਵਲ ਤੁਰ ਪਿਆ। ਸਿਆੜਾਂ ਵਿਚ ਉਹਦੇ ਪੈਰ ਥਿੜਕ ਥਿੜਕ ਪੈਂਦੇ ਸਨ।

****

# ਮੰਜ਼ਲ ਦਾ ਸੁਪਨਾ

ਜਨਵਰੀ ਦਾ ਮਹੀਨਾ ਸੀ।

ਬੱਦਲਾਂ ਦੇ ਝੜ ਥੱਲੇ ਰੋਪੜ ਤੋਂ ਆਈ ਤਿੰਨ ਵਜੇ ਵਾਲੀ ਬੱਸ ਨਾਲਾਗੜ੍ਹ ਅੱਡੇ ਵਿਚ ਖਲੋਈ ਤਾਂ ਕੋਈ ਕੋਈ ਕਣੀ ਡਿਗ ਰਹੀ ਸੀ।

ਸਵਾਰੀਆਂ ਲਹੀਆਂ, ਕਈ ਨੌਜਵਾਨ ਅੱਡੇ ਵਿਚ ਇਕ ਪਾਸੇ ਖਲੋ ਕੇ ਵਾਕਫ਼ੀ ਪਾਉਣ ਲੱਗੇ, ਜਿਹੜੇ ਇਸੇ ਬੱਸ ਤੇ ਕੁਝ ਪਹਿਲੀ ਬੱਸ ਆਏ ਸਨ, ਤੇ ਜਿੰਨ੍ਹਾਂ ਨੂੰ ਪੈਪਸੂ ਸਰਕਾਰ ਨੇ ਨਾਲਾਗੜ੍ਹ ਦੇ ਪਿੰਡਾਂ ਵਿਚ ਪ੍ਰਾਇਮਰੀ ਸਕੂਲਾਂ ਦੇ ਟੀਚਰ ਲਾ ਕੇ ਭੇਜਿਆ ਸੀ।

ਜਗਰਾਵਾਂ ਤੋਂ ਪਟਿਆਂ ਨੂੰ ਵਾਹੀਂ ਤੇ ਭੂਸਲੇ ਰੰਗ ਦਾ ਘਸਿਆ ਹੋਇਆ ਗਰਮ ਸੂਟ ਪਾਈਂ ਵਾਰ ਵਾਰ ਹਸਦਾ ਮਾੜਚੂ ਜਿਹਾ ਅਮਰ ਚੰਦ ਸੀ। ਮਾਲੇਰਕੋਟਲੇ ਤੋਂ ਤੰਗ ਪਜਾਮੇ ਨਾਲ ਬੰਦ ਗਲੇ ਦਾ ਕੋਟ ਤੇ ਸਿਰ ਉਤੇ ਪ੍ਰੋਹਤਾਂ ਵਰਗੀ ਪੱਗ ਬੰਨ੍ਹੀ ਚੜ੍ਹਤ ਰਾਮ, ਗੋਬਿੰਦਗੜ ਤੋਂ ਨੋਕਦਾਰ ਪੱਗ, ਠੰਡੀ ਪਤਲੂਨ, ਰਬੜ ਦੀਆਂ ਚੱਪਲਾਂ ਤੇ ਖੇਸੀ ਦੀ ਬੁੱਕਲ ਮਾਰੀ ਰਿਪੁਦਮਨ ਸਿੰਘ; ਪਟਿਆਲੇ ਤੋਂ ਚਿੱਟੇ ਫਲੀਟਾਂ ਉਤੇ ਸ਼ਹਿਰੀਆਂ ਵਾਲੀ ਟੌਰ ਕਢਕੇ ਸੁਰਿੰਦਰ ਕੁਮਾਰ; ਤੇ ਕਈ ਹੋਰ ਪਾਸਿਆਂ ਤੋਂ ਕਈ ਹੋਰ।

ਨਿਕੀ ਨਿਕੀ ਫੁਹਾਰ ਹੋ ਗਈ। ਸਭ ਨੇ ਆਪੋ ਆਪਣਾ ਸਾਮਾਨ ਚੁਕਿਆ ਤੇ ਮੀਂਹ ਵਿਚ ਭਿਜਦਿਆਂ ਸ਼ਹਿਰ ਦਾ ਗੇਟ ਵੜ ਕੇ ਬਾਜ਼ਾਰ ਦੀ ਧਰਮਸ਼ਾਲਾ ਵਿਚ ਡੇਰਾ ਕਰ ਲਿਆ। ਸੰਝ ਨੇੜੇ ਸੀ, ਪਿੰਡ ਪਤਾ ਨਹੀਂ ਕਿੰਨੀ ਦੂਰ ਸਨ। ਕਿਸੇ ਕੋਹ ਨਿਚਲੀ ਜਾਣਾ ਸੀ, ਕਿਸੇ ਜੈ ਨਗਰ, ਸੂਨ, ਪਿਊਖੜੀ, ਤਿਆਮੂ, ਜਨੌਣ ਤੇ ਬੱਡੂ ਆਦਿ। ਨਾਲੇ ਆਪੋ ਆਪਣੇ ਪਿੰਡਾਂ ਨੂੰ ਜਾਣ ਤੋਂ ਪਹਿਲਾਂ ਨਾਲਾਗੜ੍ਹ ਦੇ ਏ. ਡੀ.ਆਈ. ਨੂੰ ਮਿਲਣਾ ਜ਼ਰੂਰੀ ਸੀ।

ਚਾਰ ਵਜੇ ਸਾਰੇ ਏ. ਡੀ.ਆਈ. ਦੇ ਦਫ਼ਤਰ ਵਿਚ ਗਏ। ਲਿਖਾ ਪੜ੍ਹੀ ਕਰਦਿਆਂ ਰਾਤ ਹੋ ਗਈ। ਕੁਝ ਇਕ ਦੀ ਡਾਕਟਰੀ ਹੋਣੀ ਵੀ ਕੱਲ੍ਹ ਉਤੇ ਪੈ ਗਈ ਸੀ-ਜਦ ਤਕ ਡਾਕਟਰੀ ਸਰਟੀਫੀਕੇਟ ਨਾ ਬਣੇ, ਤਨਖ਼ਾਹ ਮਨਜ਼ੂਰ ਨਹੀਂ ਹੁੰਦੀ—ਇਸ ਲਈ ਸਾਰਿਆਂ ਦੇ ਕਾਗ਼ਜ਼ ਮੁਕੰਮਲ ਹੋਣ ਵਿਚ ਥੋੜੀ ਥੋੜੀ ਘਾਟ ਰਹਿ ਗਈ। ਇਹ ਸਾਰਾ ਕੰਮ ਹੁਣ ਸਵੇਰ ਉਤੇ ਛੱਡਿਆ ਗਿਆ। ਸਵੇਰੇ ਸਾਝਰੇ ਦਫ਼ਤਰ ਆਉਣਾ ਤੇ ਛੇਤੀ ਵਿਹਲੇ ਹੋ ਕੇ ਤੁਰ ਜਾਣਾ ਸੀ, ਤਾਂ

ਜੋ ਕਲ੍ਹ ਹੀ ਆਪੋ ਆਪਣੇ ਪਿੰਡੀਂ ਪੁਜ ਕੇ ਜੁਆਨਿੰਗ ਰਿਪੋਟ ਭਿਜਵਾ ਹੋਵੇ ਤੇ ਕਲ੍ਹ ਤੋਂ ਹੀ ਤਨਖ਼ਾਹ ਪੈਣ ਲੱਗ ਜਾਵੇ।

ਸਾਰੇ ਖ਼ੁਸ਼ੀ ਨਾਲ ਭਰੇ, ਦਫ਼ਤਰ ਦੇ ਚੁਬਾਰੇ ਦੀਆਂ ਪੌੜੀਆਂ ਲਹਿ ਆਏ। ਚਾਓ ਵਿਚ ਇਕ ਦੂਜੇ ਨਾਲ ਕਾਹਲੀ ਕਾਹਲੀ ਗੱਲਾਂ ਕਰਦੇ ਸਨ। ਨਵੀਂ ਨਵੀਂ ਤਨਖਾਹ ਪੈਣ ਲੱਗਣ ਦੀ ਖੁਸ਼ੀ ਘਟ ਨਹੀਂ ਹੁੰਦੀ। ਵੱਡੀ ਕਾਹਲ ਹੁਣ ਇਹੋ ਸੀ ਕਿ ਕੱਲ੍ਹ ਨੂੰ ਜ਼ਰੂਰ ਹੀ ਜੁਆਨਿੰਗ ਰਿਪੋਟ ਬਣ ਜਾਵੇ। ਜੇ ਕੱਲ੍ਹ, ਦੁਪਹਿਰ ਤੋਂ ਪਹਿਲਾਂ, ਆਪੋ ਆਪਣੇ ਠੀਹੇ ਨਾ ਪੁੱਜ ਹੋਇਆ ਤਾਂ ਪਰਸੋਂ ਨੂੰ ਵਿਚ ਐਤਵਾਰ ਪੈ ਜਾਵੇਗਾ ਤੇ ਫਿਰ ਰਿਪੋਟ ਚੌਥੇ, ਸੋਮਵਾਰ, ਚੌਵੀ ਤਰੀਕ ਉਤੇ ਜਾ ਪਵੇਗੀ। ਦੋ ਦਿਨਾਂ ਦੇ ਪੰਜ ਪੰਜ ਰੁਪਏ ਐਵੇਂ ਮਾਰੇ ਜਾਣਗੇ। ਰੁਜ਼ਗਾਰ ਲਈ ਘਰੋਂ ਨਿਕਲਿਆਂ ਨੂੰ ਇਕ ਇਕ ਦਿਨ ਸਹਾਈ ਹੁੰਦਾ ਹੈ।

ਬਾਜ਼ਾਰ ਦੇ ਛੇਤੀ ਬੰਦ ਹੋ ਜਾਣ ਉਤੇ ਹਸਦੇ ਤੇ ਨਾਲਾਗੜ੍ਹ ਇਲਾਕੇ ਦੇ ਪਛੜੇਪਣ ਨੂੰ ਮਖ਼ੌਲਾਂ ਕਰਦੇ ਨਵੇਂ ਅਲ੍ਹੜ ਮੁੰਡੇ ਖੁਸ਼ੀਆਂ ਨਾਲ ਨਸ਼ਿਆਏ, ਪੱਥਰਾਂ ਉਤੇ ਥਿੜਕ ਥਿੜਕ ਤੁਰਦੇ ਸਰਾਏ ਵਿਚ ਆ ਗਏ। ਇਕੋ ਜਿਡਿਆਂ ਵਿਚ ਭਾਵੇਂ ਚੰਗਾ ਹਾਸਾ ਖੇਲਾ ਬਣਿਆ ਹੋਇਆ ਸੀ, ਤਾਂ ਵੀ ਜਿਵੇਂ ਰਾਤ ਮਸੀਂ ਲੰਘਣੀ ਸੀ। ਸਾਰੇ ਇਸੇ ਚਾਓ ਨਾਲ ਧੜਕ ਰਹੇ ਸਨ ਕਿ ਕਦ ਇਥੋਂ ਤੁਰੀਏ ਤੇ ਕਦ ਜਾ ਕੇ ਆਪੋ ਆਪਣੇ ਪਿੰਡ, ਸਕੂਲ ਤੇ ਉਥੋਂ ਦੇ ਲੋਕਾਂ ਨੂੰ ਦੇਖੀਏ।

ਪਰ, ਜਦ ਤੜਕਾ ਹੋਇਆ ਤਾਂ ਬਾਹਰੋਂ ਮੀਂਹ ਵਰ੍ਹਨ ਦੀ ਵਿੜਕ ਆ ਰਹੀ ਸੀ। ਅਮਰ ਚੰਦ ਨੇ ਬਾਰ ਖੋਲ੍ਹਿਆ ਤੇ ਵਰਾਂਡੇ ਵਿਚ ਆਕੇ ਤੱਕਿਆ। ਅਸਮਾਨ ਵਿਚ ਬੱਦਲ ਘੁਲੇ ਹੋਏ ਸਨ। ਸਵੇਰ ਨੇੜੇ ਹੁੰਦਿਆਂ ਵੀ ਹਨੇਰਾ ਘੁੱਪ ਸੀ, ਤੇ ਚਪਲ ਚਪਲ ਮੀਂਹ ਵਰ੍ਹ ਰਿਹਾ ਸੀ। ਉਹਨੇ ਸਾਰਿਆਂ ਨੂੰ ਜਗਾ ਕੇ ਰਜ਼ਾਈ ਵਿਚ ਵੜਦਿਆਂ ਫਿਕਰ ਨਾਲ ਆਖਿਆ, “ਲਓ ਬਈ, ਅਜ ਨ੍ਹੀਂ ਜਾ ਹੋਣਾ ਦੋਸਤ, ਮੀਂਹ ਰਸਵਾਂ ਰਸਵਾਂ ਪੈਂਦੇ। ਇੱਕੋਤਾਰ।"

ਰਿਪੁਦਮਨ ਸਿੰਘ ਨੇ ਤੀਲੀ ਬਾਲ ਕੇ ਮੋਮਬੱਤੀ ਜਗਾਉਂਦਿਆਂ ਕਿਹਾ, "ਕਿਤੇ ਝੜੀ ਨਾ ਲੱਗ ਜਾਵੇ ਯਾਰ—ਹੋਰ ਇਥੇ ਹੀ ਫਸੇ ਰਹੀਏ।"

ਕਮਰੇ ਵਿਚ ਚਾਨਣ ਦੇਖ ਕੇ ਬਿਸਤਰਿਆਂ ਵਿਚ ਪਿਆਂ ਨੇ ਪਲਸੇਟੇ ਮਾਰੇ। ਕੋਈ ਖੰਘਣ ਲਗਾ, ਕੋਈ ਪਿਆ ਰਿਹਾ, ਕੋਈ ਕੰਧ ਨਾਲ ਢਾਸਣਾ ਲਾ ਕੇ ਰਜ਼ਾਈ ਦੀ ਬੁੱਕਲ ਵਿਚ ਬਹਿ ਗਿਆ। ਸਾਰਿਆਂ ਨੂੰ ਸੰਸਾ ਹੋਣ ਲਗਾ:

"ਜੇ ਅਜ ਮੀਂਹ ਪੈਂਦਾ ਰਿਹਾ ਤਾਂ ਕੀ ਕਰਾਂਗੇ?"

"ਬੜਾ ਲੋਹੜਾ ਹੋਇਆ !"

"ਜੇ ਪਹੁੰਚ ਇ ਨਾ ਹੋਇਆ ਅੱਜ ਤਾਂ ਰਿਪੋਟ ਕਿਵੇਂ ਬਣੀ ?"

"ਸੋਚੀਦਾ ਕੁਛ ਐ ਹੁੰਦਾ ਕੁਛ !"

"ਰਿਪੋਟ ਨ੍ਹੀਂ ਬਣਦੀ ਅਜ—ਦਿਨ ਫੁਟਗੇ ਦੋ ਦੋ !"

"ਸਿਆਲ ਦੀ ਝੜੀ ਐ, ਤੇ ਹੈ ਵੀ ਅਜ ਵਾਰ ਵਾਰ ਦੀ ਝੜੀ ਲੱਗੀ ਛੱਤ ਹਟਦੀ ਵੀ ਨ੍ਹੀਂ ਹੁੰਦੀ..." ਚੜ੍ਹਤ ਰਾਮ ਦੇ ਪਿਉ ਨੇ ਰਜ਼ਾਈ ਵਿਚੋਂ ਮੂੰਹ ਕੱਢ ਕੇ ਆਪਣੀ ਉਮਰ ਦੇ ਤਜਰਬੇ ਵਜੋਂ ਆਖਿਆ ਜੋ ਤਸੱਲੀ ਲਈ ਪੁਤ ਨੂੰ ਕੰਮ ਉਤੇ ਛੱਡਣ ਆਪ ਨਾਲ ਆਇਆ ਸੀ।

ਮੋਮਬਤੀ ਦੀ ਲੋਅ ਮੱਧਮ ਪੈ ਗਈ। ਵਿਰਲਾਂ ਤੇ ਰੋਸ਼ਨਦਾਨਾਂ ਵਿਚ ਬੱਦਲੀ ਚਾਨਣ ਚਮਕਣ ਲੱਗਾ।

ਕੁਝ ਜਣੇ ਉਠ ਕੇ ਮੌਸਮ ਦਾ ਹਾਲ ਦੇਖਣ, ਬੁੱਕਲਾਂ ਮਾਰੀਂ, ਵਰਾਂਡੇ ਵਿਚ ਆ ਖੜੇ। ਵਾਛੜ ਨਾਲ ਅੱਧਾ ਵਰਾਂਡਾ ਭਿੱਜ ਗਿਆ ਸੀ। ਵਿਹੜੇ ਵਿਚ ਖਲੋਤੀ ਨਿੰਮ ਤੇ ਪਿੱਪਲ ਦੀਆਂ ਟਹਿਣੀਆਂ ਹਵਾ ਦੇ ਬੁਲ੍ਹਿਆਂ ਨਾਲ ਕਮਲੀਆਂ ਹੋ ਰਹੀਆਂ ਸਨ। ਸਾਹਮਣੇ ਹਰੀ ਪਹਾੜੀ ਦੀ ਢਾਕ ਉਤੇ ਰਾਜੇ ਦੇ ਚਿੱਟੇ ਮਹਿਲ ਮੀਂਹ ਵਿਚ ਅਲਸਾਏ ਹੋਏ ਸਨ ਤੇ ਨਾਲ ਦੇ ਨੀਲੇ ਪਹਾੜ ਦੀ ਕੁਖ ਵਿਚੋਂ ਚਿੱਟੀ ਧੁੰਦ ਉਠ ਰਹੀ ਸੀ !

ਸਿਲ੍ਹੇ ਹੋ ਕੇ ਸਾਰੇ ਪਿਛੇ ਕੰਧ ਨਾਲ ਖਲੇ ਗਏ।

ਵਿਹੜੇ ਵਿਚ ਖੱਬੇ ਪਾਸੇ ਦੀ ਕੋਠੜੀ ਵਿਚੋਂ ਧੂੰਆਂ ਨਿਕਲਣ ਲੱਗਾ, ਜਿਸ ਵਿਚ ਕੁਝ ਪਹਾੜੀਏ ਮੁਸਾਫਰ ਉਤਰੇ ਹੋਏ ਸਨ। ਵਰਾਂਡੇ ਦੀ ਇਕ ਨੁੱਕਰੇ ਇਕ ਮੁਸਾਫ਼ਰ ਧੂਣੀ ਬਾਲ ਕੇ ਆਪਣੀ ਖੱਚਰ ਨੂੰ ਸੇਕਾਉਣ ਲੱਗਾ, ਜੋ ਸਾਰੀ ਰਾਤ ਬਾਹਰ ਪਾਲੇ ਵਿਚ ਠਰਦੀ ਰਹੀ ਸੀ।

"ਬਈ ਕੋਈ ਹਮ ਬੀ ਚਾਹ ਚੂਹ ਕਾ ਇੰਤਜਾਮ ਕਰੇਂ !" ਪਟਿਆਲੇ ਦੇ ਸੁਰਿੰਦਰ ਕੁਮਾਰ ਨੇ ਸਾਰਿਆਂ ਦੇ ਦਿਲ ਦੀ ਗੱਲ ਕੀਤੀ।

"ਹਾਂ, ਹਾਂ, ਜ਼ਰੂਰ..." ਸਲੌਦੀ ਦਾ ਗੁਰਦੇਵ ਸਿੰਘ ਬੋਲਿਆ।

ਸੱਜੇ ਪਾਸੇ ਦੀ ਕੋਠੜੀ ਵਿਚੋਂ ਇਕ ਬੀਮਾਰ ਪਹਾੜਨ ਬੁੱਢੀ ਦੀ ਵਾਜ ਆਈ, "ਵੇ ਛੋਰੂਓ ਮੈਂ ਈਹਾ ਗਲਾਂਦੀ, ਵੇ ਮੈਂ ਅਜ ਚਾਹ ਨਾ ਪੀਤੀ .." !

“ਲਓ ਹੋਰ ਸੁਣੋ ਅਮਰ ਚੰਦ ਛੂਕੇ ਨੇ ਹਾਸੇ ਨਾਲ ਤਾੜੀ ਮਾਰ ਕੇ ਆਖਿਆ, "ਇਹਨੂੰ ਆਪਣੀ ਪਈ ਹੋਈ ਐ !"

“ਹਰ ਕਿਸੇ ਨੂੰ ਆਪਣੀ ਪਈ ਹੋਈ ਹੈ ਇਸ ਦੁਨੀਆਂ ਵਿਚ, ਇਸੇ ਕਾ ਨਾਮ ਸੰਸਾਰ ਹੈ, ਅਖੇ ਨਾਨਕ ਦੁਖੀਆ ਸਭ ਸੰਸਾਰ...." ਚੜ੍ਹਤ ਰਾਮ ਦੇ ਪਿਓ ਨੇ ਹਾਜੀਆਂ ਵਰਗੀ ਦਾੜ੍ਹੀ ਖੁਰਕਦਿਆਂ ਧਾਰਮਕ ਰੰਗ ਵਿਚ ਆਖਿਆ।

"ਆਓ ਫੇਰ ਆਪਾਂ ਚਾਹ ਤਾਂ ਬਣਾਈਏ !" ਰਿਪੁਦਮਨ ਨੇ ਪੱਧਰੀ ਗੱਲ ਕਰਦਿਆਂ ਖੋਜੀ ਦੀ ਬੁੱਕਲ ਵਿਚੋਂ ਹੱਥ ਕੱਢਿਆ, “ਕਢੋ ਸਾਰੇ ਜਣੇ ਢਾਈ ਢਾਈ ਆਨੇ !"

ਢਾਈ ਢਾਈ ਆਨੇ ਜਮ੍ਹਾ ਹੋ ਗਏ, ਤੇ ਚਾਹ ਬਣ ਗਈ।

ਪਤੀਲਾ ਚਾਹ ਦਾ ਵਿਚਾਲੇ ਰੱਖ ਕੇ ਸਾਰੇ ਚਾਹ ਪੀਣ ਲੱਗੇ। ਬੂਹੇ ਦੇ ਫਟ ਖੋਲ੍ਹ ਕੇ ਸਿਲ੍ਹੀ ਹਵਾ ਦੇ ਬੁਲੇ ਅੰਦਰ ਵਗੇ ਆਉਂਦੇ ਸਨ। ਪਾਲੇ ਵਿਚ ਠਰਨ ਤੇ ਰਲ ਕੇ ਚਾਹ ਪੀਣ ਵਿਚ ਅਨੋਖਾਂ ਸੁਆਦ ਸੀ। ਹੋਟਲਾਂ ਉਤੇ ਪੈਸੇ ਸੁੱਟਣ ਜਾਂ ਆਪੋ ਆਪਣਾ ਆਹਰ ਕਰਨ ਨਾਲੋਂ ਸਾਰਿਆਂ ਨੇ ਦੁਪਹਿਰ ਦੀ ਰੋਟੀ ਵੀ ਸਾਂਝੀ ਬਨਾਉਣ ਦੀ ਸਲਾਹ ਕੀਤੀ। ਅਮਰ ਚੰਦ ਨੇ ਚੜ੍ਹਤ ਰਾਮ ਦੇ ਪਿਓ ਤੇ ਸਲੌਦੀ ਵਾਲ ਗੁਰਦੇਵ ਸਿੰਘ ਨੂੰ ਆਖਿਆ, "ਤੁਸੀਂ ਦੋਵੇਂ ਰੋਟੀ ਤਿਆਰ ਕਰ ਲਓ। ਮੈਂ ਰੀਪਾ ਤੇ ਅਸੀਂ ਹੋਰ ਸਾਰੇ ਏ. ਡੀ. ਆਈ ਕੋਲੋਂ ਰਹਿੰਦੇ ਕਾਗਜ ਮੁਕੰਮਲ ਕਰਵਾ ਲਈਏ।"

ਚੜ੍ਹਤ ਰਾਮ ਦਾ ਪਿਓ ਤੇ ਗੁਰਦੇਵ ਸਿੰਘ ਆਪਣੇ ਕੰਮ ਲੱਗ ਪਏ। ਬਾਕੀ ਸਾਰੇ ਏ.ਡੀ.ਆਈ. ਵਲ ਤੁਰ ਗਏ। ਕਿਣ ਮਿਣ ਕਾਣੀ ਹੋਈ ਜਾਂਦੀ ਸੀ।

ਕਾਗਜ਼ੀ ਕਾਰਵਾਈ ਕਰਦਿਆਂ ਦਫ਼ਤਰ ਵਿਚ ਬਾਰਾਂ ਵੱਜ ਗਏ। ਤ੍ਰਿਪ ਤ੍ਰਿਪ ਚੋਂਦਾ ਅੰਬਰ ਬਿੰਦ ਕੁ ਲਈ ਸਾਹ ਲੈਣ ਲੱਗਾ। ਬੱਦਲਾਂ ਨੂੰ ਪਾੜ ਕੇ ਪਲ ਭਰ ਲਈ ਸੂਰਜ ਨੇ ਅੱਖ ਪੁਟ ਲਈ ਤੇ ਕੇਸਰੀ ਧੁਪ ਦੀ ਕੋਸੀ ਫਾਂਟ, ਬਾਰੀ ਵਿਚੋਂ, ਏ.ਡੀ.ਆਈ. ਦੀ ਮੇਜ਼ ਉਤੇ ਆ ਪਈ। ਕਾਗਜ਼ਾਂ ਉਤੇ ਲਿਖਣਾ ਛੱਡ ਕੇ ਬਜ਼ੁਰਗ ਅੱਖਾਂ ਨੇ ਐਨਕ ਪਿਛੋਂ ਹਮਦਰਦੀ ਨਾਲ ਆਪਣੇ ਅਧੀਨਾਂ ਵਲ ਤੱਕਿਆ, "ਕਿਉਂ ਬਈ ਫੇਰ, ਤਿਆਰ ਓ ਨਾ ਹੁਣ...?"

"ਹਾਂ ਜੀ..." ਕਈਆਂ ਨੇ ਆਖਿਆ, "ਬਸ ਹੁਣ ਤੁਰ ਪੈਣੇ।"

“ਚੰਗਾ ਬਈ ਚੰਗਾ..." ਗੰਜੇ ਸਿਰ ਉਤੇ ਹੱਥ ਫੇਰਦਿਆਂ ਬਜ਼ੁਰਗ ਏ. ਡੀ.ਆਈ. ਨੇ ਇਕ ਵਾਰ ਫੇਰ ਐਨਕ ਪਿਛੋਂ ਤੱਕਿਆ, “ਸ਼ਾਬਾਸ਼ !”

ਝਟ ਮੇਜ਼ ਉਤੋਂ ਧੁੱਪ ਦੀ ਫਾਂਟ ਅਲੋਪ ਹੋ ਗਈ, ਜਿਵੇਂ ਸੂਰਜ ਪਾਣੀ ਵਿਚ ਗੁੱਚੀ ਮਾਰ ਗਿਆ ਹੋਵੇ। ਮੋਟੀਆਂ ਮੋਟੀਆਂ ਕਣੀਆਂ ਸ਼ੁਰੂ ਹੋ ਗਈਆਂ।

ਸਾਰਿਆਂ ਦੇ ਮੂੰਹਾਂ ਉਤੇ ਆਈ ਆਸ ਦੀ ਝਲਕ ਉਡ ਗਈ। ਬਜ਼ੁਰਗ ਅੱਖਾਂ ਨੇ ਹੁਣ ਆਪਣੀਆਂ ਤੱਕਣੀਆਂ ਨੂੰ ਮਸੂਮ ਚਿਹਰਿਆਂ ਵਲੋਂ ਟਾਲ ਲਿਆ। ਦਫਤਰੋਂ ਸਾਰੇ ਸਰਾਏ ਵਲ ਤੁਰ ਪਏ। ਠੰਡੀਆਂ ਕਣੀਆਂ ਸੂਈਆਂ ਵਾਂਗ ਚੁਭਦੀਆਂ ਸਨ।

ਬੱਦਲ ਫੇਰ ਘੁਲ ਕੇ ਇਕੋਤਾਰ ਵਰ੍ਹਨ ਲੱਗ ਪਿਆ। ਦੁਪਹਿਰ ਵੇਲੇ ਹੀ ਆਥਣ ਹੋ ਗਈ ਸੀ। ਅਖੀਰ ਸੋਚਣਾ ਪਿਆ, ਹੁਣ ਤਾਂ ਕਿਸੇ ਪਾਸੇ ਤੁਰ ਨ੍ਹੀਂ ਹੋਣਾ, ਰਿਪੋਟ ਤਾਂ ਰਹਿ ਹੀ ਗਈ, ਸਵੇਰੇ ਐਤਵਾਰ ਨੂੰ ਹੀ ਆਰਾਮ ਨਾਲ ਚੱਲਾਂਗੇ। ਜਾਣੋ ਸੋਮਵਾਰ ਤੋਂ ਰਿਪੋਟ ਬਣ ਜੂ ਕਿਹੜਾ ਵਸ ਦੀ ਗੱਲ ਐ...। ਤੇ ਸਾਰੇ ਆਪੋ ਆਪਣੇ ਬਿਸਤਰਿਆਂ ਵਿਚ ਆਰਾਮ ਨਾਲ ਰਜਾਈਆਂ ਓਢ ਕੇ ਪੈ ਗਏ।

ਝੜੀ ਵਿਚ ਭਿੱਜੀ ਹੋਈ ਸ਼ਾਮ ਚੁਫੇਰੇ ਫੈਲ ਗਈ। ਮੀਂਹ ਦੀ ਚਪਲ ਚਪਲ ਵਿਚ ਬਾਜ਼ਾਰ ਦਾ ਬੋਲ-ਬੁਲਾਰਾ ਗੁਆਚਿਆ ਹੋਇਆ ਸੀ, ਜਿਸ ਦੀ ਇਕਸੁਰਤਾ ਨੂੰ ਤੋੜ ਕੇ ਕਦੇ ਕਦੇ ਕਿਸੇ ਦੁੱਧ-ਚਾਹ ਵਾਲੇ ਦੀ ਵਾਜ ਉੱਚੀ ਹੋ ਜਾਂਦੀ। ਸਾਰੀ ਰਾਤ ਮੀਂਹ ਵਰ੍ਹਦਾ ਰਿਹਾ। ਸਾਰੀ ਰਾਤ ਵਿਹੜੇ ਵਿਚ ਦੇ ਬਿਰਛਾਂ ਦੇ ਪੱਤਿਆਂ ਉਤੇ ਕਣੀਆਂ ਡਿਗਣ ਦੀ ਵਾਜ ਆਉਂਦੀ ਰਹੀ।

ਦਿਨ ਚੜ੍ਹਿਆ, ਪਰ ਬੱਦਲ ਨੇ ਅਜੇ ਵੀ ਅੱਖ ਨਾ ਸੀ ਖੋਲ੍ਹੀ! ਐਤਵਾਰ ਤੇਈ ਤਰੀਕ ਹੋ ਚੱਲੀ ਸੀ। ਜੇ ਅੱਜ ਵੀ ਤੁਰ ਹੋਵੇ। ਪਰ ਤੁਰ ਹੁੰਦਾ ਅੱਜ ਵੀ ਨਾ ਸੀ ਜਾਪਦਾ।

ਚੜ੍ਹਤ ਰਾਮ ਦੇ ਪਿਓ ਨੇ ਬਿਸਤਰੇ ਵਿਚ ਪਿਆਂ ਆਕੜ ਭੰਨੀ ਤੇ ਰਜਾਈ ਵਿਚ ਕੰਧ ਨਾਲ ਢੋਅ ਲਾ ਕੇ ਬਹਿੰਦਿਆਂ ਅਖਾਣ ਪਾਇਆ: ਸਤਿਜੁਗ, ਦੁਆਪਰ ਯਾ ਮੈਂ ਜਾਣਾ ਤਰੇਤੇ ਦੀ ਗੱਲ ਐ, ਕਹਿੰਦੇ ਨੇ, ਇਕ ਸਾਧੂ ਨੇ ਇਕ ਰਾਜੇ ਨੂੰ ਆਖਿਆ, ਰਾਜਨ ! ਇਕ ਪਾਸੇ ਅੱਠ ਦਿਨ ਦੀ ਝੜੀ ਐ ਇਕ ਪਾਸੇ ਬਾਰਾਂ ਬਰਸ ਦਾ ਕਾਲ, ਬੋਲ ਕੀ ਮਨਜ਼ੂਰ ? ਤਾਂ ਰਾਜੇ ਕਿਹਾ : ਰਿਸ਼ੀ ਮਹਾਰਾਜ, ਮੈਨੂੰ ਬਾਰਾਂ ਬਰਸ ਦਾ ਕਾਲ ਚੰਗਾ, ਪਰ ਅੱਠ ਦਿਨ ਦੀ ਝੜੀ ਔਖੀ !"

ਸਾਰਿਆਂ ਨੇ ਸੱਚ ਜਾਣ ਕੇ ਹੁੰਗਾਰਾ ਦਿਤਾ। ਸੁਰਿੰਦਰ ਕੁਮਾਰ ਪਟਿਆਲੀਏ ਨੇ ਆਖਿਆ, "ਹਮ ਨੂੰ ਤਾਂ ਸਾਲਾ ਕੋਈ ਸਾਧੂ ਵੀ ਆਕੇ ਨਹੀਂ ਪੁੱਛਦਾ, ਹਮ ਤਾਂ ਨਹੀਂ ਮਾਘ ਮਾਂ ਈ ਜੇਠ ਕਾ ਸਿਖਰ ਦੁਪਹਿਰਾ ਮੰਗ ਸਮੇਂ.. !"

"ਮੰਗ ਲਮੇਂ ਸਿਖਰ ਦੁਪਹਿਰਾ ਜੇਠ ਕਾ-ਮੂੰਹ ਕਿਵੇਂ ਅੱਡਿਐ!" ਅਮਰ ਚੰਦ ਨੇ ਸੁਰਿੰਦਰ ਕੁਮਾਰ ਦੀ ਸਾਂਗ ਲਾਈ। ਬਾਹਰ ਮੀਂਹ ਤੇਜ਼ ਹੋ ਗਿਆ ਤੇ ਉਹਨੇ ਮੀਂਹ ਤੋਂ ਅੱਕਿਆ ਨੂੰ ਸਗੋਂ ਹੋਰ ਅਕਾਉਣ ਲਈ ਉਚੀ ਆਖਿਆ, "ਲਾ ਦੇ ਛਹਿਬਰ, ਕਰ ਦੇਹ ਥਲ ਤੋਂ ਜਲ….।"

"ਓਏ ਦੁੱਧ ਮੰਗ, ਪੁੱਤ ਮੰਗ, ਕੜਾਕੇ ਵਰਗੀ ਧੁੱਪ ਮੰਗ, ਮੀਂਹ ਮੰਗ ਕੇ, ਬੁੱਡੂਆ, ਗਾਰਾ ਖਾਣੇ ?" ਰਿਪੁਦਮਨ ਨੇ ਰਜ਼ਾਈ ਵਿਚੋਂ ਮੂੰਹ ਕੱਢਕੇ ਅਮਰ ਚੰਦ ਨੂੰ ਠਿਲ੍ਹ ਕੀਤੀ।

ਦਿਨ ਚੋਖਾ ਚੜ੍ਹ ਗਿਆ। ਮੀਂਹ ਥਾਂ ਥਾਂ ਵੱਸੀ ਜਾ ਰਿਹਾ ਸੀ। ਕੱਪੜੇ, ਮਕਾਨ ਤੇ ਆਲਾ ਦੁਆਲਾ ਹੀ ਨਹੀਂ, ਦਿਲ ਤੇ ਦਿਮਾਗ ਵੀ ਸਿਲ੍ਹਾਬੇ ਗਏ ਸਨ। ਜੇ ਇਹੋ ਹਾਲ ਰਿਹਾ ਤਾਂ ਕਲ੍ਹ ਦੀ ਰਿਪੋਟ ਵੀ ਨਹੀਂ ਬਣ ਸਕਣੀ, ਸਗੋਂ ਪਤਾ ਨਹੀਂ ਕਿਨੇ ਦਿਨ ਇਥੇ ਹੀ ਰੁਲਣਾ ਪਵੇ। ਜੇਬਾਂ 'ਚੋਂ ਪੈਸੇ ਅੱਡ ਮੁਕਦੇ ਜਾਂਦੇ ਸਨ। ਕਿਸੇ ਠੀਹੇ ਲੱਗਣ ਤਾਂ ਰੋਟੀ ਤੇ ਰਹਿਣ ਸਹਿਣ ਦਾ ਕੋਈ ਪਰਬੰਧ ਬਣੇ। ਅਗਲਿਆਂ ਦੇ ਸਿਰ ਹੋਣ ਜੋਗੇ ਹੋਣ—ਨਾ ਨ੍ਹਾਉਣਾ, ਨਾ ਧੋਣਾ—ਨਿਰੀ ਮੁਸਾਫਰੀ। ਦਿਹਾੜੀ ਉਂਜ ਪਤਾ ਨਹੀਂ ਕਦ ਤੋਂ ਪੈਣ ਲਗੂ। ਅਖੀਰ ਸਾਰਿਆਂ ਸੋਚਿਆ ਕਿ ਭਿਜਦੇ ਭਿਜਾਉਂਦੇ ਇਕ ਫੇਰਾ ਏ.ਡੀ.ਆਈ. ਕੋਲ ਤਾਂ ਮਾਰ ਆਈਏ। ਖ਼ਬਰੇ ਇਸ ਭੈੜੀ ਹਾਲਤ ਉਤੇ ਉਹਨੂੰ ਤਰਸ ਹੀ ਆ ਜਾਵੇ ਤੇ ਰਿਪੋਟ ਕੱਲ੍ਹ ਤੋਂ ਹੀ ਬਨਾਉਣ ਲਈ ਆਖ ਦੇਵੇ। ਫੇਰ ਭਾਵੇਂ ਇਥੇ ਹਫਤਾ ਰੁਕਣਾ ਪੈ ਜਾਵੇ ; ਕਿਸੇ ਕਾਂਦੀ ਤਾਂ ਲੱਗੇ ਹੋਵਾਂਗੇ।

ਜਦ ਮੀਂਹ ਦਾ ਜ਼ੋਰ ਘਟ ਕੇ ਨਿਕੀ ਨਿਕੀ ਫੁਹਾਰ 'ਤੇ ਆ ਗਿਆ ਤਾਂ ਪਤਲੂਨਾਂ ਦੀਆਂ ਮੂਹਰੀਆਂ ਚਾੜ੍ਹ ਤੇ ਲੋਈਆਂ, ਖੇਸੀਆਂ ਦੀਆਂ ਬੁੱਕਲਾਂ ਮਾਰ ਕੇ ਸਾਰੇ ਏ.ਡੀ.ਆਈ. ਦੇ ਦਫਤਰ ਨੂੰ ਤੁਰ ਪਏ। ਪੱਥਰਾਂ ਦੇ ਉਚੋਂ, ਨੀਵੇਂ, ਤਿਲ੍ਹਕਵੇ ਬਾਜ਼ਾਰ ਵਿਚ ਛਪਲ ਛਪਲ ਹੋ ਰਹੀ ਸੀ।

ਭਿਜੇ ਭਿਜਾਏ ਸਾਰੇ ਚੁਬਾਰੇ ਵਿਚ ਆ ਵੜੇ। ਏ.ਡੀ.ਆਈ. ਨੇ ਤਰਸਯੋਗਾਂ ਵਲ ਹਮਦਰਦੀ ਨਾਲ ਝਾਕ ਕੇ ਆਖਿਆ, "ਆਉ ਬਈ, ਜੁਆਨੋ !"

"ਆਏ ਜੀ..." ਇਕ ਸਿਲ੍ਹੀ ਜੇਹੀ ਵਾਜ ਆਈ ਤੇ ਹੌਲੀ ਜੇਹੀ ਕਿਸੇ ਸਤ ਸ੍ਰੀ ਅਕਾਲ ਤੇ ਕਿਸੇ ਨਮਸਤੇ ਕਰ ਦਿਤੀ।

"ਕਿਓਂ, ਦੇਖੇ ਕੁਦਰਤ ਦੇ ਰੰਗ ? ਇਹ ਕੁਦਰਤ ਦੇ ਰੰਗ ਹਨ !" ਏ.ਡੀ.ਆਈ. ਨੇ, ਸ਼ਾਇਦ ਕੁਦਰਤ ਦੇ ਹੀ ਰੰਗ ਵਿਚ, ਭਿਜਿਆਂ ਤੇ ਠੁਰ ਠੁਰ ਕਰਦਿਆਂ ਨੂੰ ਆਖਿਆ।

ਦਿਲ ਵਿਚ ਸ਼ਾਇਦ ਸਾਰਿਆਂ ਨੇ ਹੀ ਏਹੋ ਜੇਹੀ ਕੁਦਰਤ ਨੂੰ ਸੌ ਸੌ ਗਾਲ੍ਹ ਕੱਢੀ ਹੋਵੇ, ਪਰ ਮੂੰਹੋਂ ਸਭ ਨੇ ਹੌਲੀ ਜੇਹੀ ਆਖਿਆ, "ਹਾਂ ਜੀ।"

ਏ.ਡੀ.ਆਈ. ਆਪਣੇ ਧਿਆਨ ਕੁਝ ਲਿਖੀ ਜਾਂਦੇ ਸਨ। ਦੋ ਕੁ ਮਿੰਟ ਸਾਰੇ ਚੁੱਪ ਖੜੇ ਰਹੇ। ਅਖੀਰ ਅਮਰ ਚੰਦ ਨੇ ਹੌਂਸਲਾ ਕੀਤਾ, ਉਹ ਸੀ ਜ਼ਰਾ ਚੁਲਬੁਲਾ, ਬੋਲਿਆ, "ਜਨਾਬ, ਮੀਂਹ ਤਾਂ ਅੱਜ ਵੀ ਨ੍ਹੀਂ ਹਟਿਆ !"

ਏ. ਡੀ. ਆਈ. ਦੀ ਐਨਕ ਦੇ ਸ਼ੀਸ਼ੇ ਅਮਰ ਚੰਦ ਵਲ ਚਮਕਣ ਲੱਗੇ, "ਹਾਂ, ਨਹੀਂ ਹਟਿਆ...?"

"ਤਾਂ ਜੀ ਫੇਰ ਅੱਜ ਤਾਂ ਨ੍ਹੀਂ ਜਾ ਹੋਣਾ" ਅਮਰ ਚੰਦ ਸਿਧੇ ਹੱਥ ਲਟਕਾਈ ਅਦਬ ਨਾਲ ਖੜਾ ਸੀ।

"ਹਾਂ, ਤੇ ਨਾ ਜਾਓ !" ਐਨਕ ਦੇ ਸ਼ੀਸ਼ੇ ਉਸੇ ਤਰ੍ਹਾਂ ਚਮਕਦੇ ਰਹੇ।

"ਫੇਰ ਜੀ..." ਅਮਰ ਚੰਦ ਕੁਝ ਥਿਰਕਣ ਹੀ ਲੱਗਾ ਸੀ ਕਿ ਏ.ਡੀ.ਆਈ. ਨੇ ਗੱਲ ਟੁਕ ਕੇ ਆਖਿਆ, "ਤੁਹਾਨੂੰ ਪਤੈ, ਮੀਂਹ ਦੀ ਵੀ ਲੋੜ ਕਿੰਨੀ ਐ ? ਮਸੀਂ ਆਏ ਨੇ ਇਹ ਦਿਨ—ਇਕ ਇਕ ਕਣੀ ਸੋਨੇ ਦੀ ਕਣੀ ਐ—ਕਿਸਾਨ ਨੂੰ ਪੁਛ ਕੇ ਦੇਖੋ !"

ਹਰ ਕਿਸੇ ਨੇ ਅੰਦਰ ਇ ਅੰਦਰ ਜ਼ਰੂਰ ਵੱਟ ਖਾਧਾ ਹੋਵੇਗਾ। ਪਰ ਮੂੰਹੋਂ ਸਭ ਨੇ ਢਿੱਲਾ ਜਿਹਾ ਆਖਿਆ, "ਹਾਂ ਜੀ"।

ਹੁਣ ਸੁਰਿੰਦਰ ਕੁਮਾਰ ਪਟਿਆਲੀਏ ਨੇ ਥੋੜਾ ਕੁ ਹੀਆ ਕਰਕੇ ਪੁਛਿਆ, "ਜਨਾਬ ਰਿਪੋਟ ਹਮਾਰੀ ਕੱਲ੍ਹ ਕੀ ਤਰੀਕ ਮਾਂ ਈ ਹੋ ਜਾਵੇਗੀ, ਜੇ ਹਮ ਨਾ ਵੀ ਜਾ ਸਕੇ ਭਲਾ ?"

"ਨਹੀਂ ਓਏ, ਮਾਂ ਕੋਲ ਬੈਠੇ ਦੀਓ ਰਿਪੋਟ ਕਿਵੇਂ ਬਣ ਜੂ ?" ਬਜ਼ੁਰਗ ਏ.ਡੀ.ਆਈ. ਨੇ ਇਸ ਤਰ੍ਹਾਂ ਆਖਿਆ ਜਿਵੇਂ ਕੋਈ ਲਾਡ ਨਾਲ ਅਜ਼ੀਜ਼ ਨੂੰ ਕਈ ਕੁਝ ਕਹਿ ਜਾਵੇ, ਤੇ ਫੇਰ ਸਮਝਾਇਆ, "ਆਪੋ ਆਪਣੇ ਪਿੰਡ ਪਹੁੰਚ ਕੇ ਲਿਖਣੀ ਐ ਰਿਪੋਟ, ਉਤੇ ਤਿੰਨ ਤਿੰਨ ਪੰਚਾਂ, ਨੰਬਰਦਾਰਾਂ ਦੀਆਂ ਸਹੀਆਂ ਪੁਆਣੀਆਂ, ਤਾਂ ਮਨਜੂਰ ਹੋਊ ਤਨਖ਼ਾਹ—ਸਮਝੇ ?" ਤੇ ਐਨਕ ਦੇ ਸ਼ੀਸ਼ੇ ਸਾਰਿਆਂ ਵਲ ਚਮਕ ਗਏ।

ਗਊ ਦੇ ਜਾਇਆਂ ਵਾਂਗ ਸਭ ਨੇ ਕਿਹਾ, "ਅੱਛਾ ਜੀ"।

"ਹਾਂ..." ਏ.ਡੀ.ਆਈ. ਸਾਹਿਬ ਬੋਲੇ, "ਭਾਵੇਂ ਚਾਰ ਦਿਨ ਬੈਠਣਾ ਪਵੇ ਇਥੇ, ਰਿਪੋਟ ਉਥੋਂ ਹੀ ਬਣੂ, ਘਬਰਾਓ ਨਹੀਂ, ਐਸਾ ਵੀ ਹੁੰਦਾ ਈ ਐ, ਦਾਣਾ ਪਾਣੀ ਦੀ ਗੱਲ ਐ, ਜਿੰਨਾ ਚਿਰ ਸਰਾਏ ਦੀਆਂ ਰੋਟੀਆਂ ਖਾਣੀਆਂ ਨੇ—ਇਹੋ ਤਾਂ ਕੁਦਰਤ ਦੇ ਰੰਗ ਹਨ। ਕੋਈ ਤਕਲੀਫ਼ ਹੋਵੇ ਤਾਂ ਮੈਨੂੰ ਦੱਸੋ--ਕੋਈ ਤਕਲੀਫ਼ ਤਾਂ ਨਹੀਂ?"

ਸਾਰਿਆਂ ਨੇ ਕਹਿ ਦਿਤਾ, "ਨਹੀਂ ਜੀ"।

"ਚੰਗਾ ਫੇਰ, ਜਦ ਮੀਂਹ ਹਟੇ, ਚਲੇ ਜਾਣਾ। ਮੀਂਹ ਹਟੇ ਤੋਂ ਹੀ ਜਾਣਾ ਪਰ !"

ਤੇ ਸਾਰੇ ਨਮਸਤੇ ਆਦਿ ਕਰਕੇ ਚੁਬਾਰੇ ਦੀਆਂ ਪੌੜੀਆਂ ਉੱਤਰ ਆਏ। ਅਸਮਾਨ ਚੋਈ ਜਾ ਰਿਹਾ ਸੀ। ਬਾਜ਼ਾਰ ਦੇ ਪੱਥਰਾਂ ਉਤੇ ਰਬੜ ਦੀਆਂ ਚੱਪਲਾਂ ਤੇ ਫਲੀਟ ਤਿਲ੍ਹਕ ਤਿਲ੍ਹਕ ਜਾਂਦੇ।

ਸਰਾਏ ਵਿਚ ਬੱਧੇ ਬੈਠਿਆਂ ਨੂੰ ਮਸਾਂ ਮਸਾਂ ਦਿਨ ਮੁਕਿਆ। ਟੰਗਾਂ ਮੋਕਲੀਆਂ ਕਰਨ ਦੇ ਬਹਾਨੇ ਸੈਰ ਲਈ ਨਿਕਲੇ ਤੇ ਇਕ ਘਾਟੀ ਉਤੇ ਚੜ੍ਹ ਕੇ ਪੱਧਰਾਂ ਵਲ ਤੱਕਣ ਲੱਗੇ : ਦੂਰ, ਬੱਦਲਾਂ ਪਿਛੋਂ ਡੁਬਦੇ ਸੂਰਜ ਦੀ ਚਿਲਕਰ ਮੈਦਾਨਾਂ ਉਤੇ ਕੇਸਰ ਧੂੜ ਰਹੀ ਸੀ, ਜਿਥੇ ਵਿੰਗ-ਵਲਾਵੇਂ ਖਾਂਦੇ ਨਦੀਆਂ ਦੇ ਪਾਣੀ ਕੱਚ ਦੀਆਂ ਸੜਕਾਂ ਵਾਂਗ ਲਿਸ਼ਕਦੇ ਸਨ।

"ਕੀ ਸੁਹਣੀ ਧੁੱਪ !" ਕਿਸੇ ਨੇ ਆਖਿਆ, "ਹੁਣ ਨਿਖਰਿਆ ਈ ਸਮਝੋ।"

"ਨਹੀਂ ਓਏ" ਦੂਜੇ ਨੇ ਟੋਕਿਆ, "ਕਹੰਦੇ ਹੁੰਦੇ ਨੇ, ਸੰਝ ਪਈ ਚਿਲਕੋਰਿਆ, ਅਣਹੋਇਆ ਬੱਦਲ ਘੋਰਿਆ !"

"ਓਏ ਚੰਗੀ ਭਾਖਿਆ ਕੱਢ ਮੂੰਹੋਂ !" ਵਿਚੋਂ ਕੋਈ ਜਣਾ ਤ੍ਰਬਕ ਪਿਆ, ਤੇ ਸਾਰੇ ਹੱਸ ਪਏ।

ਆਥਣ ਨੇ ਕਾਲੀਆਂ ਲਿਟਾਂ ਖੋਲ੍ਹ ਲਈਆਂ। ਸਾਰੇ ਪਰਤ ਆਏ। ਹੁਣ ਕਲਜੁਗ ਜੇਡੀ ਰਾਤ ਸਿਰ ਉਤੇ ਪਈ ਸੀ।

ਰਿਪੁਦਮਨ ਨੇ ਲਾਲਟੈਣ ਜਗਾ ਕੇ ਟਰੰਕ ਉਤੇ ਰੱਖ ਦਿੱਤੀ। ਪੀਲੇ ਚਾਨਣ ਦੇ ਫੈਲਣ ਨਾਲ ਕਮਰੇ ਵਿਚ ਜਾਨ ਪੈ ਗਈ। ਥੋੜਾ ਬਹੁਤ ਖਾਣ ਪੀਣ ਮਗਰੋਂ, ਸਾਰੇ ਕਮਰੇ ਦੇ ਵਿਚਾਲੇ ਰਜਾਈਆਂ ਵਿਚ ਬੈਠ ਕੇ ਗੱਪਾਂ ਮਾਰਨ ਲੱਗੇ।

ਵੱਡੇ ਕਮਰੇ ਵਿਚ ਬੋਲ-ਬੁਲਾਰਾ ਸੁਣਕੇ ਬੁੱਢਾ ਪਹਾੜੀਆ ਮੁਸਾਫ਼ਰ, ਜੋ ਸੱਜੇ ਹੱਥ ਦੀ ਇਕ ਕੋਨੜੀ ਵਿਚ ਆਪਣੇ ਬਾਲ ਬੱਚਿਆਂ ਸਮੇਤ ਠਹਿਰਿਆ ਤੇ ਜਿਸਨੂੰ ਵੀ ਝੜੀ ਨੇ ਘੇਰਿਆ ਹੋਇਆ ਸੀ, ਆਪਣੇ ਕਮਰੇ ਚੋਂ ਉਠ ਕੇ ਆਇਆ। ਕਈ ਦਿਨ ਇਕੱਠੇ ਰਹਿਣ ਨਾਲ ਮੁਸਾਫ਼ਰਾਂ ਵਿਚ ਵੀ ਥੋੜੀ ਥੋੜੀ ਵਾਕਫ਼ੀ ਹੋ ਚੱਲੀ ਸੀ। ਅਮਰ ਚੰਦ ਨੇ ਬੁੱਢੇ ਪਹਾੜੀਏ ਨੂੰ ਐਵੇਂ ਜਰਾ ਆਪਣੇ ਪਿੰਡ ਬਾਰੇ ਪੁਛਿਆ ਕਿ ਉਹ ਜਨੈਣ ਪਿੰਡ ਜਾਣਦਾ ਹੈ, ਕਿਥੇ ਹੈ ? ਪਹਾੜੀਏ ਨੇ ਭਰੋਸੇ ਨਾਲ ਉੱਤਰ ਦਿਤਾ, ਇਕ ਜਨੈਂਣ ਕੀ, ਉਹ ਪਹਾੜ ਦੀ ਇਕ ਇਕ ਝੁੱਗੀ ਤੋਂ ਜਾਣੂੰ ਹੈ। ਧਾਰਾਂ ਦੀਆਂ ਧਾਰਾਂ ਉਹਨੇ ਗਾਹੀਆਂ ਹੋਈਆਂ ਹਨ। "ਜਨੈਂਣ" ਉਹਨੇ ਆਖਿਆ, "ਜੋਗੋਂ ਤੋਂ ਹੋਕੇ ਜਾਈਦਾ, ਜੋਗੋਂ ਤਕ ਬੱਸ ਜਾਂਦੀ, ਸੁਹਣੀ ਸੜਕ ਮਦਾਨੇ ਵਰਗੀ, ਬਾਰਾਂ ਆਨੇ ਕਰਾਇਆ ਲਗਦਾ, ਜਨੈਂਣ ਜੋਗੋਂ ਦੇ ਨੇੜੇ ਈ ਬੱਸ, ਐਵੇਂ ਢਾਈ ਮੀਲਾਂ...।"

ਸੁਰਿੰਦਰ ਕੁਮਾਰ ਨੇ ਪੁਛਿਆ, "ਤੇ ਪਿਉਖੜੀ...?"

ਬੁੱਢੇ ਪਹਾੜੀਏ ਨੇ ਆਪਣੇ ਖ਼ਾਸ ਲਹਿਜੇ ਵਿਚ ਆਖਿਆ, "ਪਿਊਖੜੀ, ਬ੍ਹਾਈਆ, ਰਾਮ ਸ਼ਹਿਰ ਤੋਂ ਹੋ ਕੇ ਜਾਈਦਾ। ਰਾਮ ਸ਼ਹਿਰ ਰਿਹਾ ਦਸ ਮੀਲਾਂ, ਉਪਰ ਪਹਾੜ ਦੀ ਕਾਲੀ ਧਾਰ ਉਤੇ, ਚੜ੍ਹਾਈ ਐ ਸਖਤ, ਗੁੱਟੂ ਬੀ ਜਾਂਦਾ, ਬਾਰਾਂ ਆਨੇ ਕਰਾਇਆ, ਤੇ ਪਿਊਖੜੀ ਰਹੀ ਪਰ ਚਾਰ ਮੀਲਾਂ, ਗੰਭਰ ਪਾਰ, ਗੰਭਰ ਆਪੇ ਨਾ ਲੰਘਣਾ, ਕਿਸੇ ਪਹਾੜੀਏ ਦਾ ਹੱਥ ਫੜੀਕੇ ਪਾਰ ਓਣਾ, ਬੜੀ ਡੂੰਘੀ ਤੇ ਤਿੱਖੀ ਨਦੀ ਐ ਬ੍ਹਾਈਆ !"

'ਤੇ ਬੱਡੂ ਪੰਡਤ ਜੀ ?" ਰਿਪੁਦਮਨ ਨੇ ਗੰਭਰ ਨਦੀ ਦੀ ਭਿਆਨਕਤਾ ਤੋਂ ਸਹਿਮ ਕੇ ਪੁਛਿਆ।

"ਬੱਡੂ ਤਾਂ ਨੇੜੇ ਈ ਰਿਹਾ, ਰਾਮ ਸ਼ਹਿਰ ਤੋਂ ਇਕ ਮੀਲ, ਸੱਜੇ ਹੱਥ।"

"ਹੋਰ ਕੋਈ ਖ਼ਤਰਾ ਤਾਂ ਨਹੀਂ ?" ਚੜ੍ਹਤ ਰਾਮ ਸੁੱਕੇ ਹੋਏ ਸੰਘ ਵਿਚੋਂ ਬਿਰਕਿਆ।

"ਨਾਂਹ, ਹੋਰ ਕੋਈ ਖਤਰਾ ਨਾਂਹ।"

"ਕੋਈ ਜਾਨਵਰ ਜੂਨਵਰ .."

"ਹਾਂ ਸੱਚ, ਬਾਘ ਰਹਿੰਦਾ ਬ੍ਹਾਈਆ ਇਸ ਦੈੜੀ ਵਿਚ ਕਿਤੇ ਕਿਤੇ। ਕੁੱਤੇ ਜੇਡਾ ਕੱਦ ਹੁੰਦਾ, ਮੂੰਹ ਬਿੱਲੇ ਵਰਗਾ, ਝਾਕੇ ਨਾ ਉਹਦੇ ਕਣੇ, ਨਾ ਬੈਠੇ ਉਹਦੇ ਸਾਹਮਣੇ, ਨਹੀਂ ਤਾਂ ਉਹ ਸਮਝਦਾ ਕਿ ਪੱਥਰ ਚੁੱਕ ਮੈਨੂੰ ਮਾਰਣਾ ਪਿਆ। ਤੇ ਫੇਰ ਉਹ ਵੀ ਕੁੱਦ ਕੇ ਪੈਂਦਾ...!"

ਚੜ੍ਹਤ ਰਾਮ ਨੇ ਬੁਲ੍ਹਾਂ ਉਤੇ ਜੀਭ ਫੇਰੀ। ਉਹਦੇ ਪਿਓ ਨੇ ਦਲੇਰੀ ਦੇ ਕੇ ਆਖਿਆ, "ਲੈ ਕੋਈ ਨ੍ਹੀਂ, ਬਾਘ ਸਾਲਾ ਕਿਹੜਾ ਨਿਤ ਫਿਰਦੈ ਰਾਹਾਂ ਵਿਚ, ਡਰਨਾ ਨੀਂ ਚਾਹੀਦਾ, ਸਗੋਂ ਆਦਮੀ ਜਾਤ ਕੋਲੋਂ ਤਾਂ ਹਰ ਜਾਨਵਰ ਡਰਦੈ, ਦਿਲ ਚਾਹੀਦੈ ਬੰਦੇ ਦਾ !" ਡਰ ਭਾਵੇਂ ਚੜ੍ਹਤ ਰਾਮ ਦਾ ਪਿਓ ਵੀ ਗਿਆ ਸੀ, ਪਰ ਉਹਦਾ ਭਾਵ ਸੀ, ਕਿਤੇ ਮੁੰਡਾ ਦਿਲ ਨਾ ਛਡ ਦੇਵੇ — ਮਸੀਂ ਰੁਜ਼ਗਾਰ ਮਿਲਿਆ ਸੀ।

ਪਲ ਕੁ ਲਈ ਸਾਰੇ ਚੁੱਪ ਹੋ ਗਏ, ਟਿਕੀ ਰਾਤ ਵਿਚ ਮੀਂਹ ਦੀ ਸਾਂ ਸਾਂ ਸੁਣ ਰਹੀ ਸੀ।

ਚੁੱਪ ਨੂੰ ਤੋੜਦਾ ਰਾਜਪੁਰੇ ਦਾ ਮਦਨ ਗੋਪਾਲ ਬੋਲਿਆ, 'ਚੰਗਾ ਬਈ, ਰੱਬ ਸੁਖ ਰਖੇ, ਸਵੇਰ ਫੇਰ ਜ਼ਰੂਰ ਚੱਲੀਏ!"

“ਆਹੋ, ਰੱਬ ਸੁਖ ਇ ਰਖੂ।" ਚੜ੍ਹਤ ਰਾਮ ਦੇ ਪਿਓ ਨੇ ਆਪਣੇ ਆਪ ਨੂੰ ਧੋਖਾ ਦਿੰਦਿਆਂ ਕਿਹਾ, ਕਿਉਂਕਿ ਵਿਚੋਂ ਸਾਰੇ ਜਾਣਦੇ ਸਨ ਕਿ ਸੁਖ ਤਾਂ ਜਿਹੜੀ ਰਹਿਣੀ ਐ, ਸੋ ਈ ਰਹਿਣੀ ਐਂ— ਝੜੀ ਜੋ ਵਾਰ ਦੀ ਐ।

"ਨਹੀਂ ਬਈ, ਕੱਲ੍ਹ ਨੂੰ ਤਾਂ ਜ਼ਰੂਰ ਚੱਲਣੈ, ਚਾਹੇ ਰੱਬ ਸੁਖ ਰਖੇ, ਚਾਹੇ ਨਾ।" ਅਮਰ ਚੰਦ ਨੇ ਕਾਹਲਿਆਂ ਪੈ ਕੇ ਆਖਿਆ।

“ਬਈ ਹਾਂ, ਬਿਲਕੁਲ।" ਰਿਪੁਦਮਨ ਨੇ ਹਾਮੀ ਭਰੀ।

"ਹਰ ਹਾਲਤ ਵਿਚ ਚੱਲੋ !" ਗੁਰਦੇਵ ਸਿੰਘ ਸਲੌਦੀ ਵਾਲਾ ਸਾਰਿਆਂ ਤੋਂ ਕਾਹਲਾ ਸੀ। "ਐਸ ਤਰ੍ਹਾਂ ਰੱਬ ਕੰਨੀ ਦੇਖ ਕੇ ਪੂਰੇ ਨ੍ਹੀ ਪੈਂਦੇ।"

ਫੈਸਲਾ ਹੋਇਆ, ਸਵੇਰੇ ਜ਼ਰੂਰ ਜਾਇਆ ਜਾਵੇ। ਸੁੱਖਾਂ ਭਰੀ ਸਵੇਰ ਦੀ ਉਡੀਕ ਵਿਚ, ਚਾਓ ਨਾਲ ਧੜਕਦੇ, ਸਾਰੇ ਉਠ ਕੇ ਆਪੋ ਆਪਣੇ ਬਿਸਤਰਿਆਂ ਵਿਚ ਚਲੇ ਗਏ। ਅਮਰ ਚੰਦ ਨੇ ਰਜਾਈ 'ਚੋਂ ਬਾਂਹ ਕੱਢ ਕੇ ਲਾਲਟੈਣ ਦੀ ਬੱਤੀ ਨੀਵੀਂ ਕਰ ਦਿੱਤੀ।

ਥੰਮੇ ਹੋਏ ਮੀਂਹ ਦੀ ਹਲਕੀ ਜੇਹੀ ਸਵੇਰ ਹੋਈ: ਜਿਵੇਂ ਮੁਟਿਆਰ ਜਣਨੀ ਚਿਲਾ ਕੱਟ ਕੇ ਹੌਲੀ ਸੁਬਕ ਹੋ ਗਈ ਹੋਵੇ। ਪੰਛੀ ਚਹਿਕ ਰਹੇ ਸਨ। ਅੱਜ ਸੋਮਵਾਰ ਚੌਵੀ ਤਰੀਕ ਸੀ। ਰੱਬ ਨੇ ਸੁੱਖ ਹੀ ਰਖੀ ਸੀ। ਚਾਅ ਭਰੀਆਂ ਅੰਗੜਾਈਆਂ ਨਾਲ ਉਠਕੇ ਸਾਰੇ ਵਰਾਂਡੇ ਵਿਚ ਆ ਗਏ। ਪਿੱਪਲ ਉਤੇ ਪਹਾੜੀ ਕਾਂ ਬੋਲ ਰਿਹਾ ਸੀ। ਤਿੰਨ ਦਿਨਾਂ ਤੋਂ ਝੜੀ ਦੇ ਮੀਂਹ ਵਿਚ

ਸਿਲ੍ਹਾਬੀਆਂ ਬਾਜ਼ਾਰ ਦੀਆਂ ਵਾਜਾਂ ਸਾਫ ਸੁਣ ਰਹੀਆਂ ਸਨ। ਬੱਦਲ ਭਾਵੇਂ ਅਜੇ ਕਿਧਰੇ ਨਹੀਂ ਸੀ ਗਿਆ, ਪਰ ਕਣੀਆਂ ਹਟੀਆਂ ਹੋਈਆਂ ਸਨ।

ਅਚਾਨਕ ਅਮਰ ਚੰਦ ਨੇ ਅੱਭੜ ਕੇ ਆਖਿਆ, "ਲੈ ਬਈ, ਵਧਾਈਆਂ, ਐਹ ਬੱਦਲ ਪਾਟ ਚੱਲਿਐ।" ਉਹਨੇ ਅਸਮਾਨ ਵਲ ਸੈਨਤ ਕੀਤੀ।

ਕਮਲੇ ਫ਼ਕੀਰ ਦੀ ਭੂਰੀ ਵਾਂਗ ਬੱਦਲਾਂ ਦੇ ਲੰਗਾਰ ਹੋ ਚੱਲੇ ਸਨ ਤੇ ਵਿਚੋਂ ਥੋੜਾ ਜਿਹਾ ਅਸਮਾਨ ਦਾ ਨੀਲਾ ਪਿੰਡਾ ਦਿਸਣ ਲੱਗਾ ਸੀ। ਦੂਰ, ਇਕ ਪਾਸੇ ਇਕ ਬਦਲੋਟੀ ਦੀਆਂ ਕੋਰਾਂ ਤਿੱਲੇ ਦੀ ਗੋਠ ਵਾਂਗ ਚਮਕ ਰਹੀਆਂ ਸਨ।

"ਅਜ ਬਿਲਕੁਲ ਨਿੱਖਰ ਜਾਣਾ ਇੰ-ਪੱਛੋਂ ਦਾ ਸਾਹ ਰੁਮਕ ਪਿਐ ਮੈਂ ਜਾਣਾ।" ਚੜ੍ਹਤ ਰਾਮ ਦੇ ਪਿਓ ਨੇ ਬਿਰਛਾਂ ਤੋਂ ਵਾ ਪਛਾਣ ਕੇ ਆਖਿਆ। ਨਿੰਮ ਦੀਆਂ ਟਹਿਣੀਆਂ ਤੇ ਪਿੱਪਲ ਦੇ ਪੱਤੇ ਚੜ੍ਹਦੇ ਵਲ ਨੂੰ ਥੋੜਾ ਥੋੜਾ ਹਿਲ ਰਹੇ ਸਨ। "ਜੇ ਪਛਵਾ ਚਲ ਪਵੇ ਤਾਂ ਬੱਦਲ ਜ਼ਰੂਰ ਪਾਟ ਜਾਂਦੇ।"

"ਇਬ ਹਮ ਇਥੇ ਖੜੇ ਕਿਆ ਦੇਖਦੇ ਐਂ- ਆਓ ਕਰੇਂ ਫਿਰ ਬਿਸਤਰੇ ਗੋਲ!" ਸੁਰਿੰਦਰ ਕੁਮਾਰ ਨੇ ਰਾਹ ਦੀ ਗੱਲ ਕੀਤੀ।

"ਹਾਂ, ਤੇ ਬਿਸਤਰੇ ਬੰਨ੍ਹ ਕੇ ਚਲੋ ਬੱਸਾਂ ਦਾ ਪਤਾ ਕਰੀਏ।" ਰਿਪੁਦਮਨ ਬੋਲਿਆ।

ਬਿਸਤਰੇ ਬੱਨ੍ਹੇ ਗਏ ਤੇ ਬੱਸਾਂ ਦਾ ਪਤਾ ਕਰਨ ਲਈ ਸਾਰੇ ਅੱਡੇ ਵਲ ਤੁਰ ਪਏ।

ਅੱਡੇ ਜਾ ਕੇ ਪਤਾ ਲਗਾ, ਅਜੇ ਤਾਂ ਫੇਰ ਬੱਦਲ ਸਿਰ ਉਤੇ ਖੜ੍ਹਾ ਹੈ, ਜੇ ਅਜ ਬਿਲਕੁਲ ਨਿੰਬਲ ਵੀ ਹੋ ਜਾਵੇ, ਤਾਂ ਵੀ ਦੋ ਦਿਨ ਪਹਾੜ ਦੇ ਰਾਹਾਂ ਵਿਚ ਬੱਸਾਂ ਨਹੀਂ ਚਲ ਸਕਦੀਆਂ। ਚੜ੍ਹਾਈ ਉਤਰਾਈ ਵਿਚ ਤੇ ਮੋੜ ਕੱਟਣ ਵੇਲੇ ਸਲਿੱਪ ਹੋਣ ਦਾ ਡਰ ਹੈ। ਏਹੋ ਜੇਹੇ ਵਿਚ ਤਾਂ ਕੋਈ ਘੋੜਾ ਖੱਚਰ ਵੀ ਨਹੀਂ ਜਾ ਸਕਦਾ।

ਨਵਾਂ ਟੰਟਾ ਹੋ ਗਿਆ। ਰਿਪੁਦਮਨ ਅੱਕ ਕੇ ਬੋਲਿਆ, "ਸਾਡੀ ਤਾਂ ਕਿਸਮਤ ਇ ਮਾੜੀ ਐ, ਪਹਿਲੋਂ ਨੌਕਰੀਆਂ ਛੇਤੀ ਨਾ ਸੀ ਮਿਲਦੀਆਂ, ਜੇ ਨੌਕਰੀਆਂ ਮਿਲੀਆਂ ਤਾਂ ਹੁਣ ਬੱਸਾਂ ਨ੍ਹੀਂ ਮਿਲਦੀਆਂ।"

ਇਕੱਠੇ ਹੋਏ ਲੋਕ ਹਮਦਰਦੀ ਨਾਲ ਹੱਸ ਪਏ।

ਦੂਰ, ਨੀਲੀ ਧਾਰ ਦੀ ਕੁੱਖ ਵਿਚੋਂ ਮੇਲ੍ਹ ਮੇਲ੍ਹ ਉਠਦੀ ਮਹਾਨ ਚਿੱਟੀ ਧੁੰਦ ਵਲ ਦੇਖ ਕੇ ਅਮਰ ਚੰਦ ਨੇ ਪੁਛਿਆ, "ਔਹ ਕੀ ਹੋਇਆ ?"

ਅਣਜਾਣ ਪੁਣੇ ਉਤੇ ਮੁਸਕਾ ਕੇ ਇਕ ਡਰਾਈਵਰ ਨੇ ਦੱਸਿਆ, "ਇਹ ਬੱਦਲ ਐ!"

"ਇਹ ਹੁਣ ਫੇਰ ਆਉਣ ਲਗ ਪਿਆ...?"

ਸਾਰੇ ਹਸ ਪਏ।

"ਇਥੇ ਤਾਂ ਨਿਤ ਇਵੇਂ ਰਹਿੰਦੇ ਮਾਸਟਰ ਜੀ !" ਇਕ ਆਦਮੀ ਨੇ ਮੁਸਕਾਂਦਿਆਂ ਕਿਹਾ।

ਘੁੰਮ ਘੁੰਮਾ ਕੇ ਇਕ ਦੋ ਬੁਲ੍ਹੇ ਪੂਰੇ ਦੇ ਵਗ ਪਏ। ਬੱਦਲ ਜਿੰਨਾ ਕੁ ਪਾਟਿਆ ਸੀ, ਉਹ ਵੀ ਘੁਲ ਚਲਿਆ ਤੇ ਦੇਖਦੇ ਹੀ ਦੇਖਦੇ ਮੁੜ ਘੋਰ ਘੁੰਬ ਹੋ ਗਿਆ।

ਅੱਡੇ ਵਲੋਂ ਉਦਰੇਵਾਂ ਲੈ ਕੇ ਸਾਰੇ ਸਰਾਏ ਵਲ ਪਰਤ ਪਏ। ਰਾਹ ਵਿਚ ਮਦਨ ਗੋਪਾਲ ਨੇ ਆਖਿਆ, "ਜਾ ਭਾਵੇਂ ਅੱਜ ਵੀ ਨਾ ਹੋਵੇ...!"

“ਬਈ ਅਜ ਜਾਣਾ ਜਰੂਰ ਐ, ਦੇਖੀ ਜਾਊ ਜਿਹੜੀ ਹੋਊ, ਭਾਵੇਂ ਸਾਮਾਨ ਸਿਰਾਂ ਉਤੇ ਚੁੱਕ ਕੇ ਮੀਂਹ ਪੈਂਦੇ ਵਿਚ ਈ ਨਾ ਜਾਣਾ ਪਵੇ !" ਰਿਪੁਦਮਨ ਨੇ ਹਠ ਕਰਕੇ ਆਖਿਆ।

“ਹਾਂ, ਬਿਲਕੁਲ, ਆਖਰ ਅਸੀਂ ਖੁਰਨ ਤਾਂ ਨ੍ਹੀਂ ਲੱਗੇ !" ਅਮਰ ਚੰਦ ਨੇ ਕਿਹਾ।

ਪਰ, ਸਰਾਏ ਵਿਚ ਪਹੁੰਚਣ ਦੀ ਦੇਰ ਸੀ ਕਿ ਮੀਂਹ ਫੇਰ ਸ਼ੁਰੂ ਹੋ ਪਿਆ। ਪਹਿਲੋਂ ਹੋਲੀ ਸੀ, ਫਿਰ ਤੇਜ਼, ਓੜਕ ਇਉਂ ਟੁੱਟ ਕੇ ਪੈਣ ਲਗਾ ਜਿਵੇਂ ਅਸਮਾਨ ਦਾ ਕੜ ਪਾਟ ਗਿਆ ਹੋਵੇ। ਵਾਛੜਾਂ ਭਰੇ ਹਵਾ ਦੇ ਭਿਆਨਕ ਬੁਲ੍ਹਿਆਂ ਨੇ ਬਿਰਛਾਂ ਦੀ ਮੱਤ ਮਾਰ ਦਿਤੀ। ਦੁਨੀਆਂ ਜਹਾਨ ਦਾ ਸਾਹ ਮੀਂਹ ਦੇ ਸ਼ੋਰ ਵਿਚ ਗੁਆਚ ਗਿਆ। ਬਾਜ਼ਾਰ ਦੀਆਂ ਨਾਲੀਆਂ ਉਤੋਂ ਆਉਂਦੇ ਤੇਜ਼ ਪਾਣੀ ਨਾਲ ਸੂਕ ਰਹੀਆਂ ਸਨ। ਬੱਦਲ ਵਾਰ ਵਾਰ ਘੋਰਦਾ, ਜਿਵੇਂ ਪਹਾੜ ਦਾ ਭਿਆਨਕ ਦਿਓ ਕਰੋਪ ਹੋਕੇ ਗੱਜ ਰਿਹਾ ਹੋਵੇ।

ਇਹੋ ਜੇਹੇ ਕਹਿਰ ਵਿਚ ਕੋਈ ਕਿੱਧਰ ਨੂੰ ਜਾਵੇ ?

ਪੂਰੇ ਤਿੰਨ ਘੰਟਿਆਂ ਮਗਰੋਂ ਕਿਤੇ ਮੀਂਹ ਨੇ ਸਾਹ ਲਿਆ ਤੇ ਹੌਲੀ ਹੌਲੀ ਹੁੰਦਾ ਥੰਮ ਗਿਆ। ਧਰਤੀ ਨੂੰ ਹੋਸ਼ ਆ ਗਈ। ਪੱਛੋਂ ਦੀ ਤਿੱਖੀ ਰਿਵੀ ਚੱਲੀ ਤੇ ਬੱਦਲ ਸਾਫ਼ ਹੋਣ ਲੱਗਾ। ਲਹਿੰਦੇ ਪਾਸਿਓਂ ਨਿੰਬਲ ਹੁੰਦਾ ਆ ਰਿਹਾ ਸੀ, ਜਿਵੇਂ ਆਕਾਸ਼-ਪਰੀ ਦੇ ਮੁਖੜੇ ਉਤੋਂ ਘੁੰਡ ਲਹਿ ਰਿਹਾ ਹੋਵੇ। ਓੜਕ ਧੁੱਪ ਨਿਕਲ ਆਈ ਤੇ ਕੁਦਰਤ ਨੇ ਆਪਣੀ ਪੀਲੀ ਰੇਸ਼ਮੀ ਚੁੰਨੀ ਹਰੇ ਕਚੂਰ ਪਹਾੜਾਂ ਉਤੇ ਸੁੱਕਣੀ ਪਾ ਦਿਤੀ।

"ਇਹਨੂੰ ਕਹਿੰਦੇ ਨੇ ਕੁਦਰਤ ਦੀ ਲੀਲ੍ਹਾ ਮੁੰਡਿਓ !' ਚੜ੍ਹਤ ਰਾਮ ਦੇ ਪਿਓ ਨੇ ਵਿਸਮਾਦ ਵਿਚ ਆਖਿਆ।

“ਹਾਂ ਜੀ ਹਾਂ..." ਕਈਆਂ ਨੇ ਕਿਹਾ। ਧੁੱਪ ਨਹੀਂ, ਅੰਦਰਲੀ ਖ਼ੁਸ਼ੀ ਉਹਨਾਂ ਦੀਆਂ ਅੱਖਾਂ ਵਿਚ ਚਮਕ ਰਹੀ ਸੀ।

"ਲੈ ਬਈ, ਹੁਣ ਨਾ ਕਰੋ ਢਿਲ।" ਰਿਪੁਦਮਨ ਨੇ ਟਰੰਕ ਨੂੰ ਹੱਥ ਪਾਇਆ।

"ਇਬ ਢਿਲ ਕਾਸਕੀ...!" ਸੁਰਿੰਦਰ ਕੁਮਾਰ ਬਿਸਤਰੇ ਨੂੰ ਮੋਢੇ ਉਤੇ ਰਖਦਿਆਂ ਬੋਲਿਆ।

ਇੱਕ ਵਜਦੇ ਨੂੰ ਸਾਰੇ ਆਪੋ ਆਪਣਾ ਸਾਮਾਨ ਚੁੱਕੀ, ਇਓਂ ਆਪੋ ਆਪਣੇ ਰਾਹ ਪੈ ਗਏ, ਜਿਵੇਂ ਦਲਦਲ ਵਿਚ ਧਸਿਆਂ ਦੇ ਮਸੀਂ ਪੈਰ ਛੁੱਟੇ ਹੋਣ। ਹਰ ਕਿਸੇ ਦੀਆਂ ਵਿਚ ਉਹਦੀ ਅੱਖਾਂ ਮੰਜ਼ਲ ਦਾ ਸੁਪਨਾ ਸੀ।

*****

## ਠੀਕਰੇ ਪਾਇਆ ਦੁੱਧ

ਪ੍ਰਾਇਮਰੀ ਸਕੂਲ ਦਾ ਟੀਚਰ ਲੱਗਣ ਲਈ, ਪੈਪਸੂ ਵਿਚ ਅਰਜ਼ੀ ਦਿਤਿਆਂ, ਜਸਬੀਰ ਨੂੰ ਸਤ ਮਹੀਨੇ ਹੋ ਚੱਲੇ ਸਨ; ਪਰ ਕਿਤੋਂ ਕੋਈ ਉਘ ਸੁਘ ਨਾਂ ਸੀ ਮਿਲਦੀ।

ਇਸੇ ਵਰ੍ਹੇ, 1954 ਵਿਚ, ਉਹਨੇ ਦਸਵੀਂ ਪਾਸ ਕੀਤੀ ਸੀ। ਘਰ ਵਿਚ ਗਰੀਬੀ ਸੀ, ਕਾਲਜ ਵਿਚ ਅੱਗੇ ਪੜ੍ਹਨ ਦੀ ਪੁੱਜਤ ਨਾ ਸੀ। ਘਰ ਨੂੰ ਤਾਂ ਸਗੋਂ ਆਪ ਦੋ ਪੈਸੇ ਦਾ ਹੰਧਾ ਚਾਹੀਦੀ ਸੀ। ਉਹਨੇ ਸੋਚਿਆ, ਜੇ ਨਵੇਂ ਖੁਲ੍ਹਦੇ ਸਕੂਲਾਂ ਵਿਚ ਕਿਤੇ ਮਾਸਟਰ ਦੀ ਥਾਂ ਮਿਲ ਜਾਵੇ ਤਾਂ ਨਾਲੇ ਘਰ ਦਾ ਤੋਰਾ ਤੁਰਦਾ ਰਹੇ, ਤੇ ਨਾਲੇ ਉਹ ਗਿਆਨੀ ਕਰਕੇ ਅੱਗੇ ਪੜ੍ਹ ਲਵੇਗਾ। ਨਿਰੀ ਦਸਵੀਂ ਵੀ ਅੱਜ ਕਲ੍ਹ ਨਾ-ਹੋਇਆਂ ਬਰਾਬਰ ਹੈ।

ਪਰ, ਜਿਵੇਂ ਉਹ ਸੋਚਦਾ ਸੀ, ਬਣੇ ਕਿਵੇਂ ?

53 ਦੇ ਅਪ੍ਰੈਲ ਤੋਂ ਸਕੂਲ ਖੁਲ੍ਹਣੇ ਸ਼ੁਰੂ ਹੋਏ ਸਨ। 54 ਵੀ ਲੰਘ ਚੱਲਿਆ-ਸਾਰੇ ਸਕੂਲ ਖੁਲ੍ਹ ਗਏ ਲਗਭੱਗ-ਐਵੇਂ ਗਿਣਤੀ ਦੀਆਂ ਥਾਵਾਂ ਰਹਿ ਗਈਆਂ। ਤੇ ਹੁਣ ਅਗਲਾ ਵਰਾ ਵੀ ਚੜ੍ਹ ਪੈਣ ਨੂੰ ਸੀ।

ਜੇਠ-ਹਾੜ੍ਹ ਦੀਆਂ ਗਰਮੀਆਂ ਤੇ ਸਾਉਣ-ਭਾਦੋਂ ਦੀਆਂ ਝੜੀਆਂ ਵਿਚ, ਨੌਕਰੀ ਦਾ ਪਤਾ ਕਰਨ ਲਈ, ਉਹ ਕਈ ਵਾਰ ਨਾਭੇ ਮਹਿਕਮੇ ਦੇ ਦਫ਼ਤਰ ਗਿਆ। ਪਰ ਉਹਨੂੰ ਵਿਚੋਂ ਕੁਝ ਥਹੁ ਪਤਾ ਨਾ ਲਗਦਾ। ਡੀ.ਆਈ. ਸਾਹਿਬ ਸਦਾ ਦੌਰੇ ਉਤੇ ਬਾਹਰ ਗਏ ਹੁੰਦੇ, ਡਵੀਜ਼ਨਲ ਤਕ ਮੁਲਾਕਾਤ ਨ ਹੋ ਸਕਦੀ, ਤੇ ਕਲਰਕ ਆਦਿ ਉਹਨੂੰ ਇਹ ਆਖ ਕੇ ਟਾਲ ਛਡਦੇ ਕਿ ਦੋ ਚਾਰ ਦਿਨਾਂ ਤਕ ਆਪੇ ਚਿੱਠੀ ਘਰ ਪੁਜ ਜਾਵੇਗੀ।

ਬੜੀ ਬੇ-ਸਬਰੀ ਨਾਲ ਉਹ ਨਿਤ ਡਾਕ ਵਿਚ ਨੌਕਰੀ ਦੀ ਚਿੱਠੀ ਉਡੀਕਦਾ। ਪਰ..

ਇਕ ਵਾਰ ਖ਼ਬਰ ਉਡੀ ਕਿ ਪਹਿਲੀ ਅਕਤੂਬਰ ਤਕ ਫਟਾ ਫਟ ਇਕ ਹਜ਼ਾਰ ਨਵੇਂ ਸਕੂਲ ਖੁਲ੍ਹ ਰਹੇ ਹਨ। ਸਰਕਾਰ ਦਾ ਖ਼ਿਆਲ ਹੈ, ਗਾਂਧੀ ਜੀ ਦੇ ਜਨਮ ਦਿਨ ਦੇ ਮੌਕੇ ਤੱਕ

ਘੱਟੋ ਘੱਟ ਹਜ਼ਾਰ ਸਕੂਲਾਂ ਦਾ ਉਦਘਾਟਨ ਹੋਣਾ ਚਾਹੀਦਾ ਹੈ। ਇਸ ਖ਼ਬਰ ਨੇ ਉਹਦੇ ਅੰਦਰ ਆਸ ਦੀਆਂ ਕਿਰਨਾਂ ਖਿਲਾਰੀਆਂ। ਇਕ ਹਜ਼ਾਰ ਵਿਚੋਂ ਇਕ ਆਰਡਰ ਉਹਦੇ ਨਾਂ ਵੀ ਆ ਜਾਣਾ ਕੋਈ ਵੱਡੀ ਗੱਲ ਨਹੀਂ ਸੀ।

ਅਖ਼ਬਾਰਾਂ ਵਿਚ ਤੇ ਵਜ਼ੀਰਾਂ ਦੇ ਬਿਆਨਾਂ ਵਿਚ ਧੜਾ ਧੜ ਸਕੂਲ ਖੁਲ੍ਹਣ ਦੀਆਂ ਖ਼ਬਰਾਂ ਗਰਮ ਸਨ। ਉਹਦੇ ਆਪਣੇ ਪਿੰਡ, ਤੇ ਬੰਨੇ ਚੰਨੇ ਵਿਚ ਕਈਆਂ ਨੂੰ ਆਰਡਰ ਵੀ ਆਏ ਸਨ। ਸਗੋਂ ਇਕ ਦੋ ਉਨ੍ਹਾਂ ਨੂੰ ਵੀ, ਜਿਨ੍ਹਾਂ ਥਰਡ ਡਵੀਜ਼ਨ ਵਿਚ ਹੀ ਦਸਵੀਂ ਕੀਤੀ ਸੀ। ਇਸੇ ਕਰਕੇ ਉਹਦੀ ਆਸ ਹੋਰ ਪੱਕੀ ਹੋ ਗਈ ਸੀ; ਕਿਉਂਕਿ ਥਰਡ ਡਵੀਜ਼ਨ ਨੂੰ ਤਾਂ ਨੌਕਰੀ ਲਈ ਕੋਈ ਗੱਲ ਵੀ ਨਹੀਂ ਕਰਨ ਦਿੰਦਾ।

ਉਹ ਨਿੱਤ ਡਾਂਕ ਦੇਖਣ ਆਪ ਡਾਕਖ਼ਾਨੇ ਜਾਂਦਾ। ਬਾਰੀ ਥਾਣੀ ਹਾਬੜੀਆਂ ਅੱਖਾਂ ਨਾਲ ਉਹ ਡਾਕ ਦੇ ਖੁਲ੍ਹਦੇ ਥੈਲੇ ਨੂੰ ਦੇਖਦਾ, ਜੇ ਉਹਦੇ ਨਾਂ ਦਾ ਵੀ ਕੋਈ ਸਰਕਾਰੀ ਲਫ਼ਾਫ਼ਾ ਨਿਕਲ ਆਵੇ। ਪਰ ਉਹਦੇ ਨਾਂ ਦਾ ਸਰਕਾਰੀ ਲਫ਼ਾਫ਼ਾ ਕਦੇ ਨਾ ਆਉਂਦਾ।

ਫਿਰ ਉਹਨੂੰ ਕਿਸੇ ਆਖਿਆ, ਉਹ ਕੋਈ ਆਪਣਾ ਸਿਫ਼ਾਰਸ਼ੀ ਲੱਭੇ। ਸਿਫ਼ਾਰਸ਼ੀ ਬਿਨਾਂ ਕੋਈ ਨਹੀਂ ਪੁੱਛਦਾ। ਸਿਫ਼ਾਰਸ਼ ਹੋਵੇ ਤਾਂ ਨਾ ਕੋਈ ਡਵੀਜ਼ਨ ਪੁੱਛਦਾ ਹੈ, ਨਾ ਨੰਬਰ। ਜਿਸ ਦੀ ਸਿਫ਼ਾਰਸ਼ ਨਹੀਂ, ਉਹਨੂੰ ਸੌ ਹੁੱਜਤ। ਹੱਕ, ਲਿਆਕਤ, ਕਾਨੂੰਨ ਸਭ ਸਿਫ਼ਾਰਸ਼ ਅੱਗੇ ਝੁਕ ਜਾਂਦੇ ਹਨ। ਸਿਫ਼ਾਰਸ਼ ਵਾਲੇ ਥਰਡ ਡਵੀਜ਼ਨ ਤਾਂ ਕੀ, ਉਹ ਵੀ ਚਿਰੋਕਣੇ ਲਾਏ ਗਏ ਦੱਸੀਦੇ ਹਨ, ਜਿਹੜੇ ਦਸਵੀਂ ਪਾਸ ਹੀ ਨਹੀਂ। ਇਸ ਲਈ ਕਿਸੇ ਵੀ ਯੋਗਤਾ ਤੋਂ ਪਹਿਲਾਂ ਸਿਫ਼ਾਰਸ਼ ਚਾਹੀਦੀ ਹੈ।

ਪਰ ਸਿਫ਼ਾਰਸ਼ ਉਹਦੀ ਕੋਈ ਹੈ ਹੀ ਨਹੀਂ ਸੀ।

ਆਖ਼ਰ ਉਹਨੇ ਸੋਚਿਆ, ਉਹ ਪਟਿਆਲੇ ਜਾਵੇ। ਪਟਿਆਲੇ ਉਹਨਾਂ ਦਾ ਕੋਈ ਰਿਸ਼ਤੇਦਾਰ ਕਿਸੇ ਮਹਿਕਮੇ ਵਿਚ ਲੱਗਿਆ ਹੋਇਆ ਸੀ। ਜੇ ਉਹ ਹੀ ਕਿਸੇ ਤੋਂ ਕਹਿ ਕੁਹਾ ਦੇਵੇ।

ਉਹ ਪਟਿਆਲੇ ਪੁੱਜਿਆ, ਤਾਂ ਰਿਸ਼ਤੇਦਾਰ ਨੇ ਅਗੋਂ ਦੱਸਿਆ ਕਿ ਮਾੜੇ ਮੋਟੇ ਨੂੰ ਕੋਈ ਨਹੀਂ ਪੁੱਛਦਾ। ਲੋਕੀ ਵਜ਼ੀਰਾਂ ਤਕ ਦੀਆਂ ਸਿਫ਼ਾਰਸ਼ਾਂ ਪੁਆਂਦੇ ਨੇ। ਓੜਕ ਉਹਨੇ ਰਾਹ ਸੁਝਾਇਆ ਕਿ ਜੇ ਉਹ ਕਿਸੇ ਤਰ੍ਹਾਂ ਆਪਣੇ ਇਲਾਕੇ ਦੇ ਐਮ ਐਲ.ਏ. ਸਰਦਾਰ ਜਸਵੰਤ ਸਿੰਘ ਤੋਂ ਡਵੀਜ਼ਨਲ ਇੰਸਪੈਕਟਰ ਨੂੰ ਕੁਹਾ ਦੇਵੇ, ਜਾਂ ਓਹਦੀ ਚਿੱਠੀ ਹੀ ਲੈ ਆਵੇ, ਤਾਂ ਭਾਵੇਂ ਕੰਮ ਬਣ ਸਕੇ। ਡਵੀਜ਼ਨਲ ਨਾਲ ਸਰਦਾਰ ਜਸਵੰਤ ਸਿੰਘ ਦੀ ਚੰਗੀ ਬਣੀ ਦੱਸੀਦੀ ਹੈ।

ਨਾਲੇ ਇਹਨਾਂ ਅਫ਼ਸਰ ਨੂੰ ਅਫਸਰੀਆਂ ਰੱਖਣ ਤੇ ਅਗੋਂ ਤਰੱਕੀਆਂ ਲੈਣ ਲਈ ਐਮ.ਐਲ.ਏਆਂ. ਨਾਲ ਖ਼ਾਸੀ ਗੌਂ ਰਹਿੰਦੀ ਹੈ। ਇਸ ਲਈ ਉਸ ਤਕ ਪਹੁੰਚਣਾ ਚਾਹੀਦਾ ਹੈ—ਜਿਵੇਂ ਵੀ ਹੋ ਸਕੇ।

ਐਮ.ਐਲ.ਏ. ਨੂੰ ਮਿਲਣਾ ਜਸਬੀਰ ਲਈ ਨਵੀਂ ਸਮੱਸਿਆ ਸੀ। ਇਹ ਐਮ.ਐਲ.ਏ. ਸਾਹਿਬ ਬਹੁਤਾ ਰਹਿੰਦੇ ਵੀ ਪਟਿਆਲੇ, ਚੀਫ਼ ਮਨਿਸਟਰ ਦੀ ਕੋਠੀ ਹੀ ਸਨ। ਉਹਨਾਂ ਦੀ ਪਾਰਟੀ ਦੀ ਹੀ ਵਜ਼ਾਰਤ ਸੀ। ਇਹ ਗੱਲ ਚਿਤਾਰ ਕੇ ਜਸਬੀਰ ਨੇ ਆਪਣੇ ਰਿਸ਼ਤੇਦਾਰ ਨੂੰ ਆਖਿਆ, ਜੇ ਉਹ ਹੀ ਨਾਲ ਚੱਲ ਕੇ ਮਿਲਾ ਦੇਵੇਂ। ਪਰ ਉਹਨੇ ਜਵਾਬ ਦਿਤਾ ਕਿ ਉਹਦਾ ਆਪ ਜਾਣਾ ਉਥੇ ਠੀਕ ਨਹੀਂ। ਉਹ ਮੁਲਾਜ਼ਮ ਆਦਮੀ ਹੈ, ਹੋ ਸਕਦੈ ਕੋਈ ਉਲਟਾ ਅਸਰ ਹੋ ਜਾਵੇ। ਕੋਈ ਉਹਦਾ ਪਿੰਡ ਦਾ ਜਾਂ ਕੋਈ ਹੋਰ ਉਹਦਾ ਗੂੜਾ ਲਿਹਾਜੀ, ਜਿਸ ਨੇ ਵੋਟਾਂ ਵਿਚ "ਮਦਦ ਕੀਤੀ ਹੋਵੇ, ਲੱਭਿਆ ਜਾਵੇ ਤਾਂ ਹੀ ਉਹਦੇ ਕੋਲ ਜਾਣਾ ਠੀਕ ਹੈ।

ਇਹ ਜਾਣ ਕੇ ਉਹਨੂੰ ਖ਼ਿਆਲ ਫੁਰਿਆ, ਸ਼ਰੀਕੇ ਵਿਚੋਂ ਉਹਦੇ ਤਾਏ ਦਾ ਪੁੱਤ ਐਮ.ਐਲ ਏ. ਦੇ ਪਿੰਡ ਵਿਆਹਿਆ ਹੋਇਆ ਸੀ। ਉਹ ਤੁਰੰਤ ਪਿੰਡ ਨੂੰ ਮੁੜ ਆਇਆ ਤੋਂ ਆਪਣੇ ਤਾਏ ਦੇ ਪੁੱਤ ਵੱਡੇ ਭਰਾ ਨੂੰ ਆਖਿਆ, ਜੋ ਉਹ, ਉਹਦੇ ਨਾਲ ਚਿਨਾਰਥਲ ਚੱਲੇ—ਤੇ ਫਿਰ ਉਥੋਂ ਮਾਸੜ ਨੂੰ ਨਾਲ ਲੈ ਕੇ ਪਟਿਆਲੇ ? ਖ਼ਬਰੇ ਕੰਮ ਐਕਣੇ...।"

ਉਹਦੇ ਸ਼ਰੀਕ ਭਰਾ ਨੇ ਕੁਝ ਜੱਕੋ ਤੱਕ ਜਿਹਾ ਕੀਤਾ। ਐਵੇਂ ਉਹਦਾ ਸਹੁਰਾ ਆਪਣੇ ਸ਼ਰੀਕਾਂ ਅੱਗੇ ਨਿਉਂਦਾ ਫਿਰੇ। ਪਰ ਫੇਰ ਉਹਨੇ ਝਟ ਸੋਚਿਆ, ਉਹਦਾ ਆਪਣਾ ਸ਼ਰੀਕ ਉਹਦੇ ਅੱਗੇ ਮਿੰਨਤਦਾਰ ਹੋਈ ਖੜਾ ਹੈ—ਸ਼ਰੀਕ ਦੇ ਸਿਰ ਹਸਾਨ ਹੀ ਸਹੀ—ਤੇ ਉਹਨੇ ਉੱਤਰ ਦਿਤਾ "ਕੋਈ ਨ੍ਹੀ ਫੇਰ, ਚਲੋ ਚਲਾਂਗੇ ਆਪਾਂ, ਜਦ ਤੂੰ ਕਹੇਂ।"

ਦੂਜੇ ਕਿ ਤੀਜੇ ਦਿਨ ਉਹ ਚਿਨਾਰਥਲ ਪੁੱਜੇ। ਉਥੋਂ ਉਹਦੇ ਭਰਾ ਦੇ ਸਹੁਰੇ ਨੂੰ ਲੈ ਕੇ ਅਗਲੇ ਦਿਨ ਪਟਿਆਲੇ। ਉਥੇ ਜਾਕੇ ਪਤਾ ਲਗਾ ਕਿ ਐਮ ਐਲ.ਏ. ਸਾਹਿਬ ਕਲ੍ਹ ਦੇ ਦਿੱਲੀ ਗਏ ਹੋਏ ਹਨ। ਸ਼ਾਮ ਤਕ ਆਉਣ ਦੀ ਆਸ ਹੈ। ਪਟਿਆਲੇ ਦੀਆਂ ਸੜਕਾਂ, ਬਾਜ਼ਾਰਾਂ ਵਿਚ ਘੁੰਮਦਿਆਂ ਉਹਨਾਂ ਦਿਨ ਪੂਰਾ ਕੀਤਾ। ਸ਼ਾਮ ਨੂੰ ਕਠੀਓਂ ਪਤਾ ਲੱਗਾ ਕਿ ਉਹ ਅੱਜ ਦੀ ਥਾਂ ਕਲ੍ਹ ਸ਼ਾਮ ਨੂੰ ਆਉਣਗੇ; ਦਿੱਲੀਓਂ ਤਾਰ ਆਈ ਹੈ। ਤੰਦੂਰਾਂ ਉਤੋਂ ਰੋਟੀਆਂ ਖਾ ਕੇ ਰਾਤ ਕੱਟਣ ਲਈ, ਉਹ ਗੁਰਦੁਆਰਾ ਦੂਖ ਨਿਵਾਰਨ ਚਲੇ ਗਏ।

ਅਗਲੇ ਦਿਨ ਸ਼ਾਮ ਨੂੰ ਉਹਨਾਂ ਦੀ ਮੁਲਾਕਾਤ ਹੋਈ। ਐਮ.ਐਲ.ਏ. ਸਾਹਿਬ ਹੁਣੇ ਦਿੱਲੀਓਂ ਆਕੇ ਬੈਠੇ ਸਨ—ਤੇ ਆਉਂਦਿਆਂ ਹੀ ਮੁਲਾਕਾਤੀ। ਅੰਦਰੋਂ ਨੌਕਰ ਉਹਨਾਂ ਜੋਗੀ ਚਾਹ ਲੈ ਕੇ ਆਇਆ, ਪਰ ਉਹਨਾਂ ਦਾ ਚਿਤ ਕਾਹਲਾ ਪਿਆ ਹੋਇਆ ਸੀ, ਮਰਨ ਦੀ ਵਿਹਲ ਵੀ ਦੇਣ ਲੋਕੀ...! ਚਿੜ ਕੇ ਨੌਕਰ ਨੂੰ ਆਖਿਆ, "ਠਹਿਰ ਕੇ ਲਿਆਵੀਂ..." ਤੇ ਦਿਲ ਭਾਵੇਂ ਅੱਕਿਆ ਸੀ, ਪਰ ਮੁਲਾਕਾਤੀ ਫੇਰ ਵੀ ਪਿੰਡ ਦੇ ਲਿਹਾਜੀ ਸਨ। ਵੋਟਾਂ ਦੀ ਲੋੜ ਅਗੋਂ ਵੀ ਪੈਂਦੀ ਰਹਿਣੀ ਐਂ, ਤੇ ਲਿਹਾਜ ਬਿਨਾਂ। ਤੇ ਉਹਨਾਂ ਮੱਥੇ ਉਤੇ ਖੇੜਾ ਲਿਆ ਕੇ ਪੁਛਿਆ, “ਹਾਂ ਜੀ, ਕਰਤਾਰ ਸਿੰਘ ਜੀ, ਫੁਰਮਾਓ, ਕਿਵੇਂ ਦਰਸ਼ਨ ਦਿਤੇ ਅੱਜ?"

"ਦਰਸ਼ਨ ਕਾਹਦੇ ਜੀ .." ਉਹਦੇ ਭਰਾ ਦੇ ਸਹੁਰੇ ਨੇ ਆਖਿਆ, “ਖੇਚਲ ਦੇਣ ਆਏ ਆਂ ਥੋਨੂੰ।”

"ਦੱਸੋ, ਹੁਕਮ ਕਰੋ, ਜੋ ਕੁਝ ਮੇਰੇ ਜੋਗ

"ਐਹ ਕਾਕੇ ਦਾ ਕੰਮ ਲੁਵੋਣੈ ਮਾਸਟਰਾਂ ਵਿਚ ਮਨ ਵਿਚ ਹੀਣਤ ਜੇਹੀ ਮੰਨਦਿਆਂ ਉਹਨੇ ਐਮ. ਐਲ. ਏ. ਬਣੇ ਆਪਣੇ ਸ਼ਰੀਕ ਭਰਾ ਨੂੰ ਆਖਿਆ, “ ਆਪਣੇ ਪ੍ਰਾਹੁਣੇ ਦਾ ਭਾਈ ਐ।" ਤੇ ਨਾਲ ਹੀ ਉਹਦੇ ਜੁਆਈ ਨੇ ਵੀ ਹਾਮੀ ਭਰ ਦਿਤੀ, “ਹਾਂ ਜੀ, ਇਹ ਕੰਮ ਤਾਂ ਬਿਲਕੁਲ ਕਰਨੈ—ਬੜੀ ਮੇਹਰਬਾਨੀ ਹੋਵੇ।” ਕੁਝ ਪਲ ਸੋਚ ਕੇ ਐਮ. ਐਲ. ਏ. ਸਾਹਿਬ ਨੇ ਜਸਬੀਰ ਵਲ ਤੱਕਦਿਆਂ ਪੁਛਿਆ, "ਕਿੰਨੇ ਨੰਬਰ ਨੇ ਕਾਕਾ ਤੇਰੇ ?”

“ਚਾਰ ਸੌ ਸਤਵੰਜਾ ਨੇ ਜੀ-ਹਾਈ ਸੈਕਿੰਡ ਡਵੀਜ਼ਨ !" ਖੁਸ਼ੀ ਦਾ ਘੁੱਟ ਭਰਕੇ, ਚੁਸਤੀ ਨਾਲ, ਜਸਬੀਰ ਨੇ ਅਜ਼ੀਜ਼ਾਂ ਵਾਂਗ ਉੱਤਰ ਦਿਤਾ।

“ਤੂੰ..., ਅਰਜ਼ੀ ਦਿਤੀ ਹੋਈ ਐ ਨਾ ?"

“ਹਾਂ ਜੀ, ਅਰਜ਼ੀ ਦਿਤੀ ਨੂੰ ਤਾਂ ਛੇ ਮਹੀਨੇ ਹੋ ਗੇ।”

"ਅੱਛਾ... !" ਜਿਵੇਂ ਉਹਨਾਂ ਨੂੰ ਬਹੁਤ ਹੈਰਾਨੀ ਹੋਈ ਹੋਵੇ, ਤੇ ਫੇਰ ਉਹਨਾਂ ਕਰਤਾਰ ਸਿੰਘ ਵਲ ਤੱਕਦਿਆਂ ਭਰਾਵਾਂ ਵਾਲੀ ਅਪਣੱਤ ਨਾਲ ਪੁੱਛਿਆ, "ਪਿੰਡ ਕਾਕੇ ਦਾ - ਆਪਣੀ ਸੱਚ ਬੀਬੀ ਵਿਆਹੀ ਹੋਈ ਐ ...

"ਸੰਗਤ ਪੂਰੇ..." ਜਿਵੇਂ ਝੱਟ ਕਰਤਾਰ ਸਿੰਘ ਨੇ ਉਹਨੂੰ ਯਾਦ ਕਰਾਇਆ। "ਭੁੱਲ ਵੀ ਗਏ, ਐਹ ਪ੍ਰਾਹੁਣਾ ਆਇਐ ਨਾਲ ਆਪਣਾ।"

"ਅੱਛਾ ਅੱਛਾ- ਠੀਕ ਠੀਕ, ਸੰਗਤਪੁਰਾ- ਹੂੰ।" ਪਿੰਡ ਪੁੱਛ ਲੈਣ ਮਗਰੋਂ ਜਿਵੇਂ ਉਹਨਾਂ ਨੂੰ ਤਸੱਲੀ ਹੋ ਗਈ। ਸੰਗਤਪੁਰਾ ਉਹਨਾਂ ਦੇ ਆਪਣੇ ਹਲਕੇ ਵਿਚ ਹੀ ਸੀ। ਉਹਨਾਂ ਆਪਣਾ ਲੈਟਰ ਫਾਰਮ ਮੰਗਵਾਇਆ ਤੇ ਢਿਲੀ ਜਿਹੀ ਕਲਮ ਨਾਲ ਚਿੱਠੀ ਲਿਖਣ ਲੱਗੇ। ਗੱਲਾਂ ਕਰਦਿਆਂ ਉਹਨਾਂ ਦੱਸਿਆ ਕਿ ਆਪਣੇ ਕੰਮ ਵਲ ਤਾਂ ਉਹਨਾਂ ਤੋਂ ਧਿਆਨ ਹੀ ਨਹੀਂ ਦਿਤਾ ਜਾਂਦਾ। ਦੋ ਹੋਰ ਮੁੰਡਿਆਂ ਦੀ ਸਿਫ਼ਾਰਸ਼ ਵੀ ਉਨ੍ਹਾਂ ਗੋਚਰੇ ਪਈ ਹੈ। ਇਕ ਉਨ੍ਹਾਂ ਦਾ ਭਤੀਜਾ ਹੈ, ਦੂਜਾ ਉਨ੍ਹਾਂ ਦੇ ਵੱਡੇ ਕਾਕੇ ਦਾ ਸਾਲਾ। ਇਸੇ ਚਿੱਠੀ ਵਿਚ ਉਹਨਾਂ ਦੋਹਾਂ ਬਾਰੇ ਵੀ ਉਹਨਾਂ ਨੇ ਲਿਖ ਦਿਤਾ। ਤੇ ਫੇਰ ਉਹਨਾਂ ਤੋਂ "ਕੋਈ ਹੋਰ ਸੇਵਾ" ਪੁਛਦਿਆਂ ਚਿੱਠੀ ਜਸਬੀਰ ਨੂੰ ਫੜਾਈ ਤੇ ਕਿਹਾ, ਲੈ ਕਾਕਾ, ਫ਼ਿਕਰ ਨਾ ਕਰ, ਤੇਰਾ ਕੰਮ ਛੇਤੀ ਹੀ ਬਣ ਜਾਵੇਗਾ। ਇਹ ਚਿਠੀ ਨਾਭੇ ਡਵੀਜ਼ਨਲ ਸਾਹਿਬ ਨੂੰ ਜਾ ਦੇਣੀ। ਬੜੇ ਸ਼ਰੀਫ਼ ਆਦਮੀ ਹਨ।"

ਦੂਜੇ ਦਿਨ, ਦਫ਼ਤਰ ਖੁਲ੍ਹਦੇ ਨੂੰ, ਜਸਬੀਰ ਨਾਭੇ ਪੁਜਿਆ। ਡਵੀਜ਼ਨਲ ਸਾਹਿਬ ਅਜੇ ਘਰੋਂ ਨਹੀਂ ਸਨ ਆਏ। ਉਹ ਸਦਾ ਘੰਟਾ ਡੇਢ ਘੰਟਾ ਚਿਰਾਕੇ ਆਇਆ ਕਰਦੇ ਸਨ। ਕੋਈ ਸਾਢੇ ਗਿਆਰਾਂ ਵਜੇ ਉਹ ਆਏ ਤੇ ਬਾਰਾਂ ਵਜੇ ਉਹਨਾਂ ਪਟਿਆਲੇ ਡੀ. ਪੀ. ਆਈ ਵਲ ਤੁਰ ਜਾਣਾ ਸੀ। ਉਹਨਾਂ ਦੇ ਆਉਂਦਿਆਂ ਹੀ ਜਸਬੀਰ ਚਿਟ ਭੇਜ ਕੇ ਅੰਦਰ ਪੇਸ਼ ਹੋਇਆ ਤੇ ਸਿਫ਼ਾਰਸ਼ੀ ਚਿੱਠੀ ਮੇਜ਼ ਉਤੇ ਉਹਨਾਂ ਅੱਗੇ ਰੱਖ ਦਿਤੀ। ਉਹਨਾਂ ਚਿੱਠੀ ਵਲ ਜ਼ਰਾ ਕੁ ਤੱਕਦਿਆਂ ਤੇ ਫੇਰ ਉਸ ਵਲੋਂ ਟਲਦਿਆਂ ਜਸਬੀਰ ਨੂੰ ਪੁਛਿਆ, "ਕੀ ਚਾਹੁੰਦੇ ਹੋ ?"

"ਮੇਰੀ ਜੀ ਕਿੰਨੇ ਚਿਰ ਤੋਂ ਅਰਜ਼ੀ ਆਈ ਹੋਈ ਐ ਟੀਚਰ੍ਹੀ ਲਈ ਆਪਦੇ ਕੋਲ..." ਜਸਬੀਰ ਨੇ ਸਤਿਕਾਰ ਸਹਿਤ ਖਲੋਤਿਆਂ ਉੱਤਰ ਦਿਤਾ।

"ਕੋਈ ਅਰਜ਼ੀ ਨਹੀਂ ਆਈ ਮੇਰੇ ਕੋਲ !" ਡਵੀਜ਼ਨਲ ਸਾਹਿਬ ਜਸਬੀਰ ਵਲੋਂ ਅੱਖਾਂ ਫੇਰ ਕੇ ਮੇਜ਼ ਤੇ ਪਈ ਚਿੱਠੀ ਵਲ ਸਰਸਰੀ ਤੱਕਣ ਲੱਗੇ। ਤਿਊੜੀ ਉਹਨਾਂ ਦੇ ਮੱਥੇ ਵਿਚਕਾਰ ਖਿੱਚੀ ਗਈ।

ਜਸਬੀਰ ਦੇ ਬੁਲ੍ਹਾਂ ਉਤੇ ਸਿੱਕੜੀ ਆ ਗਈ।

ਤੇ ਫਿਰ ਚਿੱਠੀ ਨੂੰ ਹੱਥ ਵਿਚ ਮਚੋਂਦਿਆਂ ਇਨਸਪੈਕਟਰ ਸਾਹਿਬ ਨੇ ਪੁਛਿਆ "ਕਿੰਨੇ ਨੰਬਰ ਹਨ ?"

"ਚਾਰ ਸੌ ਸਤਵੰਜਾ ਜੀ।" ਥਥਲਾ ਕੇ ਜਸਬੀਰ ਨੇ ਉੱਤਰ ਦਿਤਾ।

"ਤਾਂ ਫਿਰ ਕੋਈ ਸਕੋਪ ਨਹੀਂ।" ਪੈਂਦੀ ਸੱਟੇ ਡਵੀਜ਼ਨਲ ਸਾਹਿਬ ਨੇ ਆਖਿਆ, "ਕਿਉਂ .. ਆਸ ਲਾਈ ਬੈਠੇ ਹੋ ਐਵੇਂ ? ਜਾਉ, ਕੋਈ ਹੋਰ ਕੰਮ ਕਰੋ !"

ਜਸਬੀਰ ਦੇ ਪਿੰਡੇ ਚੋਂ ਚਿਣਗਾਂ ਫੁੱਟਣ ਲੱਗੀਆਂ। ਬੁਲ੍ਹ ਫਰਕਣ ਲੱਗੇ। ਉਹਦੇ ਮਨ ਵਿਚ ਰੋਸ ਜਾਗ ਰਿਹਾ ਸੀ। ਹੁਣ ਉਹਨੂੰ ਨੌਕਰੀ ਮਿਲਣ ਦੀ ਕੋਈ ਆਸ ਨਾ ਸੀ ਰਹੀ। ਜਦੋਂ ਨੌਕਰੀ ਮਿਲਣ ਦੀ ਕੋਈ ਆਸ ਨਾ ਰਹੇ, ਉਦੋਂ ਰੂਹ ਵਿਚੋਂ ਬਗ਼ਾਵਤ ਮਚਲ ਉਠਦੀ ਹੈ। ਰੰਜ ਤੇ ਗੁੱਸੇ ਨਾਲ ਜਸਬੀਰ ਦਾ ਮਨ ਭੜਕ ਉਠਿਆ। ਹੀਆ ਕਰਕੇ ਪੁਛਿਆ, “ਕਿਉਂ ਜੀ, ਮੇਰੇ ਵਾਸਤੇ ਕਿਉਂ ਸਕੋਪ ਨਹੀਂ ?"

“ਇਸ ਲਈ ਕਿ ਅਜੇ ਸਾਡੀਆਂ ਲਿਸਟਾਂ ਵਿਚ ਹਜ਼ਾਰਾਂ ਨਾਂ ਛੇ ਸੌ ਨੰਬਰ ਵਾਲਿਆਂ ਦੇ ਪਏ ਹਨ ਤੇ ਕਈ ਇਸ ਤੋਂ ਵੀ ਵਧ, ਅਸੀਂ ਪਹਿਲਾਂ ਉਹ ਲਾਉਣੇ ਹਨ...।" ਤਿਉੜੀ ਜਿਵੇਂ ਉਹਨਾਂ ਦੇ ਮੱਥੇ ਵਿਚ ਖੁਦੀ ਹੋਈ ਸੀ।

"ਮੈਂ ਹਾਈ ਸੈਕਿੰਡ ਡਵੀਜ਼ਨ ਆਂ ਜੀ-ਸੈਕਿੰਡ ਡਵੀਜ਼ਨ ਵੀ ਤਾਂ ਰਖੇ ਜਾਂਦੇ ਨੇ।” ਜਸਬੀਰ ਨੇ ਨਿੱਡਰ ਹੋ ਕੇ ਆਖਿਆ, ਖ਼ਬਰੇ ਇਥੇ ਡਟਣ ਵਾਲੇ ਦੀ ਹੀ ਸੁਣੀ ਜਾਂਦੀ ਹੋਵੇ।

“ਪਰ ਕਿਉਂ ਰਖੀਏ ਅਸੀਂ ਸੈਕਿੰਡ ਡਵੀਜ਼ਨ, ਜਦੋਂ ਸਾਨੂੰ ਫਸਟ ਮਿਲਦੇ ਹੋਣ ? ਇਹ ਵਿਦਿਆ ਦਾ ਮਹਿਕਮਾ ਹੈ। ਲਾਇਕ ਆਦਮੀ ਚਾਹੀਦੇ ਹਨ। ਅਸੀਂ ਜਾਹਲ ਭਰਤੀ ਨਹੀਂ ਕਰਨੇ। ਇਕ ਅਧਿਆਪਕ ਕੌਮ ਦਾ ਉਸਰੱਈਆ ਹੁੰਦਾ ਹੈ। ਅਸੀਂ ਉਹ ਆਦਮੀ ਕਿਉਂ ਕੱਚੇ ਪਿੱਲੇ ਰਖੀਏ, ਜਿਨ੍ਹਾਂ ਕੰਮ ਦੀ ਉਸਾਰੀ ਕਰਨੀ ਹੈ...?" ਵਿਖਿਆਨ ਦੇ ਰੰਗ ਵਿਚ ਇਨਸਪੈਕਟਰ ਸਾਹਿਬ ਨੇ ਆਏ ਉਮੀਦਵਾਰ ਨੂੰ ਨਿਰੁੱਤਰ ਕਰਨਾ ਚਾਹਿਆ। ਇਨਸਪੈਕਟਰ ਸਾਹਿਬ ਦੀ ਗੱਲ ਸੀ ਵੀ ਠੀਕ, ਤੇ ਜਸਵੀਰ ਨਿਰੁੱਤਰ ਹੋ ਵੀ ਜਾਂਦਾ, ਪਰ ਤਾਂ ਨਾ, ਜੇ ਸੱਚ ਮੁਚ ਇਸੇ ਤਰ੍ਹਾਂ ਹੀ ਹੁੰਦਾ ਹੋਵੇ ? ਜਿਥੇ ਸਿਫ਼ਾਰਸ਼ ਨਾਲ ਘਟੀਆ ਤੋਂ ਘਟੀਆ ਥਰਡ ਡਵੀਜ਼ਨ ਲੱਗ ਰਹੇ ਹੋਣ, ਤੇ ਸਿਫਾਰਸ਼ਾਂ ਬਾਹਰੇ ਫਸਟਾਂ ਸੈਕਿੰਡਾਂ ਨੂੰ ਕੋਈ ਪੁੱਛਦਾ ਨਾ ਹੋਵੇ, ਉਥੇ ਇਨਸਪੈਕਟਰ ਸਾਹਿਬ ਦੇ ਕਹਿਣ ਵਿਚ ਕਿੰਨਾ ਕੁ ਸੱਚ ਸੀ ? ਜਸਬੀਰ ਨੇ ਦ੍ਰਿੜ੍ਹਤਾ ਨਾਲ ਢੀਠ ਬਣ ਕੇ ਆਖਿਆ, ਪਰ ਜੀ, ਜਦ ਥਰਡ ਡਵੀਜ਼ਨ ਲਾਏ ਜਾਂਜ ਨੇ . ?"

"ਕਿਸ ਨੇ ਲਾਏ ਨੇ ਥਰਡ ਡਵੀਜ਼ਨ ? ਕਦੋਂ ਲਾਏ ਨੇ ਥਰਡ ਡਵੀਜ਼ਨ ? ਕਿਥੇ ਲਾਏ ਨੇ ਬਰਡ ?" ਇਨਸਪੈਕਟਰ ਸਾਹਿਬ ਜੋਸ਼ ਨਾਲ ਤ੍ਰਬਕ ਪਏ, ਜਿਵੇਂ ਉਹਨਾਂ ਦੇ ਮੰਜੇ ਹੇਠ ਸੋਟੀ ਫਿਰਨ ਲੱਗੀ ਹੋਵੇ।

"ਸੈਂਕੜੇ ਜੀ—ਦੋ ਨੂੰ ਤਾਂ ਸਾਡੇ ਪਿੰਡ ਹੀ ਆਰਡਰ ਗਏ ਨੇ।"

ਇਨਸਪੈਕਟਰ ਸਾਹਿਬ ਨੂੰ ਜਾਪਿਆ ਜਿਵੇਂ ਉਹਨਾਂ ਦੇ ਢੋਲ ਦਾ ਪੋਲ ਖੁਲ੍ਹਦਾ ਜਾਂਦਾ ਹੈ। ਛਿੱਥੇ ਪੈਂਦਿਆਂ ਜ਼ਰਾ ਕਰਾਰ ਨਾਲ ਕਿਹਾ, "ਬਿਲਕੁਲ ਨਹੀਂ ਹੋਵੇਗੀ ਇਹ ਗੱਲ—ਮੈਨੂੰ ਦਸੋ, ਕਿਸ ਨੂੰ ਗਏ ਨੇ ਆਰਡਰ, ਮੈਂ ਹੁਣੇ ਹਟਾਦਿਆਂ ਉਹਨਾਂ ਨੂੰ, ਤੇ ਨਾਲੇ ਆਰਡਰ ਭੇਜਣ ਵਾਲੇ ਦੀ ਪੜਤਾਲ ਕਰਾਂ।" ਸਿਆਹੀ ਵਿਚ ਕਲਮ ਦੀ ਚੁੰਜ ਡੋਬ ਕੇ ਇਨਸਪੈਕਟਰ ਸਾਹਿਬ ਲਿਖਣ ਲਈ ਤਿਆਰ ਹੋ ਗਏ। "ਦਸੋ, ਕੌਣ ਕੌਣ ਨੇ ਉਹ . ?"

ਜਸਬੀਰ ਨੂੰ ਜਾਪਿਆ, ਜਿਵੇਂ ਉਹਨੂੰ ਫਜ਼ੂਲ ਚੱਕਰ ਵਿਚ ਪਾਇਆ ਜਾ ਰਿਹਾ ਹੈ। ਉਹਨੇ ਸਿਧੇ ਰਾਹ ਆਉਂਦਿਆਂ ਕਿਹਾ, "ਇਹ ਮੈਂ ਹੁਣ ਕੀ ਦੱਸਾਂ ਜੀ ? ਇਹ ਤਾਂ ਥੋਡਾ ਈ ਕੰਮ ਐ।"

"ਕਿਉਂ ? ਤੁਹਾਡਾ ਫ਼ਰਜ਼ ਨਹੀਂ ਦੇਸ਼ ਦੀ ਭਲਾਈ ਵਿਚ ਸਰਕਾਰ ਦੀ ਮਦਦ ਕਰਨਾ? ਇਨਸਪੈਕਟਰ ਨੇ ਧੌਂਸ ਨਾਲ ਜਸਬੀਰ ਦੀਆਂ ਅੱਖਾਂ ਵਿਚ ਅੱਖਾਂ ਗੱਡ ਦਿਤੀਆਂ।

"ਇਹ ਕਾਹਦੀ ਭਲਾਈ ਐ ਜੀ, ਮੈਨੂੰ ਜੇ ਨੌਕਰੀ ਨਾ ਮਿਲੇ ਤਾਂ ਮੈਂ ਦੋ ਹੋਰ ਦੀ ਵੀ ਹਟਵਾ ਦਿਆਂ ? ਮੈਂ ਤਾਂ ਸਗੋਂ ਚਾਹੁਨਾ ਜੀ, ਸਭ ਨੂੰ ਨੌਕਰੀ ਮਿਲੇ—ਚਾਹੇ ਥਰਡ ਡਵੀਜ਼ਨ ਹੋਣ।" ਜਸਬੀਰ ਨੇ ਕਹਿੰਦਿਆਂ ਅੱਖਾਂ ਨੀਵੀਆਂ ਕਰ ਲਈਆਂ।

"ਨਹੀਂ, ਨਹੀਂ...।" ਇਨਸਪੈਕਟਰ ਸਾਹਿਬ ਨੇ ਗੱਲ ਟੁਕ ਦਿਤੀ, "ਇਸ ਤਰ੍ਹਾਂ ਨਹੀਂ ਹੋ ਸਕਦਾ—ਇਹੋ ਜਿਹੀਆਂ ਨੂੰ ਕੋਈ ਨੌਕਰੀ ਨਹੀਂ ਇਥੇ...।" ਤੇ ਉਹਨਾਂ ਰੋਹਬ ਨਾਲ ਨਾਂਹ ਦਾ ਸਿਰ ਹਿਲਾਇਆ।

ਜਸਬੀਰ ਦੇ ਮੱਥੇ ਉਤੇ ਮੁੜ੍ਹਕੇ ਦੀਆਂ ਕਣੀਆਂ ਸਿੰਮ ਆਈਆਂ। ਉਹ ਚੁਪ ਚਾਪ ਖੜ੍ਹਾ ਰਿਹਾ। ਡਵੀਜ਼ਨਲ ਸਾਹਿਬ ਟਲ ਕੇ ਆਪਣੇ ਕਾਗਜ਼ਾਂ ਉਤੇ ਤੱਕ ਰਹੇ ਸਨ। ਲੜਖੜਾਂਦੀ ਆਵਾਜ਼ ਨਾਲ ਉਹਨੇ ਫੇਰ ਬੇਨਤੀ ਕੀਤੀ, "ਮੈਂ ਤਾਂ ਜੀ ਚਿੱਠੀ ਲੈ ਕੇ ਹਾਜ਼ਰ ਹੋਇਆ ਸੀ ਆਪ ਦੇ ਕੋਲ...।"

“ਹਾਂ ਹਾਂ... ਚਿੱਠੀ ਦੇਖ ਲਈ ਮੈਂ, ਕੋਈ ਗੱਲ ਨਹੀਂ, ਜਦੋਂ ਕੋਈ ਥਾਂ ਨਿਕਲੀ, ਅਸੀਂ ਆਪੇ ਹੀ ਭੇਜ ਦਿਆਂਗੇ ਆਰਡਰ ?" ਭਾਵੇਂ ਗੱਲ ਮੁੜ ਉਥੇ ਦੀ ਉਥੇ ਸੀ, ਪਰ ਕੁਝ ਬਝਦੀ ਆਸ ਨੇ ਜਸਬੀਰ ਦੇ ਮਨ ਵਿਚ ਕਮਜ਼ੋਰੀ ਲਿਆ ਦਿਤੀ। ਉਹਨੇ ਖ਼ੁਸ਼ਾਮਦ ਵਰਗੀ ਨਿਰਮਾਣਤਾ ਨਾਲ ਪੁੱਛਿਆ, ‘ਉਂਝ ਪਤਾ ਕਰਨ ਲਈ ਮੈਂ ਆਪ ਕਦ ਕੁ ਹਾਜ਼ਰ ਹੋਵਾਂ ਜੀ ?”

"ਨਹੀਂ, ਆਪ ਆਉਣ ਦੀ ਕੋਈ ਲੋੜ ਨਹੀਂ।”

"ਬਹੁਤ ਅੱਛਾ ਜੀ" ਕਹਿੰਦਿਆਂ ਸਤਿਕਾਰ ਨਾਲ ਸਿਰ ਝੁਕਾ ਉਹ ਕਮਰਿਓਂ ਬਾਹਰ ਨਿਕਲ ਆਇਆ।

ਦੋ ਮਹੀਨੇ ਬੀਤ ਗਏ। ਸੰਨ 55 ਚੜ ਚੁਕਿਆ। ਏਨੇ ਸਮੇਂ ਵਿਚ ਕਿੰਨੇ ਹੀ ਸਕੂਲ ਖੁਲ੍ਹੇ ਤੇ ਕਿੰਨੇ ਹੀ ਲੋਕ ਨੌਕਰੀ ਤੇ ਲੱਗੇ ਹੋਣਗੇ। ਉਹਨੂੰ ਕਿਤੋਂ ਇਹ ਵੀ ਪਤਾ ਲੱਗ ਗਿਆ ਕਿ ਜਿੰਨ੍ਹਾਂ ਦੋ ਮੁੰਡਿਆਂ ਦੀ ਸਿਫਾਰਸ਼ ਉਹਦੀ ਚਿੱਠੀ ਵਿਚ ਹੀ ਕੀਤੀ ਗਈ ਸੀ, ਉਹ ਚਿਰੋਕਣੇ ਲਗ ਚੁਕੇ ਹਨ। ਪਰ ਉਹਨੂੰ ਮਹਿਕਮੇ ਵਲੋਂ "ਆਪੇ ਭੇਜਿਆ" ਆਰਡਰ ਅਜੇ ਤਕ ਨਾ ਸੀ ਪੁਜਿਆ।

ਜਨਵਰੀ ਦੇ ਅੱਧ ਵਿਚ ਦੱਸ ਪਈ ਕਿ ਅਜ ਕਲ੍ਹ ਕੰਢਾ ਘਾਟ ਤੇ ਨਾਲਾਗੜ੍ਹ ਦੇ ਇਲਾਕੇ ਵਿਚ ਨਵੇਂ ਸਕੂਲ ਖੁਲ੍ਹ ਰਹੇ ਹਨ। ਪਹਾੜ ਵਿਚ ਥੋੜਾ ਕੀਤਿਆਂ ਹਰ ਕੋਈ ਏਧਰੋਂ ਜਾਣਾ ਪਸੰਦ ਨਹੀਂ ਕਰਦਾ। ਉਧਰ, ਪਛੜੇ ਇਲਾਕੇ ਵਿਚ ਪੜ੍ਹੇ ਲਿਖੇ ਘਟ ਹੁੰਦੇ ਹਨ। ਇਸ ਲਈ ਜੇ ਕੋਈ ਉਧਰ ਜਾਣਾ ਚਾਹੇ ਤਾਂ ਸਹਿਜੇ ਨੌਕਰੀ ਮਿਲ ਸਕਦੀ ਹੈ। ਤੇ ਨੌਕਰੀ ਦਾ ਮਿਲਣਾ ਸਾਡੀ ਜ਼ਿੰਦਗੀ ਵਿਚ ਕੁਦਰਤੀ ਮੌਕਾ ਹੈ।

ਮੌਕਾ ਹੱਥੋਂ ਨਾ ਗੁਆਣ ਲਈ ਉਹ ਝੱਟ ਅਗਲੀ ਸਵੇਰ ਨਾਭੇ ਨੂੰ ਤੁਰ ਗਿਆ। ਮੋਟਰ ਵਿਚ ਗੱਲ ਚਲਦਿਆਂ ਕਿਸੇ ਨੇ ਯਕੀਨ ਦੁਆਇਆ ਕਿ ਜ਼ਰੂਰ ਅਜ ਕਲ੍ਹ ਪਹਾੜੀ ਇਲਾਕਿਆਂ ਵਿਚ ਨਵੇਂ ਸਕੂਲ ਖੁਲ੍ਹ ਰਹੇ ਹਨ ਤੇ ਇਸ ਕੰਮ ਲਈ ਡੀ. ਆਈ ਨੂੰ ਮਿਲਣਾ ਕਾਫ਼ੀ ਹੈ। ਪ੍ਰਾਈਮਰੀ ਦੇ ਅਧਿਆਪਕਾਂ ਨੂੰ ਸਿਰਫ਼ ਉਹੀ ਨੀਯਤ ਕਰਦੇ ਹਨ।

ਮੋਟਰੋਂ ਉੱਤਰ ਕੇ ਉਹ ਸਿੱਧਾ ਦਫ਼ਤਰ ਗਿਆ। ਡੀ ਆਈ ਨੂੰ ਮਿਲਣ ਲਈ ਉਹਨੇ ਕਿੰਨੇ ਫੇਰੇ ਮਾਰੇ ਸਨ, ਪਰ ਡੀ. ਆਈ ਨਹੀਂ ਸਨ ਮਿਲੇ। ਚੰਗੇ ਭਾਗਾਂ ਨੂੰ ਅੱਜ ਉਹ ਦਫ਼ਤਰ ਵਿਚ ਹੀ ਬੈਠੇ ਸਨ। ਉਹਨੇ ਚਪੜਾਸੀ ਰਾਹੀਂ ਆਗਿਆ ਲਈ ਤੇ ਅੰਦਰ ਚਲਾ ਗਿਆ।

ਡੀ.ਆਈ. ਸਾਹਿਬ ਨੇ ਇਕ ਦੋ ਸੰਖੇਪ ਸੁਆਲ ਪੁਛੇ—ਨਾਂ, ਥਾਂ ਤੇ ਨੰਬਰ ਆਦਿ। ਫੇਰ ਮੇਜ਼ ਉਤੇ ਪਈ ਘੰਟੀ ਵਜਾਈ। ਚਪੜਾਸੀ ਹਾਜ਼ਰ ਹੋਇਆ ਤੇ ਉਹਨਾਂ ਹੈਡ ਕਲਰਕ ਨੂੰ ਬੁਲਾਣ ਲਈ ਆਖਿਆ।

ਡੀ.ਆਈ. ਸਾਹਿਬ ਨੇ ਹੈਡ-ਕਲਰਕ ਨਾਲ ਕੁਝ ਭੇਤਾਂ ਭਰੀ ਗੱਲ ਕੀਤੀ ਤੇ ਫਿਰ ਨਵੇਂ ਖੁਲ੍ਹਣ ਵਾਲੇ ਸਕੂਲਾਂ ਦੀ ਲਿਸਟ ਮੰਗਾਈ। ਲਿਸਟ ਆ ਗਈ। ਲਾਲ ਨਿਸ਼ਾਨ ਵਾਲੀਆਂ ਥਾਵਾਂ ਪੁਰ ਹੋ ਚੁਕੀਆਂ ਸਨ, ਤੇ ਸੈਂਕੜਿਆਂ ਦੀ ਲੰਮੀ ਲਿਸਟ ਉਤੇ ਟਾਵੇਂ ਟਾਵੇਂ ਹੀ ਲਾਲ ਨਿਸ਼ਾਨ ਸਨ।

ਕੰਧ ਉਤੇ ਕਲਾਕ ਟਿਕ ਟਿਕ ਕਰ ਰਿਹਾ ਸੀ।

ਬਾਹਰੋਂ ਚਪੜਾਸੀ ਨੇ ਆ ਕੇ ਚਿਟ ਫੜਾਈ। ਕਿਸੇ ਵਜ਼ੀਰ ਦੇ ਖ਼ਾਸ ਆਦਮੀ ਮਿਲਣ ਆਏ ਸਨ। ਦੂਜੇ ਪਲ ਦੇ ਤਿੰਨ ਸਭਯ ਜਿਹੇ ਖੱਦਰ ਧਾਰੀ ਅੰਦਰ ਕੁਰਸੀਆਂ ਉਤੇ ਆ ਬਿਰਾਜੇ। ਡੀ. ਆਈ. ਸਾਹਿਬ ਨੇ ਘੜੀ ਦੇਖੀ ਤੇ ਨਰਮੀ ਨਾਲ ਜਸਬੀਰ ਨੂੰ ਉਰਦੂ ਵਿਚ ਆਖਿਆ, “ਅਛਾ ਬਈ, ਤੁਮ ਪਰਸੋਂ ਉਨੀਸ ਤਾਰੀਖ਼ ਆਰਡਰ ਲੇ ਜਾਨਾ !”

' ਮੈਂ ਜੀ...ਕਈ ਵਾਰੀ ਆਇਆ ਅੱਗੇ !" ਉਹ ਜਿਵੇਂ ਬੇ-ਅਦਬੀ ਹੋਣ ਤੋਂ ਡਰ ਰਿਹਾ ਸੀ।

"ਕੋਈ ਬਾਤ ਨਹੀਂ, ਪਰਸੋਂ ਫਿਰ ਆ ਜਾਨਾ।" ਉਹਨਾਂ ਗੰਭੀਰਤਾ ਨਾਲ ਕਹਿ ਕੇ ਨਵੇਂ ਆਏ ਸੱਜਨਾਂ ਵਲ ਧਿਆਨ ਕਰ ਲਿਆ।

ਉਹਨੇ ਸ਼ਰਮ ਤੇ ਝਿਜਕ ਜਿਹੀ ਮੰਨਦਿਆਂ ਫਿਰ ਪੁੱਛਿਆ, "ਆਪ ਇਥੇ ਹੀ ਹੋਵੋਗੇ ਜੀ ਪਰਸੋਂ ?" ਉਹਦੇ ਦਿਲ ਵਿਚ ਪਾਲਾ ਸੀ।

"ਹਾਂ, ਹਾਂ, ਕਿਉਂ ਨਹੀਂ-ਪਰਸੋਂ ਜ਼ਰੂਰ ਮਿਲ ਜਾਏਗਾ ਆਰਡਰ।"

ਤੇ ਉਹ ਸਤਿਕਾਰ ਨਾਲ ਬਾਹਰ ਆ ਗਿਆ। ਹੁਣ ਉਹਨੂੰ ਕੁਝ ਤਸੱਲੀ ਜ਼ਰੂਰ ਸੀ। ਅੱਜ ਤਕ ਉਸ ਨਾਲ ਕਿਸੇ ਨੇ ਵੀ ਇਕਰਾਰ ਨਹੀਂ ਸੀ ਕੀਤਾ। ਉਹਨੂੰ ਭਰੋਸਾ ਸੀ—ਆਖ਼ਰ ਅਫ਼ਸਰ ਦੀ ਜ਼ਬਾਨ ਵੀ ਕੁਝ ਹੁੰਦੀ ਹੈ।

ਤੀਜੇ ਦਿਨ ਉਹ ਵੇਲੇ ਸਿਰ ਨਾਭੇ ਅੱਪੜ ਗਿਆ, ਤੇ ਡੀ.ਆਈ. ਦੇ ਜਾ ਪੇਸ਼ ਹੋਇਆ। ਡੀ.ਆਈ. ਸਾਹਿਬ ਨੇ ਫੁਰਮਾਇਆ ਕਿ ਆਰਡਰ ਤਿੰਨ ਵਜੇ ਦਿਤਾ ਜਾਵੇਗਾ—ਤਿੰਨ ਵਜੇ ਆਉਣਾ। ਪਰ ਉਹਨੇ ਜਾਣਾ ਕਿਥੇ ਸੀ ? ਉਹ ਕਮਰੇ ਦੇ ਬਾਹਰ ਬੈਂਚ ਉਤੇ ਬਹਿ ਗਿਆ।

ਦੋ ਵਜੇ ਤਕ ਕਮਰੇ ਦੇ ਅੱਗੇ ਅੱਠ ਦਸ ਜਣਿਆਂ ਦੀ ਨਿਕੀ ਜਿਹੀ ਭੀੜ ਜੁੜ ਗਈ। ਇਹ ਸਾਰੇ ਹੀ ਉਮੀਦਵਾਰ ਜਾਪਦੇ ਸਨ। ਹੌਲੀ ਹੌਲੀ ਇਕੱਠ ਵਧ ਰਿਹਾ ਸੀ। ਹਰ ਕੋਈ ਕਾਹਲਾ ਤੇ ਦਿਲੋਂ ਡਰਦਾ ਜਾਪਦਾ ਸੀ। ਕਿਤੇ ਏਨੇ ਜਣਿਆਂ ਵਿਚ ਉਹ ਰਹਿ ਹੀ ਨਾ

ਜਾਵੇ। ਕੋਈ ਪਿਛੋਂ ਆਇਆ ਪਹਿਲਾਂ ਲੱਗ ਜਾਵੇ ਤੇ ਪਹਿਲਾਂ ਆਇਆ ਐਵੇਂ ਮਾਰਿਆ ਜਾਵੇ। ਹਰ ਕਿਸੇ ਨੂੰ ਬੇ-ਵਸਾਹੀ ਸੀ—ਜੇ ਸਾਰਿਆਂ ਜੋਗੀ ਥਾਂ ਹੋਵੇ ਵੀ। ਹਰ ਕਿਸੇ ਦੇ ਅੰਦਰ, ਹਰ ਕਿਸੇ ਲਈ ਈਰਖਾ ਜਾਗ ਰਹੀ ਸੀ।

ਜਸਬੀਰ ਕਮਰੇ ਦੇ ਬੂਹੇ ਅੱਗੇ, ਵਰਾਂਡੇ ਵਿਚ, ਪੈਰ ਜਿਹੇ ਮਲਣ ਲੱਗਾ। ਬੈਂਚ ਉਤੇ ਬੱਧੇ ਬੈਠਣਾ ਵੀ ਅਕਵਾਂ ਸੀ। ਵਾਰ ਵਾਰ ਉਹ ਬੂਹੇ ਦੇ ਸ਼ੀਸ਼ ਵਿਚੋਂ ਅੰਦਰ ਕੰਧ ਉਤੇ ਲੱਗੀ ਘੜੀ ਦੇਖ ਲੈਂਦਾ। ਘੜੀ ਦੀਆਂ ਸੂਈਆਂ ਜਿਵੇਂ ਜਾਮ ਹੋ ਗਈਆਂ ਸਨ। ਤਿੰਨ ਵੱਜਣ ਵਿਚ ਨਹੀਂ ਸਨ ਆਉਂਦੇ।

ਓੜਕ ਦਫ਼ਤਰ ਵਿਚ ਘੰਟੀ ਵੱਜੀ—ਤਿੰਨ ਵਜ ਗਏ ਸਨ। ਚਪੜਾਸੀ ਅੰਦਰ ਗਿਆ ਤੇ ਝਟ ਉਹਨੇ ਬਾਹਰ ਆ ਕੇ ਸਭ ਨੂੰ ਅੰਦਰ ਪੇਸ਼ ਹੋਣ ਲਈ ਆਖਿਆ। ਆਸ ਤੇ ਨਿਰਾਸ ਵਿਚ ਡਿਕੋ ਡੋਲੇ ਖਾਂਦਾ ਜਸਬੀਰ ਵੀ ਅੰਦਰ ਚਲਿਆ ਗਿਆ।

ਭੱਵਿਖ ਦੇ ਸਾਰੇ ਕੁਆਰੇ ਤੇ ਰਾਂਗਲੇ ਸੁਫਨੇ ਡੀ. ਆਈ. ਦੀ ਕਲਮ ਦੀ ਨੋਕ ਥਲੇ ਸਾਹ ਲੈ ਰਹੇ ਸਨ। ਕਲਮ ਫੜੀ ਕਾਗਜ਼ਾਂ ਉਤੇ ਉਲਰਿਆ ਡੀ.ਆਈ. ਦਾ ਹੱਥ ਉਸ ਫਰਿਸ਼ਤੇ ਦਾ ਹੱਥ ਜਾਪਦਾ ਸੀ, ਜਿਸਦੇ ਨਿਕੀ ਜਿਹੀ ਇਕ ਝਰੀਟ ਵਾਹੁਣ ਨਾਲ ਬੰਦੇ ਦੀ ਤਕਦੀਰ ਘੜੀ ਜਾਂਦੀ ਹੈ। ਡੀ.ਆਈ. ਸਾਹਿਬ ਨੇ ਆਪਣੇ ਕੰਮ ਵਲ ਧਿਆਨ ਰੱਖਦਿਆਂ ਹੀ ਉਮੀਦਵਾਰਾਂ ਨੂੰ ਪੁਛਿਆ, "ਕਿਉਂ ਬਈ, ਨਾਲਾਗੜ੍ਹ ਕੀ ਤਰਫ਼ ਜਾਨਾ ਚਾਹੇਂਗੇ ਆਪ ਲੋਗ ? ਉਸੀ ਤਰਫ਼ ਜਗ੍ਹਾ ਹੈਂ ਹਮਾਰੇ ਪਾਸ ਆਜ ਕਲ੍ਹ।"

ਅਧ-ਮੰਨੇ ਜਿਹੇ ਸਾਰੇ ਚੁੱਪ ਖੜ੍ਹੇ ਰਹੇ।

"ਕਿਆ ਜਵਾਬ ਦੇਤੇ ਹੈਂ ਫਿਰ ਆਪ ?"

ਜਸਬੀਰ ਝਟ ਬੋਲ ਉਠਿਆ, "ਜਾਵਾਂਗੇ ਜੀ, ਬੜੀ ਖੁਸ਼ੀ ਨਾਲ..।

"ਸੋਚ ਲੈ, ਜ਼ਰਾ ਤਕਲੀਫ ਹੂਆ ਕਰਤੀ ਹੈ ਉਧਰ-ਬੈਕਵਰਡ ਇਲਾਕਾ ਹੈ... !" ਸ਼ਾਇਦ ਡੀ.ਆਈ. ਸਾਰਿਆਂ ਦੀ ਲੋੜ ਟੋਹ ਰਹੇ ਸਨ।

ਹੁਣ ਸਾਰਿਆਂ ਨੇ ਖੁਲ੍ਹ ਕੇ ਆਖਿਆ, "ਕੋਈ ਗੱਲ ਨ੍ਹੀਂ ਜੀ, ਅਸੀਂ ਸਭ ਤਕਲੀਫ਼ ਝੱਲਾਂਗੇ—ਭੇਜੋ ਜਿਥੇ ਮਰਜ਼ੀ ..!"

"ਸ਼ਾਬਾਸ਼, ਐਸਾ ਹੀ ਜਜ਼ਬਾ ਹੋਨਾ ਚਾਹੀਏ...।" ਡੀ.ਆਈ. ਸਾਹਿਬ ਦਿਆਲ ਹੋਕੇ ਬੋਲੇ। "ਸ਼ਾਇਦ ਹਿਲ-ਏਲਾਉਂਸ ਬ੍ਹੀ ਮਨਜ਼ੂਰ ਕਰਾ ਦੇ ਹਮ ਲੋਗ ਕੁਛ ਦਿਨੋ ਤਕ..।"

ਸਾਰੇ ਚਾਓ ਨਾਲ ਧੜਕਦੇ ਬਿਲਕੁਲ ਚੁਪ ਖੜ੍ਹੇ ਸਨ; ਜਿਵੇਂ ਸਾਹ ਲੈਣ ਨਾਲ ਵੀ ਕਿਤੇ ਬਣਿਆ ਹੋਇਆ ਤਲਿੱਸਮ ਟੁੱਟ ਨਾ ਜਾਵੇ। ਡੀ.ਆਈ. ਸਾਹਿਬ ਨੇ ਹੈਡ-ਕਲਰਕ ਨੂੰ ਸਾਰਿਆਂ ਦੇ ਆਰਡਰ ਤਿਆਰ ਕਰਕੇ ਦਸਖ਼ਤ ਕਰਵਾ ਲੈਣ ਲਈ ਆਖ ਦਿਤਾ।

ਹੈਡ-ਕਲਰਕ ਆਪਣੇ ਕਮਰੇ ਵਲ ਗਿਆ; ਸਾਰੇ ਉਡੀਕ ਕਰਨ ਲਈ ਕਮਰਿਓਂ ਬਾਹਰ ਜਾ ਖਲੋਏ। ਪੰਜ ਵਜੇ ਤਕ ਹੈਡ-ਕਲਰਕ ਦਸਖ਼ਤਾਂ ਲਈ ਸਭ ਦੇ ਕਾਗਜ਼ ਤਿਆਰ ਕਰਕੇ ਲੈ ਆਇਆ ਤੇ ਫਿਰ ਸਾਰਿਆਂ ਨੂੰ ਅੰਦਰ ਵਾਜ ਪਈ।

ਬੱਦਲਵਾਈ ਹੋਣ ਕਰਕੇ ਸੰਝ ਵੇਲੇ ਹੀ ਕਮਰੇ ਵਿਚ ਬੱਤੀ ਜਗ ਪਈ ਸੀ। ਆਰਡਰਾਂ 'ਤੇ ਦਸਖ਼ਤ ਕਰਨ ਲਈ ਡੀ. ਆਈ. ਸਾਹਿਬ ਨੇ ਪੈਨ ਤੋਂ ਟੱਪੀ ਲਾਹੀ। ਕਾਗ਼ਜ਼ਾਂ ਉਤੇ ਝੁਕੇ ਕਾਲੇ ਪੈਨ ਦੀ ਸੁਨਹਿਰੀ ਨਿੱਬ ਵਿਚੋਂ ਕਿਰਨਾਂ ਫੁਟ ਪਈਆਂ। ਦਸਖ਼ਤ ਹੋ ਰਹੇ ਸਨ। ਜਸਬੀਰ ਦੀ ਜ਼ਿੰਦਗੀ ਦੇ ਇਹ ਪਲ ਦਿਲ ਦੇ ਅਮਨ, ਰੂਹ ਦੀ ਖੁਸ਼ੀ ਤੇ ਸੱਚ ਬਣਦੇ ਰਾਂਗਲੇ ਸੁਫਨਿਆਂ ਨਾਲ ਮਹਿਕ ਰਹੇ ਸਨ। ਸੁਫਨੇ ਜੋ ਉਹਨੂੰ ਟੱਬਰ ਵਿਚ ਪਿਆਰ, ਲੋਕਾਂ ਵਿਚ ਸਤਿਕਾਰ ਤੇ ਵਿਆਹ ਤੋਂ ਪਹਿਲਾਂ ਰੁਜ਼ਗਾਰ ਦੇਣ ਦੇ ਅਨੁਸਾਰੀ ਸਨ।

ਦਸਖ਼ਤ ਹੋਕੇ ਸਭ ਨੂੰ ਆਰਡਰ ਮਿਲ ਗਏ। ਖ਼ੁਸ਼ੀ ਨਾਲ ਡੁਲ੍ਹਦਾ ਜਸਬੀਰ ਦਫ਼ਤਰ ਦੀ ਇਮਾਰਤ ਦੇ ਬਾਹਰ, ਹਾਤੇ ਵਿਚ, ਘਾ ਦੇ ਫ਼ਰਸ਼ ਉਤੇ ਆ ਖਲੋਇਆ। ਆਖ਼ਰੀ ਬੱਸ ਤਾਂ ਮਿਲ ਹੀ ਜਾਣੀ ਸੀ, ਇਕ ਮਿੰਟ ਖਲੋ ਕੇ ਉਹ ਆਰਡਰ ਤਾਂ ਚੰਗੀ ਤਰ੍ਹਾਂ ਪੜ੍ਹ ਲਵੇਂ।

ਸੁਆਦ ਨਾਲ ਉਹ ਟਾਈਪ ਕੀਤੀਆਂ ਸਤਰਾਂ ਪੜ੍ਹਨ ਲੱਗਾ। ਇਕ ਜੀਉਂਦੀ ਖ਼ੁਸ਼ੀ ਉਹਦੇ ਅੰਦਰ ਅੰਗੜਾਈਆਂ ਲੈ ਰਹੀ ਸੀ। ਮਸਤੀ ਵਿਚ ਅੱਖਰ ਵੀ ਜਾਣੋ ਗੁਆਚਦੇ ਜਾਂਦੇ। ਪਰ ਉਹਨੂੰ ਤਸੱਲੀ ਸੀ—ਹੁਣ ਤਾਂ ਸਭ ਕੁਝ ਉਹਦੇ ਹੱਥ ਵਿਚ ਹੈ।

ਪਰ, ਆਰਡਰ ਪੜ੍ਹਦਿਆਂ ਜਦੋਂ ਉਹਨੇ ਇਹ ਸਤਰ ਦੇਖੀ, ਉਹਦਾ ਦਿਲ ਫੜਿਆ ਗਿਆ। ਅੰਗਰੇਜ਼ੀ ਵਿਚ ਲਿਖਿਆ ਸੀ :

"ਕਦੇ ਵੀ, ਤੁਹਾਡੀ ਨੌਕਰੀ, ਬਿਨਾਂ ਤੁਹਾਨੂੰ ਪੁੱਛੇ, ਖ਼ਤਮ ਕੀਤੀ ਜਾ ਸਕਦੀ ਹੈ।"

ਧਰਤੀ ਉਹਦੇ ਪੈਰਾਂ ਹੇਠ ਕੰਬ ਗਈ। ਹਰ ਪਾਸੇ ਧੁਆਂਖੀ ਆਥਣ ਆਪਣੇ ਕਾਲੇ ਖੰਭ ਖਿਲਾਰ ਰਹੀ ਸੀ। ਅੱਧੋ ਜਿਹੇ ਦਿਲ ਨਾਲ ਉਹ ਮੋਟਰਾਂ ਦੇ ਅੱਡੇ ਵਲ ਤੁਰ ਪਿਆ। ਦਿਲ ਦੀ ਤਸੱਲੀ ਟੁੱਟ ਗਈ—ਨੌਕਰੀ ਕਾਹਦੀ ਸੀ, ਠੀਕਰੇ ਪਾਇਆ ਦੁੱਧ ਸੀ।

ਇਹੋ ਜੇਹੀ ਨੌਕਰੀ ਲੈ ਕੇ ਉਹ ਹੱਸੇ ਕਿ ਰੋਵੇ ? ਉਹਨੂੰ ਸਮਝ ਨਾ ਸੀ ਪੈਂਦੀ।

******

# ਡੈਣ

ਖਾਓ ਪੀਓ ਮਗਰੋਂ ਜਦ ਸੌਣ ਲਈ ਟਿਕ ਟਿਕਾ ਹੋਇਆ ਤਾਂ ਪਿੰਡ ਵਿਚ ਹਵਾਈ ਉਡੀ ਕਿ ਪਰਭੀ ਕੇ ਪ੍ਰੇਮ ਦਾ ਮੁੰਡਾ ਸਮੀ ਸੰਝ ਦਾ ਖੇਡਣ ਗਿਆ ਮੁੜ ਘਰ ਨਹੀਂ ਆਇਆ।

ਚਾਹ ਫੈਂਟਣੀ ਛਡ ਕੇ ਮਿਲਖਾ ਸਿਹੁੰ ਅਮਲੀ ਪਤਾ ਕਰਨ ਲਈ ਪ੍ਰੇਮ ਵਲ ਤੁਰ ਪਿਆ। ਦਰਵਾਜੇ ਕੋਲ, ਬਾਹਮਣਾਂ ਦੀਆ ਹੱਟਾਂ ਅੱਗੋਂ ਲੱਖੂ ਨਾਈ, ਪੀਤੋ ਝੀਉਰ, ਤੁਲਸੀ ਤਖਾਣ ਤੇ ਵਰਿਆਮਾ ਲੰਬੜ ਖੜੇ ਸਨ। ਮਿਲਖਾ ਸਿਹੁੰ ਕੋਲ ਗਿਆ ਤਾਂ ਪੰਡਤ ਰੌਣਕ ਰਾਮ ਨੇ ਪੁਛਿਆ, “ਮੁੰਡੇ ਦਾ ਲੱਗਿਆ ਕੁਛ ਪਤਾ ਮਿਲਖਾ ਸਿਆਂਹ।”

“ਨਾ ਦਾਦਾ, ਮੈਂ ਤਾਂ ਆਪ ਚੱਲਿਆ ਪਰੇਮ ਤੋਂ ਪੁੱਛਣ ਸਗਵਾਂ !” ਮਿਲਖਾ ਸਿਹੁੰ ਬੋਲਿਆ।

“ਪ੍ਰੇਮ ਹੋਰੀਂ ਤਾਂ ਬਾਹਰ ਨੂੰ ਗਏ ਲਾਲਟੈਣ ਲੈਕੇ, ਨਾਲ ਸਰਵਣ ਬਾਰੀਆ ਤੇ ਜੀਉਣੇ ਦਾ ਬੰਤੂ ਐ।" ਵਰਿਆਮੇ ਲੰਬੜ ਨੇ ਦੱਸਿਆ।

“ਬਾਹਰ ਕਿੱਧਰ ਨੂੰ ਗਏ ਹੋਣਗੇ ?”

“ਬਈ ਢੱਕ ਆਲੇ ਖੂਹ ਨੂੰ ਕਹਿੰਦੇ ਸੀ ਜਾਣੈ...!" ਲੱਖੂ ਨੇ ਥਹੁ ਦਿਤੀ।

"ਦੇਖੋ, ਚਰਜ ਕੀ ਆ ਗਿਆ ? ਮੁੰਡਾ ਗਿਆ ਕਿਥੇ ? ਅਜਾਂ ਹੁਣ ਆਥਣੇ ਹੱਟਾਂ ਅਗੇ ਨਿਆਣਿਆਂ 'ਚ ਖੇਲ੍ਹਦਾ ਸੀ !” ਪੰਡਤ ਰੌਣਕ ਰਾਮ ਨੇ ਹੈਰਾਨੀ ਭਰੀ ਚਿੰਤਾ ਮੰਨੀ, "ਟਿੱਬੀ ਕੰਨੀ ਗਿਆ ਦੇਖਣ ਕੋਈ ?”

"ਜੀਵਾ ਹਰੀਜਨ ਤੇ ਲੀਕੜ ਦਾ ਜਾਗਰ ਗਏ ਨੇ ਓਧਰ ਨੂੰ” ਤੁਲਸੀ ਬੋਲਿਆ।

“ਚੱਲ ਅਮਲੀਆ, ਆਪਾਂ ਨਗਾਹੇ ਦੇ ਪਹੇ ਕੰਨੀ ਗੇੜਾ ਮਾਰ ਆਈਏ, ਕਿਤੇ ਸਹੁਰਾ ਓਧਰੇ ਨਾ ਰਾਹ ਭੁਲੀਂ ਔਝੜਾਂ 'ਚ ਫਿਰਦਾ ਹੋਵੇ!” ਪੀਤੋ ਝੀਉਰ ਨੇ ਮਿਲਖਾ ਸਿੰਘ ਨੂੰ ਆਖਿਆ।

ਚੱਲ, ਓਧਰੇ ਚੱਲ", ਮਿਲਖਾ ਸਿਹੁੰ ਸਹਿਮਤ ਹੋ ਗਿਆ। "ਲਾਲਟੈਣ ਲੈ ਲੈ ਐਥੋਂ ਕੋਈ।

ਪੀਤੋ ਝੀਉਰ ਘਰੋਂ ਲਾਲਟੈਣ ਲੈਣ ਚਲਾ ਗਿਆ।

ਬਾਹਰੋਂ, ਦਰਵਾਜੇ ਦੇ ਹਨੇਰੇ ਵਿਚੋਂ, ਪ੍ਰੇਮ ਹੋਰੀਂ ਲਾਲਟੈਣ ਫੜੀ ਆਏ। "ਕਿਉਂ ਬਈ, ਲੱਗਿਆ ਕੋਈ ਪਤਾ...?" ਮਿਲਖਾ ਸਿਹੁੰ ਨੇ ਬੇ-ਸਬਰੀ ਨਾਲ ਪੁਛਿਆ।

"ਕਿਤੇ ਨ੍ਹੀ ਥਹੁ ਲੱਗਿਆ..." ਪ੍ਰੇਮ ਦਾ ਸਾਹ ਸੁੱਕਿਆ ਹੋਇਆ ਸੀ।

'ਪਤ ਪਤ ਕਰਕੇ ਦੇਖ ਲਿਆ ਸਾਰੇ ਇੱਖਾਂ 'ਚ, ਕਪਾਹਾਂ 'ਚ..." ਸਰਵਣ ਦੀ ਵਾਜ ਵਿਚ ਨਿਰਾਸਤਾ ਭਰੀ ਹੋਈ ਸੀ।

"ਅਜਾਂ ਹੁਣ ਐਥੇ ਭੱਜਿਆ ਫਿਰਦਾ ਸੀ, ਜਦ ਚੌਣਾ ਆਇਐ—ਇਕ ਤਾਂ ਨਿਆਣੇ ਸਹੁਰੇ ਡਰਦੇ ਨ੍ਹੀਂ ਅਜ ਕਲ੍ਹ ਦੇ." ਹੈਰਾਨੀ ਨਾਲ ਕਹਿੰਦਿਆਂ ਪੰਡਤ ਸ਼ਾਦੀ ਰਾਮ ਹੱਟੀਓਂ ਉਠ ਕੇ ਸਾਰਿਆਂ ਦੇ ਕੋਲ ਆ ਖਲੋਇਆ।

ਗਲੀ ਦੇ ਮੋੜ ਉਤੋਂ ਪੀਤੋ ਝੀਉਰ ਲਾਲਟੈਣ ਜਗਾਈਂ ਆਉਂਦਾ ਬੋਲਿਆ, "ਕਿਉਂ ਬਈ, ਲੱਭਿਆ...?"

"ਕਿਥੇ..!" ਮਿਲਖਾ ਸਿਹੁੰ ਅਮਲੀ ਨਿਰਾਸੀ ਵਾਜ ਵਿਚ ਨਿਮਾ ਜਿਹਾ ਕੁਸਕਿਆ।

"ਲੋਹੜਾ ਆ ਗਿਆ, ਮੁੰਡਾ ਗਿਆ ਕਿਥੇ ?" ਵਰਿਆਮਾ ਲੰਬੜ ਭਾਰੇ ਸੰਘ ਨਾਲ ਹੋਣੀ ਉਤੇ ਖਿਝਦਾ ਬੋਲਿਆ।

"ਆਹੀ ਤਾਂ ਗ਼ਜ਼ਬ ਐ !" ਰੌਣਕ ਰਾਮ ਨੇ ਹਾਂ ਮਿਲਾਈ।

ਸਾਰੇ ਸੋਚ ਵਿਚ ਡੁੱਬੇ ਖੜ੍ਹੇ ਸਨ। ਪ੍ਰੇਮ ਡੌਰ ਭੌਰ ਹੋਇਆ ਬਿਟ ਬਿਟ ਝਾਕਦਾ ਸੀ।

ਗਲੀ ਦੇ ਹਨੇਰੇ ਵਿਚੋਂ ਸੋਟੀ ਨਾਲ ਟੋਂਹਦੀ ਪ੍ਰੇਮ ਸਿਹੁੰ ਦੀ ਬੁੱਢੀ ਮਾਂ, ਪਰਭੀ, ਆਈ ਤੇ ਸਾਰਿਆਂ ਨੂੰ ਚੁੱਪ ਖੜੇ ਦੇਖ, ਦਿਲ ਦੇ ਪਾਲੇ ਨਾਲ ਬੋਲੀ, "ਕੋਈ ਖਬਰ ਦਓ ਮੁੰਡਿਓ...?" ਮਾਈ ਪਰਭੀ ਦੀਆਂ ਅੱਖਾਂ ਤੇ ਮੂੰਹ ਟਢਿਆ ਗਿਆ।

"ਹਾਲੇ ਤਾਂ ਕੁਸ ਨੀਂ ਪਤਾ ਤਾਈ..." ਹੌਲੀ ਜੇਹੀ ਕੋਈ ਬਿਰਕਿਆ।

ਬੁੱਢੀ ਪਰਭੀ ਦਾ ਦਿਲ ਡਿਗ ਪਿਆ। ਸੋਟੀ ਨਾਲ ਟੋਂਹਦੀ ਦੂਜੀ ਗਲੀ ਦੇ ਹਨੇਰੇ ਵਲ ਜਾਂਦੀ ਉਹ ਵਾਜਾਂ ਮਾਰਨ ਲੱਗੀ, "ਵੇ ਨਾਹਰ ਵੇ ! ਵੇ ਨਾਹਰਿਆ...!"

“ਨਾਹਰ ਤਾਂ ਹੈ ਨ੍ਹੀਂ ਮਾਂ ! ਨਾਹਰ ਨ੍ਹੀਂ ਹੈ...!!" ਭਰੇ ਹੋਏ ਸੰਘ ਵਿਚੋਂ ਪ੍ਰੇਮ ਬੋਲਿਆ। ਉਹਦੀਆਂ ਲੱਤਾਂ ਕੰਬ ਰਹੀਆਂ ਸਨ।

"ਦਿਲ ਨ੍ਹੀਂ ਛਡਣਾ ਪ੍ਰੇਮ ਸਿਆਹ! ਨਾ ਮੇਰਾ ਬੀਰ, ਤਕੜਾ ਰਹੁ, ਦਿਲ ਨ੍ਹੀ ਛਡਣਾ!" ਸ਼ਾਦੀ ਰਾਮ ਨੇ ਤਾੜਨਾ ਕੀਤੀ।

“ਭਾਈ ਸਾਰੇ ਜਣੇ ਰਲਕੇ ਢੁੰਡਵਾਲ ਕਰੋ-ਮੇਰਾ ਦਿਲ ਕਹਿੰਦੈ, ਮੁੰਡੇ ਦਾ ਵਾਲ ਨ੍ਹੀਂ ਵਿੰਗਾ-ਐਂ ਖੜੇ ਨਾ !" ਪੰਡਤ ਰੌਣਕ ਰਾਮ ਨੇ ਹੱਲਾ ਸ਼ੇਰੀ ਦਿਤੀ।

“ਮੁੰਡਾ ਤਾਂ ਹੈ ਨ੍ਹੀ ਦਾਦਾ...!" ਪ੍ਰੇਮ ਦਾ ਕੜ ਪਾਟਣ ਤੇ ਆਇਆ ਸੀ। ਉਹਦੀਆਂ ਖਾਖਾਂ ਫਰੂਕ ਰਹੀਆਂ ਸਨ।

“ਮੁਖਾਂ ਤੇਰੀ ਮੱਤ ਮਾਰੀ ਗਈ ਪ੍ਰੇਮ?” ਮਿਲਖਾ ਸਿਹੁੰ ਅਮਲੀ ਗੰਭੀਰ ਹੋ ਗਿਆ।

"ਪ੍ਰੇਮ ਸਿਆਂਹ, ਕਮਲਾ ਨਾ ਹੋ ਭਾਈ, ਲੱਕ ਬੰਨ੍ਹ।" ਤੁਲਸੀ ਤਖਾਣ ਨੇ ਹੌਸਲਾ ਦਿਤਾ।

“ਬਈ ਖੜ੍ਹੇ ਕੀ ਦੇਖਦੇ ਓਂ, ਸਾਰੇ ਜਣੇ ਖਿੰਡ ਪਿੰਡੋ ਵਿਚ।" ਵਰਿਆਮੇ ਨੇ ਗੱਲ ਮੁਕਾਈ।

ਲਾਲਟੈਣਾਂ ਲੈ ਕੇ ਕੋਈ ਕਿਸੇ ਗਲੀ, ਕੋਈ ਕਿਸੇ ਵਿਹੀ ਵੜ ਗਏ। ਘਰੋ ਘਰੀ ਭਾਲ ਹੋਣ ਲੱਗੀ। ਸਾਰੇ ਪਿੰਡ ਦੇ ਹੱਥੋਂ ਭਾਂਡੇ ਛੁਟ ਗਏ ਸਨ। ਤੀਵੀਆਂ ਘਰਾਂ ਚੋਂ ਨਿਕਲ ਕੇ ਦਰਾਂ ਅੱਗੇ ਖੜੋ ਗਈਆਂ। ਹਨੇਰੇ ਨਾਲ ਭਰੇ ਖੇਤਾਂ ਵਿਚ, ਵਿਹੀਆਂ ਵਿਚ ਤੇ ਕੋਠਿਆਂ ਉਤੇ ਲਾਲਟੈਣਾਂ ਘੁੰਮ ਰਹੀਆਂ ਸਨ।

"ਬੇ ਬੀਰ ਲੱਗਿਆ ਪਤਾ ਕੋਈ ਮੁੰਡੇ ਦਾ.?” ਗਲੀ ਚੋਂ ਲਾਲਟੈਣ ਲਈ ਲੰਘਦੇ ਲੱਖੂ ਨੂੰ ਪ੍ਰਸਿੰਨੀ ਜੱਟੀ ਨੇ ਪੁੱਛਿਆ।

“ਨਹੀਂ ਤਾਈ, ਅਜੇ ਕੋਈ ਪਤਾ ਨ੍ਹੀ... " ਆਖਦਾ ਲੱਖੂ ਕਾਹਲੀ ਕਾਹਲੀ ਲੰਘ ਗਿਆ।

"ਹੇ ਪਰਮਾਤਮਾ, ਸਭ ਦੇ ਕਾਲਜੇ ਠੰਡ ਰਖੀਂ..!" ਦੁਰਗੀ ਬਾਹਮਣੀ ਲੱਖੂ ਦਾ ਬੋਲ ਸੁਣ ਕੇ ਆਪਣੇ ਦਰਾਂ 'ਚ ਖਲੋਤੀ ਬੋਲੀ।

“ਨਾ ਭਾਈ, ਰੱਬ ਮਾੜੀ ਸੈਂਤ ਨਾ ਲਿਆਵੇ-ਦੁਆਲੀ ਦੀਆਂ ਨ੍ਹੇਰੀਆਂ ਰਾਤਾਂ ਨੇ ਚੰਦਰੀਆਂ...!" ਬੱਬੀ ਮੰਗਲੀ ਦੇ ਦਿਲੋਂ ਉਮਰਾਂ ਦਾ ਡਰ ਬੋਲਿਆ।

"ਨੀ ਹੋਰ ਅੰਮਾ !" ਗੇਂਦੀ ਲੁਹਾਰੀ ਨੇ ਹੌਲ ਕੇ ਆਖਿਆ, "ਚੰਦਰੇ ਜਲਦੇ ਬਲਦੇ ਦਿਣ ਨੇ ਇਕ ਤਾਂ - ਸੌ ਟੂਣੇ, ਟਾਮਣ ਕਿਸੇ ਦਾ ਕੀ ਜਾਂਦੈ...!'

"ਬਾਹਗਰੂ, ਬਾਹਗਰੂ..." ਕਰਤਾਰ ਲੰਬੜਨੀ ਬੋਲੀ, "ਨੀ ਬਾਪ ਦਾ ਮੂੰਹ ਉਡਿਆ ਪਿਐ ਕਹਿੰਦੇ...!"

"ਆਹੋ ਭਾਈ, ਮਾਪੇ ਦੀ ਆਤਮਾ ਕਿਮੇ ਨਾ ਤੜਫੇ।" ਸਾਹਮਣੇ ਦਰੋਂ ਬਾਰ ਵਾਲਿਆਂ ਦੀ ਪ੍ਰੀਤਮ ਕੁਰ ਨੇ ਹੁੰਗਾਰਾ ਦਿੱਤਾ।

ਘੰਟਾ ਡੂਢ ਹਫ ਕੇ ਸਾਰੇ ਜਣੇ ਮੁੜ ਹੱਟਾਂ ਅੱਗੇ ਆਉਣ ਲੱਗੇ। ਥੋੜੇ ਚਿਰ ਵਿਚ ਹੀ ਸਾਰੇ ਪਿੰਡ ਦਾ ਇਕੱਠ ਹੋ ਗਿਆ। ਕਾਲਜ ਫੜੀ ਤੀਵੀਆਂ ਵੀ ਆਕੇ ਥੋੜਾ ਪਰੇ ਨੂੰ ਖਲੋ ਗਈਆਂ।

"ਕਿਓਂ ਬਈ, ਕੋਈ ਮਿਲੀ ਸਾਰ...?" ਪੰਡਤ ਰੌਣਕ ਰਾਮ ਨੇ ਬੇ-ਚੈਨੀ ਨਾਲ ਪੁਛਿਆ। ਸਾਰੇ ਚੁੱਪ ਰਹੇ। ਸਭ ਦੇ ਹਵਾਸ ਉਡੇ ਹੋਏ ਸਨ।

"ਕਿਤੇ ਥਹੁ ਨ੍ਹੀ ਪਈ।" ਨ੍ਹਿਮਾ ਜਿਹਾ ਕਿਸੇ ਨੇ ਆਖਿਆ।

ਪ੍ਰੇਮ ਦੇ ਜਿਵੇਂ ਗੱਡੇ ਟੁਟ ਗਏ ਸਨ ਧਰਤੀ ਉਤੇ ਲਾਲਟੈਣ ਰੱਖ ਕੇ ਉਹ ਹੱਟ ਦੀ ਚੌਂਤਰੀ ਉਤੇ ਭੁੰਜੇ ਹੀ ਬਹਿ ਗਿਆ। ਸਾਰੇ ਹਰਾਸੇ ਜੇਹੇ ਏਧਰ ਓਧਰ ਖੜ੍ਹੇ ਸਨ। ਉਦੋਂ ਹੀ ਜੋਗੀਆਂ ਦੀ ਵਿਹੀ ਰਾਹੀਂ ਬਾਹਰੋਂ ਟੋਲਦੀਆਂ ਖਪਦੀਆਂ ਤਿੰਨ ਚਾਰ ਤੀਵੀਆਂ ਆਈਆਂ ਤੇ ਅੱਧੇ ਘੁੰਡ ਵਾਲੀ ਸੁਰਜੀਤ ਮਰਦਾਂ ਕੋਲ ਹੋਕੇ ਪੁਕਾਰਦੀ ਬੋਲੀ, "ਕਿਤੋਂ ਲੱਭਿਆ ਪੁੱਤ ?" ਉਹਦਾ ਸਾਹ ਚੜਿਆ ਹੋਇਆ ਸੀ ਤੇ ਗਮ ਦੀ ਪੀੜ ਨਾਲ ਉਹ ਵੱਡੇ ਛੋਟੇ ਦਾ ਪਰਦਾ ਵੀ ਭੁੱਲ ਗਈ ਸੀ।

ਲਾਲਟੈਣ ਫੜ ਕੇ ਖੜਾ ਹੁੰਦਾ ਪੀਤੋ ਝੀਉਰ ਬੋਲਿਆ, "ਕੋਈ ਨਾ ਭਾਬੀ, ਲੱਭ ਜਾਂਦੈ।"

ਸੁਰਜੀਤ ਦੇ ਮੱਥੇ ਉਤੇ ਮੁੜਕਾ ਸਿੰਮ ਆਇਆ। ਉਹ ਢਹਿੰਦੇ ਦਿਲ ਨਾਲ ਬੋਲੀ, "ਮੇਰਾ ਪੁੱਤ ਨ੍ਹੀਂ ਹੈ ਬਸ -ਮੇਰਾ ਤਾਂ ਪੁੱਤ ਹੈ ਨ੍ਹੀ !"

"ਨੀ ਐਂ ਨਾ ਕਹੁ ਚੰਦਰੀਏ-ਰੱਬ ਤੇਰੇ ਬੱਚੇ ਨੂੰ ਜੱਗ ਜੀਉਂਦਾ ਰੱਖੇ।" ਕੋਈ ਜਣੀ ਤੀਵੀਆਂ ਚੋਂ ਬੋਲੀ।

"ਵੇ ਪੁੱਤ ਕਿਤੋਂ ਹਾਂ ਕਹਿ ਦੇ ਵੇ! ਵੇ ਕਹਿ ਦੇ ਵੇ ਹਾਂ ਕਿਤੋਂ ਬੱਚਿਆ...ਗਭਲੀ ਗਲੀਓਂ ਹਨੇਰੇ ਵਿਚ ਵਾਜਾਂ ਮਾਰਦੀ, ਤੜਫਦੀ ਪ੍ਰੇਮ ਦੀ ਮਾਂ ਆ ਗਈ। ਝੋਰੇ ਨਾਲ ਉਹਦੀਆਂ ਆਂਦਰਾਂ ਅੰਬੀਆਂ ਪਈਆਂ ਸਨ। "ਵੇ ਮੇਰਾ ਲੱਕ ਟੁੱਟ ਚਲਿਆ ਵੇ ਨਾਹਰ ਸਿਆਂ..!" ਤੇ ਉਹ ਵਿਹੀ ਦੇ ਕੌਲੇ ਨਾਲ ਹੱਡੀਆਂ ਦੀ ਢੇਰੀ ਵਾਂਗ ਡਿਗ ਪਈ।

ਸਾਰਿਆਂ ਦੇ ਮਨ ਭਰ ਆਏ ਤੇ ਲਾਲਟੈਣਾਂ ਦੇ ਚਾਨਣ ਵਿਚ ਕਿੰਨੇ ਹੀ ਅੱਥਰੂ ਚਮਕਣ ਲੱਗੇ।

"ਤਕੜੀ ਹੋ ਤਾਈ ਤਕੜੀ...।" ਤੁਲਸੀ ਤਖਾਣ ਬੁੱਢੀ ਨੂੰ ਸੰਭਾਲਦਾ ਬੋਲਿਆ।

ਦਿਲ ਦੀ ਵੇਦਨਾ ਨਾਲ ਸਾਰੇ ਗੰਭੀਰ ਹੋ ਗਏ ਸਨ।

ਹਿੱਕ ਉਤੇ ਛੁਰੀ ਖਾਕੇ ਸੁਰਜੀਤੋ ਬਾਹਰ ਵਲ ਤੁਰੀ ਤੇ ਦਰਵਾਜੇ ਦੇ ਹਨੇਰੇ ਵਿਚ ਗੁਆਚਦੀ ਸੁੰਨਾਂ ਵਲ ਵਾਜਾਂ ਮਾਰਨ ਲੱਗੀ, "ਵੇ ਪੁਤ ਨਾਹਰ ਸਿਆਂ ਵੇ...! ਵੇ ਤੇਰਾ ਬਾਪੂ ਡੀਕਦਾ ਵੇ ਪੁੱਤਾ...! ਵੇ ਇਕ ਵਾਰੀ ਬੋਲ ਕੇ ਸੁਣਾ ਦੇ ਵੇ...!" ਉਹਦੀ ਵਾਜ ਧੀਮੀ ਹੋ ਕੇ ਰਹਿ ਗਈ।

"ਸਹੁਰੀ ਕਮਲੀ ਹੋਈ ਫਿਰਦੀ ਐ।"

"ਮਾਂ ਦਾ ਢਿਡ ਐ—ਕਿਵੇਂ ਨਾ ਮੱਚੇ ?" ਝੱਲੀ ਹੋਈ ਮਾਂ ਦਾ ਰੁਦਨ ਦੇਖ ਕੇ ਕੋਈ ਕੋਈ ਬੋਲ ਪੈਂਦਾ।

ਦੋ ਤੀਵੀਆਂ ਉਹਦੇ ਮਗਰ ਗਈਆਂ ਤੇ ਉਹਨੂੰ ਬਾਹੋਂ ਫੜ ਲਿਆਈਆਂ। ਉਹਦੀਆਂ ਟੰਗਾਂ ਤੁਰਦੀਆਂ ਨਹੀਂ ਸਨ। ਆਦਮੀਆਂ ਕੋਲੋਂ ਲੰਘ ਕੇ ਉਹ ਤੀਵੀਆਂ ਵਲ ਜਾਂਦੀ ਸੀ ਕਿ ਉਹਦੇ ਪੈਰ ਲੜਖੜਾਏ ਤੇ ਵਿਹੀ ਦੀ ਕੰਧ ਨਾਲ ਜਾ ਵੱਜੀ। ਉਹਦਾ ਲੱਕ ਮੁਚਿਆ, ਗੋਡੇ ਟੁੱਟੇ ਤੇ ਉਹ ਧਰਤੀ ਉੱਤੇ ਢੇਰੀ ਹੋ ਗਈ। "ਨੀ ਮੇਰਾ ਪੰਜਾਂ ਵਰ੍ਹਿਆਂ ਦਾ ਗੱਭਰੂ...ਵੇ ਕਿਤੋਂ ਵਾਜ ਦੇਈਂ ਵੇ ਬੱਚੜਿਆ...!"

"ਕੁੜੇ ਲਿਆਓ ਕੁੜੇ ਪਾਣੀ...!" ਇਕ ਬੁੱਢੀ ਚੀਕ ਉਠੀ।

"ਨੀ ਕੋਈ ਖੁਰਚਣਾ ਲਿਆਓ ਨੀ ਨਠ ਕੇ - ਬਹੂ ਨੂੰ ਦੰਦਲ ਪੈ ਗੀ...!"

ਉਹਦੇ ਦੁਆਲੇ ਤੀਵੀਆਂ ਜੁੜ ਗਈਆਂ। ਸਾਰਿਆਂ ਨੂੰ ਹੱਥ ਪੈਰ ਪੈ ਗਏ। ਦੋ ਜਣੀਆਂ ਖੁਰਚਣੇ ਨਾਲ ਦੰਦਲ ਪੁੱਟਣ ਲੱਗੀਆਂ ਤੇ ਪੀਤੋ ਝੀਉਰ ਭੱਜ ਕੇ ਪਾਣੀ ਦੀ ਗੜਵੀ ਲੈ ਆਇਆ।

"ਦੇਖੋ ਬਈ, ਹਿੰਮਤ ਨਾ ਹਾਰੋ, ਮੁੰਡੇ ਦੀ ਭਾਲ ਕਰੋ, ਮੁੰਡਾ ਪਿੰਡੋਂ ਬਾਹਰ ਨ੍ਹੀ ਕਿਤੇ—ਤੇ ਮੈਂ ਜਾਣਾ.. ਰੱਬ ਚਾਹੇ ਮੁੰਡੇ ਦਾ ਵਾਲ ਵੀ ਵਿੰਗਾ ਨ੍ਹੀ ਅਜੇ...!" ਮਿਲਖਾ ਸਿਹੁੰ ਅਮਲੀ ਨੇ ਨਿਸਚੇ ਨਾਲ ਗੰਭੀਰ ਹੋ ਕੇ ਸਹਾਰਾ ਦਿਤਾ।

"ਭਾਲ ਕਰਨ ਦੀ ਕੋਈ ਬਾਕੀ ਛੱਡੀ ਐ ਬਾਈ ਮਿਲਖਾ ਸਿਆਂਹ? ਪੈਰਾਂ ਭਾਰ, ਸਿਰ ਫੜੀ ਬੈਠਾ ਪ੍ਰੇਮ ਬਿਲਕੁਲ ਨਿਰਾਸ਼ ਸੀ।

"ਨਹੀਂ, ਇਕ ਵਾਰ ਫੇਰ ਜਤਨ ਕਰੋ" ਅਮਲੀ ਨੇ ਕਰਾਰ ਨਾਲ ਕਿਹਾ, "ਮੈਨੂੰ ਪੱਕੀ ਸ਼ੱਕ ਐ ਦਾਦਾ—ਜਿਹੜੀ ਗੱਲ ਤੈਨੂੰ ਮੈਂ ਆਖੀ ਸੀ ?"

"ਹੂੰ..." ਪੰਡਤ ਰੌਣਕ ਰਾਮ ਨੇ ਯਕੀਨ ਦਾ ਹੁੰਗਾਰਾ ਭਰਿਆ।

"ਵੇ ਕਿਤੋਂ ਬੋਲ ਵੇ ਢਿਡ ਦਿਆ ਆਂਡਿਆ!" ਹੋਸ਼ ਵਿਚ ਆਉਂਦਿਆਂ ਦੁਖ ਨਾਲ ਸੁਰਜੀਤੋ ਦੀ ਲੂਰ ਨਿਕਲ ਗਈ।

"ਚਿਤ ਨਰੋਆ ਕਰ ਕੇ ਬੈਠ ਭਾਈ ਸੁਰਜੀਤ ਕੁਰੇ—ਇਕ ਵਾਰ ਹੋਇਆ, ਦੋ ਵਾਰ... ਸਾਰਾ ਪਿੰਡ ਫਿੜੀ ਫਿੜੀ ਕਰਦਾ ਫਿਰਦੈ, ਤੈਨੂੰ ਕੋਈ ਕੱਲੀ ਨੂੰ ਦੁੱਖ ਐ ?" ਮਿਲਖਾ ਸਿਹੁੰ ਨੇ ਥੋੜਾ ਝਿੜਕ ਕੇ ਆਖਿਆ।

"ਆਹੋ ਭਾਈ... ਹੌਕੇ ਭਰਦੀਆਂ ਕਈ ਮਾਈਆਂ ਬੋਲੀਆਂ, "ਦੁਖ ਸੁਖ ਸਭ ਦਾ ਸਾਂਝਾ..!"

"ਦਾਦਾ..." ਮਿਲਖਾ ਸਿਹੁੰ ਯਕੀਨ ਦੇ ਗੜ੍ਹਕੇ ਨਾਲ ਰੋਣਕ ਰਾਮ ਤੇ ਹੋਰ ਸਾਰਿਆਂ ਨੂੰ ਆਖਣ ਲੱਗਾ, "ਪੱਕ ਜਾਣ ਮੇਰੀ ਗੱਲ ਤੂੰ, ਮੇਰੀ ਸ਼ੱਕ ਝੂਠੀ ਨ੍ਹੀ, ਬਈ ਜਦ ਸਾਰਾ ਪਿੰਡ ਤ੍ਰਾਹ ਤ੍ਰਾਹ ਕਰਦੈ, ਤਾਂ ਕੱਲਾ ਉਹੀ ਘਰ ਕਿਉਂ ਵਿਚ ਨ੍ਹੀ ! ਕੋਈ ਦੇਖਿਐ ਉਹਨਾਂ ਦਾ ਜੀ ਲੋਕਾਂ ਚ ? ਮੈਨੂੰ ਤਾਂ ਉਥੇ ਈ ਦਾਲ 'ਚ ਕਾਲਾ ਕਾਲਾ ਦੀਂਹਦੈ..!" ਅਮਲੀ ਨੇ ਦ੍ਰਿੜਤਾ ਨਾਲ ਇਕ ਟੱਕ ਸਾਰਿਆਂ ਵਲ ਤੱਕ ਕੇ ਆਖਿਆ।

"ਬਈ ਗੱਲ ਤਾਂ ਮਿਲਖਾ ਸਿਹੁੰ ਦੀ ਮਨ ਲਗਦੀ ਐ .." ਪੰਡਤ ਸ਼ਾਦੀ ਰਾਮ ਨੇ ਅੱਖਾਂ ਟੱਡਦਿਆਂ ਨਿਸ਼ਚੇ ਦਾ ਸਿਰ ਹਿਲਾ ਕੇ ਆਖਿਆ।

"ਬਈ ਮੱਥਾ ਤਾਂ ਮੇਰਾ ਵੀ ਠਣਕਿਆ ਸੀ ਮਾੜਾ ਮਾੜਾ" ਵਰਿਆਮੇ ਲੰਬੜ ਨੇ ਹਾਮੀ ਭਰੀ, ".. ਪਰ ਮਖਾਂ ਕੱਚੇ ਪੈਰੀਂ ਕਿਮੇ ਕਿਸੇ ਦਾ ਨਾਓਂ ਧਰੀਏ।"

"ਓਏ ਨਾਓਂ ਧਰਨ ਦਾ ਸਾਨੂੰ ਕੋਈ ਦਾਬਾ ਇ ਕਿਸੇ ਦਾ ? ਤੁਸੀਂ ਮੈਨੂੰ ਕਹੋ, ਦੋ ਡਾਂਗਾਂ ਜੜ ਕੇ ਮੈਂ ਮਨਾ ਲੈਨਾ.. !" ਭਰਵੇਂ, ਕਿਰਮਚੀ ਚਿਹਰੇ ਉਤੇ ਅਮਲੀ ਦੀਆਂ ਅੱਖਾਂ ਮਸਾਲਾਂ ਵਾਂਗ ਚਮਕਣ ਲਗੀਆਂ।

"ਓ ਨਹੀਂ ਭਾਈ ਨਹੀਂ, ਐਮੇ ਕਾਹਲੀ ਨ੍ਹੀਂ ਕਰਨੀ ਆਪਾਂ ਨੇ।" ਪੰਡਤ ਸ਼ਾਦੀ ਰਾਮ ਨੇ ਨੇਕ ਸਲਾਹ ਦਿਤੀ। "ਪਹਿਲਾਂ ਬਿੜਕ ਲਓ ਪੂਰੀ।"

"ਚਲੋ ਥੋਡੀ ਮਰਜ਼ੀ." ਮਿਲਖਾ ਸਿੰਘ ਮੰਨ ਗਿਆ, "ਏਮੇ ਸਹੀ।"

ਵਰਿਆਮੇ ਲੰਬੜ ਨੇ ਨਵਾਂ ਰਾਹ ਕੱਢਿਆ, "ਲੈ ਬਈ ਐਂ ਕਰੋ, ਪਹਿਰੇ ਲਾ ਦਿਓ ਚਾਰੇ ਪਾਸੇ-ਕਿਸੇ ਇਕ ਲਈ ਗੱਲ ਨ੍ਹੀਂ ਕਰਨੀ—ਤੇ ਘਰ ਘਰ ਦੀ ਤਲਾਸ਼ੀ ਲਓ..!" ਉਹ ਨਿਰਪੱਖਤਾ ਦੇ ਮਾਨ ਵਿਚ ਬੋਲਿਆ।

"ਬਿਲਕੁਲ ਖਰੀ ਬਾਤ !" ਸ਼ਾਦੀ ਰਾਮ ਨੇ ਹਾਂ ਰਲਾਈ।

ਸਾਰੇ ਸਹਿਮਤ ਹੋ ਗਏ। ਅਮਲੀ ਨੇ ਮੁੱਛ ਨੂੰ ਵਟ ਦੇ ਕੇ ਆਖਿਆ, "ਉਹਦੇ ਕੋਠੇ ਉਤੇ ਪਹਿਰਾ ਮੈਂ ਦਊਂਗਾ." ਤੇ ਉਹਨੇ ਕਚੀਚੀ ਨਾਲ ਧਰਤੀ ਉਤੇ ਸੋਟੀ ਠੋਕ ਦਿਤੀ।

"ਤਲਾਸ਼ੀ--ਘਰ ਘਰ ਦੀ ਤਲਾਸ਼ੀ !" ਗੱਲ ਘਰ ਘਰ ਖਿੰਡ ਗਈ।

ਅੱਧੀ ਰਾਤ ਟੁੱਟ ਚੁੱਕੀ ਸੀ। ਸਾਰੇ ਗੱਭਰੂਆਂ ਨੇ ਥਾਓਂ ਥਾਈ ਪਹਿਰੇ ਲਾ ਲਏ। ਮਿਲਖਾ ਸਿਹੁੰ ਅਮਲੀ ਵਰਿਆਮੇ ਲੰਬੜ ਨੂੰ ਲੈ ਕੇ ਆਪਣੇ ਘਰ ਗਿਆ। ਵਿਹੜੇ ਵਿਚੋਂ ਘੋੜੀ ਚੜ੍ਹਿਆ ਤੇ ਪਿਛੇ ਆਪਣੇ ਕੋਠੇ ਨਾਲ ਲਗਦੇ ਇਕ ਹੋਰ ਕੋਠੇ ਉਤੇ ਉਹ ਮੋਘੇ ਕੋਲ ਜਾ ਖਲੋਏ।

ਛੱਤ ਉਤੇ ਬਿੜਕ ਸੁਣ ਕੇ ਥਲਿਓਂ ਇਕ ਤਿੱਖੀ ਜਨਾਨੀ ਦੀ ਵਾਜ ਆਈ, "ਕਿਹੜੈ ਵੇ...?"

ਅਮਲੀ ਨੇ ਲੰਬੜ ਨੂੰ ਕੂਹਣੀ ਮਾਰ ਕੇ ਜਚਾਇਆ ਤੇ ਫੇਰ ਉਹ ਉਸ ਕੋਠੇ ਤੋਂ ਹਟ ਕੇ ਉਰੇ ਬਨੇਰੇ ਉਤੇ ਆ ਖਲੋਏ ਤੇ ਹੌਲੀ ਜੇਹੀ ਕੋਈ ਸਲਾਹ ਬਣਾਈ।

ਲੰਬੜ, ਅਮਲੀ ਦੇ ਕੋਠੇ ਉਤੇ ਪਈ ਮੰਜੀ ਉਤੇ ਟੇਢਾ ਹੋ ਗਿਆ ਤੇ ਅਮਲੀ ਉਸੇ ਕੋਠੇ ਉਤੇ ਮੋਘੇ ਦੀ ਵੱਟ ਨਾਲ ਕੰਨ ਲਾ ਕੇ ਭੁੰਜੇ ਲੇਟ ਗਿਆ। ਡਾਂਗਾਂ ਦੋਹਾਂ ਦੀਆਂ ਤਿਆਰ ਬਰ ਤਿਆਰ ਸਨ ਚੁਪ ਚਾਪ ਪਿੰਡ ਉਤੇ ਕਾਲੀ ਭਿਆਨਕ ਰਾਤ ਸਾਂ ਸਾਂ ਕਰ ਰਹੀ ਸੀ।

ਕਿੰਨਾ ਚਿਰ ਅਮਲੀ ਤੇ ਵਰਿਆਮਾ ਆਪੋ ਆਪਣੇ ਥਾਂ ਜਾਗਦੇ ਰਹੇ ਤੇ ਫਿਰ ਸ਼ਾਇਦ ਦੋਹਾਂ ਦੀ ਹੀ ਅੱਖ ਲੱਗ ਗਈ।

ਅੱਧਾ ਪਹਿਰ ਬੀਤਿਆ ਹੋਇਆ ਕਿ ਅੱਭੜ ਕੇ ਅਮਲੀ ਦੀ ਅੱਖ ਖੁਲ੍ਹ ਗਈ। ਉਹਨੂੰ ਜਾਪਿਆ ਜਿਵੇਂ ਉਹਦੇ ਘਰ ਦੇ ਪਿਛੇ ਬਾਰੀਆਂ ਦੇ ਖੋਲੇ ਵਿਚ ਪਏ ਚਰ੍ਹੀ ਅਤੇ ਟਾਢਿਆਂ ਦੇ ਭਾਰਾਂ ਵਿਚ ਖੜਕਾ ਹੋਇਆ ਹੈ ! ਉਹ ਉਠਕੇ ਚੇਤੰਨ ਹੋ ਗਿਆ ਤੇ ਬਨੇਰੇ ਕੋਲ ਜਾ ਕੇ ਵਾਜ ਮਾਰੀ, "ਨਾਹਰਿਆ...?"

"ਉ..." ਇਕ ਨ੍ਹਿਮੀ ਜੇਹੀ ਡਰੀ ਸਹਿਮੀ ਵਾਜ ਆਈ। ਉਹਨੇ ਕਾਹਲੀ ਨਾਲ ਵਰਿਆਮੇ ਨੂੰ ਜਾ ਝੂਣਿਆ, "ਉਠ ਲੰਬੜਾ !"

ਵਰਿਆਮਾ ਡਾਂਗ ਨੂੰ ਸਾਂਭਦਾ ਉਠ ਖਲੋਇਆ। ਅਮਲੀ ਛੇਤੀ ਕਰਦਾ ਬੋਲਿਆ "ਬੱਤੀ ਕਰ ਲਾਲਟੈਣ ਦੀ ਉੱਚੀ ਮੈਨੂੰ ਖੋਲੇ ਵਿਚ ਸ਼ੱਕ ਪਈ ਐ !"

"ਹਲਾ...!" ਵਰਿਆਮੇ ਨੇ ਲਾਲਟੈਣ ਦੀ ਬੱਤੀ ਉਚੀ ਕਰ ਦਿਤੀ।

ਕੋਠੇ ਉਤੇ ਚਾਨਣ ਹੁੰਦੀ ਸਾਰ ਦਰਵਾਜੇ ਵਲੋਂ ਹੋਕਾ ਆਇਆ, "ਕਿਓਂ ਬਈ ਸੁੱਖ ਐ!"

"ਖੜਾ, ਦੱਸਦੇ ਆਂ ਹੁਣੇ ਥੋੜੀ ਧੀਰਜ ਕਰੋ...!" ਅਮਲੀ ਨੇ ਮੂੰ ਅੱਗੇ ਹੱਥਾਂ ਦਾ ਘੁੱਗੂ ਬਣਾ ਕੇ ਦਰਵਾਜੇ ਵਲ ਹੋਕੇ ਜੁਆਬ ਦਿਤਾ।

"ਕਰ ਲੰਬੜਾ ਜਰਾ ਲਾਲਟੈਣ ਸੂਤ ਬਈ" ਅਮਲੀ ਬਨੇਰੇ ਉਤੇ ਬੈਠਾ ਖੋਲੇ ਵਿਚ ਅੱਖਾਂ ਪਾੜ ਪਾੜ ਤੱਕ ਰਿਹਾ ਸੀ।

ਵਰਿਆਮਾ ਲਾਲਟੈਣ ਸੁਆਰ ਕੇ ਬਨੇਰੇ ਉਤੇ ਬਹਿ ਗਿਆ। ਚਰ੍ਹੀ ਦੇ ਛੋਰ ਅਤੇ ਖੋਲੇ ਦੀ ਕੰਧ ਵਿਚਾਲੇ ਝੀਥ ਵਿਚ ਚਾਨਣ ਭਰ ਗਿਆ। ਅਮਲੀ ਨੀਝ ਗੱਡ ਕੇ ਝੀਥ ਵਿਚ ਝਾਕਿਆ ਤੇ ਭਰੋਸੇ ਭਰੀ ਵਾਜ ਨਾਲ ਬੋਲਿਆ, ਪੁਤ ਨਾਹਰ ?"

ਹੇਠਾਂ, ਟਾਂਡਿਆਂ ਉਤੇ ਕੁਝ ਹਿਲਿਆ ਤੇ ਫੇਰ ਦੋ ਅੱਖਾਂ ਚਮਕ ਪਈਆਂ।

"ਬਸ ਮੈਂ ਆਇਆ ਮੱਲ !" ਅਮਲੀ ਨੇ ਆਖਿਆ, "ਲੈ ਬਈ ਲੰਬੜਾ, ਫਤਹਿ ਹੋ ਗੀ ਆਪਣੀ--ਤੂੰ ਲਾਲਟੈਣ ਫੜੀ ਰੱਖ, ਮੈਂ ਜਾਨਾ ਥਲੇ..." ਕਹਿੰਦਿਆਂ ਮਿਲਖਾ ਸਿਹੁੰ ਨੇ ਖੋਲੇ ਵਿਚ ਛਾਲ ਮਾਰ ਦਿਤੀ। ਚਰ੍ਹੀ ਦੇ ਕੁਲ ਭਾਰ ਪਰੇ ਹਟਾਏ ਤੇ ਤਿੰਘੜ ਝੀਥ ਵਿਚੋਂ ਮੁੰਡੇ ਨੂੰ ਕੱਢ ਲਿਆ।

"ਲੰਬੜਾ ਦੇਹ ਲਲਕਾਰਾ !" ਉਹਨੇ ਜਿੱਤ ਦੇ ਮਾਣ ਵਿਚ ਕਿਹਾ।

ਵਰਿਆਮੇ ਲੰਬੜ ਨੇ ਖ਼ੁਸ਼ੀ ਨਾਲ ਝੱਲਾ ਹੋ ਕੇ ਟਿਕੀ ਰਾਤ ਵਿਚ ਲਲਕਾਰਾ ਮਾਰਿਆ, "ਲੈ ਬਈ ਮੁੰਡਾ ਥਿਆ ਗਿਆ ਲੋਕੋ! ਮੁੰਡਾ ਸਹੀ ਸਲਾਮਤ ਜੀਉਂਦਾ!" ਵਰਿਆਮੇ ਦੀ ਵਾਜ ਕਾਲੀ ਰਾਤ ਵਿਚ ਲੁਕੇ ਪਿੰਡ ਉਤੇ ਗੂੰਜ ਗਈ।

"ਲੈ ਬਈ, ਖੇੜੇ ਦੀ ਲਾਲੀ ਰਖ ਲੀ ਬ੍ਹਾਗਰੂ ਨੇ !"

"ਸ਼ਾਬਸ਼ੇ ਪਿੰਡ ਦੇ !"

"ਪ੍ਰੇਮ ਸਿਆਂਹ, ਬਧਾਈਆਂ ਬਈ ਤੈਨੂੰ !"

"ਬਧਾਈਆਂ ਨੀਂ ਬਹੂ ਸਰਜੀਤ ਕੁਰੇ !"

"ਅੰਮਾਂ ਪਰਭੀਏ, ਬਧਾਈਆਂ..!" ਆਦਮੀਆਂ ਤੇ ਤੀਵੀਆਂ ਦੀਆਂ ਰਲੀਆਂ ਮਿਲੀਆਂ ਵਾਜਾਂ ਗਲੀਆਂ ਵਿਹੜਿਆਂ ਵਿਚੋਂ ਉਠ ਪਈਆਂ। ਲੋਕ ਚਾਓ ਤੇ ਖ਼ੁਸ਼ੀ ਵਿਚ ਅੰਨ੍ਹੇ ਹੋਏ, ਕੋਠੇ ਉਤੇ, ਉਹਨਾਂ ਵਲ ਨੂੰ ਭਜ ਤੁਰੇ ਸਨ।

"ਖੇੜੇ ਨੂੰ ਬਧਾਈਆਂ ਜੀ, ਖੇੜੇ ਨੂੰ ਇ ਬਧਾਈਆਂ !" ਸੁਰਜੀਤ ਕੌਰ ਪੁਤ ਨੂੰ ਹਿੱਕ ਨਾਲ ਘੁਟਦੀ, ਮਮਤਾ ਦੇ ਹੰਝੂਆਂ ਵਿਚੋਂ ਕੌਲ ਕੌਲ ਖਿੜਦੀ ਬੋਲੀ।

"ਨੱਗਰ ਨੂੰ ਬਧਾਈਆਂ ਮ੍ਹਾਰਾਜ.. ਮੈਂ ਨੱਗਰ ਦਾ ਦੇਣਦਾਰ।" ਪ੍ਰੇਮ ਲੋਕਾਂ ਦੀ ਮਿਹਰ ਨਾਲ ਦੱਬਿਆ ਪਿਆ ਸੀ।

"ਸ਼ੁਕਰ ਐ ਮਾਲਕਾ ਤੂੰ ਬੜਾ ਬੇਅੰਤ ਐਂ..." ਰੌਣਕ ਰਾਮ ਪੰਡਤ ਦਾ ਲੂੰ ਲੂੰ ਪ੍ਰਸੰਨ ਸੀ।

"ਜਿਸ ਨੂੰ ਰਖੇ ਸਾਈਆਂ..." ਸ਼ਾਦੀ ਰਾਮ ਹੋਣੀ ਦੀ ਕਿਰਪਾ ਨੂੰ ਸਲਾਹੁੰਦਾ ਖੀਵਾ ਹੋ ਗਿਆ।

ਸੁਰਜੀਤ ਕੁਰ ਨੇ ਮੁੰਡਾ ਸੱਸ ਨੂੰ ਫੜਾ ਦਿੱਤਾ। ਪੋਤੇ ਨੂੰ ਬੁੱਕਲ ਵਿਚ ਘੁਟ ਕੇ ਉਹ ਹਰੀ ਹੋ ਗਈ।

ਕੋਠਿਆਂ ਉਤੇ ਢਕੋ ਢਕੀ ਲੋਕ ਖੜੇ ਸਨ। ਵਰਿਆਮੇ ਨੇ ਆਖਿਆ, "ਚਲੋ ਭਾਈ ਦਰਵਾਜੇ ਨੂੰ ਸਾਰੇ, ਐਮੇ ਕਿਸੇ ਦਾ ਕੋਠਾ ਡਿਗ ਪੂ—ਓਥੇ ਪੁਛਾਂਗੇ ਸਾਰੀ ਕਹਾਣੀ ਮੁੰਡੇ ਤੋਂ !"

ਜਿੱਤ ਦੀ ਖੁਸ਼ੀ ਵਿਚ ਹਲੂਣੇ ਸਭ ਦਰਵਾਜੇ ਵਲ ਨੂੰ ਤੁਰ ਪਏ। ਸਾਰਾ ਪਿੰਡ ਮਾਣ ਤੇ ਪ੍ਰਸੰਨਤਾ ਨਾਲ ਸਰੂਰਿਆ ਪਿਆ ਸੀ। ਦਰਵਾਜੇ ਪੁਜ ਕੇ ਮਿਲਖਾ ਸਿਹੁੰ ਅਮਲੀ ਨੇ ਕਿਹਾ, "ਲੈ ਬਈ ਬਹਿ ਜਾਓ ਸਾਰੇ ਨੀਹਚੋਂ ਕਰਕੇ, ਮੁੰਡੇ ਤੋਂ ਪੁਛ ਲਈਏ, ਕਿਵੇਂ ਹੋਈ ਇਹਦੇ ਨਾਲ।"

“ਹਾਂ, ਰੌਲਾ ਬੰਦ ਕਰ ਦੋ ਭਾਈ ਸੁਣੋ ਸਾਰੇ..!" ਪੰਡਤ ਰੌਣਕ ਰਾਮ ਨੇ ਪੰਜਾ ਹਿਲਾਇਆ।

ਆਦਮੀ ਤੇ ਤੀਵੀਆਂ ਸਾਰੇ ਥਾਓਂ ਥਾਈਂ ਬਹਿ ਗਏ। ਮੁੰਡਾ ਡਰਿਆ ਘਬਰਾਇਆ ਅਮਲੀ ਦੇ ਮੋਢੇ ਲੱਗਿਆ ਸਾਰਿਆਂ ਵਲ ਬਿਟ ਬਿਟ ਦੇਖ ਰਿਹਾ ਸੀ।

"ਅੱਛਾ ਪੁਤ ਨਾਹਰ, ਤੈਨੂੰ ਕੀਹਨੇ ਫੜ ਲਿਆ ਸੀ ?" ਅਮਲੀ ਨੇ ਲਡਿਆ ਕੇ ਪੁਛਿਆ।

ਪੀਤੋ ਨੇ ਲਾਲਟੈਣ ਦਾ ਚਾਨਣ ਠੀਕ ਤਰ੍ਹਾਂ ਮੁੰਡੇ ਦੇ ਮੂੰਹ ਵਲ ਕਰ ਦਿਤਾ। ਏਨੇ ਲੋਕਾਂ ਨੂੰ ਆਲੇ ਦੁਆਲੇ ਦੇਖ ਕੇ ਮੋਹ, ਹੌਲ ਤੇ ਅਚੰਭੇ ਨਾਲ ਮੁੰਡਾ ਮਨ ਭਰ ਆਇਆ। ਉਹਦੇ ਬੁਲ੍ਹ ਫਰਕੇ, ਢਿਲਕੇ ਤੇ ਉਹਦਾ ਰੋਣ ਨਿਕਲ ਗਿਆ।

“ਨਾ ਮੇਰਾ ਪੁਤ, ਰੋਨਾ ਕਿਉਂ ਐਂ ?” ਰੌਣਕ ਰਾਮ ਨੇ ਪੁਚਕਾਰ ਕੇ ਆਖਿਆ, “ਹੁਣ ਤਾਂ ਤੂੰ ਸਾਡੇ ਕੋਲ ਐ...ਆਹ ਦੇਖ ਤੇਰੀ ਬੇਬੇ..."

"ਦੱਸ ਮੇਰਾ ਮੱਲ, ਸ਼ਾਬਾਸ਼ੇ, ਬੜਾ ਸ਼ੇਰ ਐ...!" ਪ੍ਰੇਮ ਨੇ ਥਾਪੀ ਦਿਤੀ।

"ਭਾਈ ਡਰਿਆ ਹੋਇਐ ਬੂਜਾ..." ਇਕ ਬੁਢੀ ਮਾਈ ਬੋਲੀ।

“ਨਾ—ਇਹ ਕਾਹਨੂੰ ਡਰਦੈ-ਇਹ ਤਾਂ ਸ਼ੇਰ ਐ ਬੱਗਾ—ਮੇਰਾ ਸਾਊ ਪੁਤ। ਦੱਸ ਦੇਹ ਬਈ ਨਾਹਰਿਆ ਸਾਰੀ ਗੱਲ...!" ਮਿਲਖਾ ਸਿਹੁੰ ਅਮਲੀ ਨੇ ਪੁਚਕਾਰਿਆ, "ਬੋਲ ਮੇਰਾ ਪੁੱਤ, ਚਿਰ ਨਾ ਲਾ, ਤੈਨੂੰ ਕੋਈ ਕੁਛ ਨੀ ਕਹਿੰਦਾ—ਆਪਾਂ ਸਾਲੇ ਨੂੰ ਬੱਡ ਦਾ ਗੇ, ਜਿਹੜਾ ਤੈਨੂੰ ਕੁਛ ਕਹੂ।”

ਮੰਡਾ ਕੁਝ ਧਿਜ ਗਿਆ ਤੇ ਦੱਸਣ ਲਈ ਤਿਆਰ ਹੋ ਗਿਆ।

"ਦੱਸ ਦੇਹ ਮੇਰਾ ਚੰਦ" ਮਾਂ ਨੇ ਹੰਧਾ ਲਾਇਆ।

"ਬੋਲ ਮੇਰੀ ਡੱਡ" ਦਾਦੀ ਨੇ ਆਖਿਆ, "ਦੱਸ ਦੇਹ ਆਪਣੇ ਤਾਏ ਨੂੰ ਸਾਰੀ ਗੱਲ ਜਿਵੇਂ ਪੁਛਦੈ।"

'ਲੈ ਬਈ ਚੁੱਪ ਕਰੋ ਸਾਰੇ " ਅਮਲੀ ਬੋਲਿਆ, "ਦੱਸਣ ਲਗਿਐ ਮੇਰਾ ਸਾਊ—ਹਾਂ ਬਈ !"

ਮੁੰਡੇ ਨੇ ਧਰਤੀ ਵਲ ਤੱਕਦਿਆਂ ਹੌਲੀ ਜੇਹੀ ਆਖਿਆ, "ਅਸੀਂ ਕਨਾ ਖੇਲ੍ਹਦੇ ਸੀ..."

"ਦਰਬਾਜੇ ਦੇ ਬਾਹਰ—ਚੌਂਤਰੇ ਕੋਲ.."

"ਕੌਣ ਕੌਣ ?"

"ਕਿੰਨੇ ਸਾਰੇ—ਨਾਲੇ ਜੈਲੂ ਬੀ..."

"ਫੇਰ ਬਈਆ...?" ਅਮਲੀ ਮੁੰਡੇ ਨੂੰ ਪਲੋਸ ਕੇ ਪੂਰੀ ਗੱਲ ਘੋਖ ਰਿਹਾ ਸੀ।

ਮੁੰਡੇ ਨੇ ਝਕ ਕੇ ਆਖਿਆ, "ਫੇਰ ਕਨਾ ਜੰਲੂ ਦੀ ਚਾਚੀ ਆ ਗੀ..."

"ਐਥੇ ਰੱਖ !" ਅਮਲੀ ਉੱਭਰ ਕੇ ਬੋਲਿਆ, "ਕਿਉਂ ਦਾਦਾ ?"

"ਆਹੋ !" ਰੌਣਕ ਰਾਮ ਨੇ ਉਹਦੇ ਸੱਚੇ ਹੋਣ ਦੀ ਹਾਂ ਭਰੀ।

ਜੈਲੂ ਦੀ ਚਾਚੀ, ਮੁਖਤਿਆਰੋ, ਹਜੂਰੇ ਭੰਗ ਦੀ ਤੀਵੀਂ ਸੀ, ਜਿਸ ਯਾਰੀਆਂ ਪੁਗਾਉਂਦੀ ਨੇ ਹੱਥੀਂ ਖਸਮ ਨੂੰ ਜ਼ਹਿਰ ਦੇ ਕੇ ਦਿਓਰ ਨਾਲ ਚਾਦਰ ਪਾਈ, ਤੇ ਹੁਣ ਉਸ ਤੋਂ ਵੀ ਛੁੱਟੜ ਹੋਣ ਨੂੰ ਫਿਰਦੀ ਸੀ—ਛਟੀ ਹੋਈ, ਬਦਕਾਰ।

"ਹਾਂ ਬਈ, ਫੇਰ...? ਦੱਸੀ ਚੱਲ ਆਪੇ" ਅਮਲੀ ਨੇ ਟੋਰਾ ਲਾਇਆ।

"ਫੇਰ ਸਾਨੂੰ ਉਹ ਕਹਿੰਦੀ, ਆਓ ਥੋਨੂੰ ਲੱਡੂ ਦਮਾਂ..!''

'ਪਾਪਣੇ, ਪਾਪਣੇ, ਵਰਗਲਾ ਲਿਆ ਨਿਆਣੇ ਨੂੰ ?" ਇਕ ਤੀਵੀਂ ਘਿਰਣਾ ਨਾਲ ਬੋਲ ਪਈ।

"ਸੁਣੋ ਭਾਈ ਸਾਰੀ ਗੱਲ- ਬੋਲੋ ਨਾ ਵਿਚ !" ਪੰਡਤ ਸ਼ਾਦੀ ਰਾਮ ਨੇ ਹੱਥ ਹਿਲਾਇਆ।

ਮੁੰਡਾ ਹੁਣ ਪੁਟ ਪੁਟ ਆਪੇ ਦੱਸਣ ਲੱਗਾ, "ਫੇਰ ਸਾਨੂੰ ਉਹ ਘਰ ਲੈ ਗੀ—ਜੈਲੂ ਬੀ, ਮੈਂ ਬੀ—ਫੇਰ ਮੈਨੂੰ ਕੱਲੇ ਨੂੰ ਕੋਠੜੀ 'ਚ ਲੈ ਗੀ। ਮੈਂ ਰੋ ਪਿਆ—ਫੇਰ ਉਹਨੇ ਮੇਰੇ ਮੂੰਹ 'ਚ ਕਪੜਾ ਦੇ ਤਾਂ... ਨਾਲੇ ਗੰਡਾਸਾ ਦਖਾਇਆ—ਕਹਿੰਦੀ ਬੱਢ ਦੂੰ, ਜੇ ਰੋਇਆ..." ਮੁੰਡਾ ਡਰ ਨਾਲ ਚੀਕ ਕੇ ਫੇਰ ਰੋਣ ਲੱਗ ਪਿਆ।

"ਹੈ ਹੈ ਨੀ ਦੋਸੀਏ ਹੋਈਏ ?" ਇਕ ਤੀਵੀਂ ਦੀਆਂ ਆਂਦਰਾਂ ਲੁਛ ਗਈਆਂ।

"ਬੱਸ ਕਾਕਾ ਬੱਸ, ਰੋ ਨਾ, ਹੁਣ ਤਾਂ ਆਪਾਂ ਉਹਨੂੰ ਕੁੱਟਾਂਗੇ, ਤੂੰ ਗੱਲ ਦੱਸ?" ਵਰਿਆਮੇ ਨੇ ਮੁੰਡੇ ਨੂੰ ਵਿਰਾਇਆ।

ਮੁੰਡਾ ਡੁਸਕਾਰਿਆਂ ਵਿਚ ਕਹਿਣ ਲਗਾ, "ਫੇਰ ਉਹਨੇ ਟੋਆ ਪੱਟ ਲਿਆ... !"

"ਰਾਮ, ਰਾਮ... !" ਸ਼ਾਦੀ ਰਾਮ ਦਾ ਦਿਲ ਕੰਬਿਆ।

"ਚਾੜ ਓਏ ਗੰਡਾਸੀ ਲੰਬੜਾ, ਕਰੀਏ ਸਾਲੀ ਦੇ ਡੱਕਰੇ!" ਅਮਲੀ ਨੂੰ ਤਰਾਰਾ ਆ ਗਿਆ।"

"ਬਈ ਗੱਲ ਸੁਣੋ ਮਿਲਖਾ ਸਿਆਹ ਪਹਿਲਾਂ ਸਾਰੀ-ਘਾਬਰੋ ਨਾ ਹਾਲੇ !" ਰੌਣਕ ਰਾਮ ਨੇ ਟੋਕਿਆ।

"ਫੇਰ ਕੀ ਹੋਇਆ ਬਈ...?" ਪੀਤੋ ਨੇ ਪੁੱ ਛਿਆ।

ਮੁੰਡਾ ਦੱਸਣ ਲਗਾ, "ਫੇਰ ਓਹਨੇ ਲੱਕੜੀਆਂ ਲਿਆਂਦੀਆਂ, ਉਤੇ ਮਿੱਟੀ ਦਾ ਤੇਲ ਪਾ ਦਿੱਤਾ।"

"ਹੀਂਹ... ਹੈ ਹੈ ਨੀਂ ਦੁਸ਼ਟਣੀਏਂ !" ਕਈ ਤੀਵੀਆਂ ਹੌਲ ਗਈਆਂ।

"ਕਾਲੇ ਮੂੰਹ ਵਾਲੀਏ, ਤੇਰਾ ਕਿਥੇ ਭਲਾ ਹੋਊ !" ਮਾਈ ਪਰਭੀ ਨੇ ਦੁਰਅਸੀਸ ਦਿੱਤੀ।

"ਮਾੜੇ ਨੂੰ ਕੁਛ ਨੀਂ ਹੁੰਦਾ ਚਾਚੀ-ਭਲੇ ਨੂੰ ਇ ਮਾਰ ਐ ਜੱਗ 'ਚ !" ਸਮਿਆਂ ਤੋਂ ਪਾਪ ਦੀ ਗੁੱਡੀ ਚੜ੍ਹੀ ਰਹਿਣ ਕਰਕੇ ਰੌਣਕ ਰਾਮ ਨੇ ਗਿਲੇ ਵਜੋਂ ਆਖਿਆ।

'ਫੇਰ ਕਾਕਾ?" ਅਮਲੀ ਨੇ ਗੱਲ ਨੂੰ ਰੋਲੇ ਚੋਂ ਕੱਢਿਆ।

'"ਫੇਰ ਕਨਾ..." ਮੁੰਡਾ ਕਹਿਣ ਲੱਗਾ, "ਜੈਲੂ ਦਾ ਚਾਚਾ ਆ ਗਿਆ—ਉਹ ਲੜ ਪਿਆ ਉਹਦੇ ਨਾਲ...।"

"ਹੂੰ.. ਹੂੰ, ਡਰ ਗੇ ਲੋਕਾ ਦਾ ਰੌਲਾ ਗੋਲਾ ਸੁਣਕੇ !" ਕਿਸੇ ਨੇ ਆਖਿਆ।

"ਫੇਰ?"

"ਫੇਰ ਮੈਨੂੰ ਛੱਤ ਤੋਂ ਸਿਟ ਦਿਤਾ ਵਿਹੜੇ 'ਚ...ਰਾਤ ਨੂੰ... ਤੇ ਉਹਨੇ ਬੁਲ੍ਹ ਜਿਹਾ ਟੇਰ ਕੇ ਆਖਿਆ, "ਲੱਡੂ ਪਰ ਮੈਨੂੰ ਦਿਤਾ ਈ ਨਾ !"

"ਰੋਂਦਾ ਲੱਡੂਆਂ ਨੂੰ !" ਹੌਲੇ ਹੋਏ ਦਿਲ ਨਾਲ ਸਾਰੇ ਥੋੜਾ ਜਿਹਾ ਹਸ ਪਏ।

ਅਮਲੀ ਨੇ ਵਟ ਖਾ ਕੇ ਆਖਿਆ, "ਦੋ ਮੁੰਡੇ ਚਲੋ ਮੇਰੇ ਨਾਲ, ਉਹਨੂੰ ਕੰਜਰੀ ਨੂੰ ਲਿਆਈਏ ਐਥੇ ਧੂਹ ਕੇ—ਇਹਨੂੰ ਨਿਆਣੇ ਨੂੰ ਕੀ ਪੁਛਣੈ--ਗੁਤ ਨੂੰ ਵਲ ਦੇ ਕੇ ਉਸੇ ਤੋਂ ਪੁਛੀਏ ਸਾਰੀ ਗੱਲ...!"

'ਨਾ ਫੇਰ ਗੱਲ ਤਾਂ ਠੀਕ ਐ ਮਿਲਖਾ ਸਿਹੁੰ ਦੀ—ਉਹਨੂੰ ਲਿਆਓ ਤਾਂ ਫੜ ਕੇ ਦਰਵਾਜੇ।' ਕਿਸੇ ਨੇ ਆਖਿਆ।

ਗੁੱਸੇ ਨਾਲ ਭਰੇ ਤਿੰਨ ਚਾਰ ਜਣੇ ਅਮਲੀ ਨਾਲ ਤੁਰ ਪਏ ਤੇ ਮੁੜਦੇ ਪੈਰੀਂ ਹਨੇਰੇ ਵਿਚ ਧੂਹ ਘੜੀਸ ਕਰਦੇ ਹਜੂਰੇ ਦੀ ਮਖਤਿਆਰੋ ਨੂੰ ਲੈ ਆਏ। ਦੂਰੋਂ ਹੀ ਆਉਂਦੀ ਨੂੰ ਦੇਖ ਕੇ ਪਰ੍ਹੇ ਵਿਚੋਂ ਵਾਜਾਂ ਉਠੀਆਂ, "ਦੁਰ ਫਿਟੇ ਮੂੰਹ.."

' ਤੇਰਾ ਕਾਲਾ ਮੂੰਹ, ਨੀਲੇ ਪੈਰ, ਕਮਜਾਤੇ !"

ਕਾਲਾ ਧੂਸ ਰੰਗ, ਮੂੰਹ ਉਤੇ ਮਾਤਾ ਦੇ ਦਾਗ, ਖਚਰ੍ਹੀਆਂ ਅੱਖਾਂ, ਲੰਮਾ ਨੱਕ ਠਿੰਗਣਾ ਕੱਦ ਤੇ ਲਾਲਟੈਣ ਦੇ ਚਾਨਣ ਵਿਚ ਚਮਚਦੇ ਚਿਟੇ ਡੋਲੇ-ਹਜੂਰੇ ਭੈਂਗੇ ਦੀ ਛੁੱਟੜ ਰੰਨ ਪਾਣੀ ਪਾਣੀ ਹੋਈ ਸੱਥ ਅਗੇ ਖੜੀ ਸੀ।

"ਦੱਸ ਨੀ ਹਰਮਜਾਦੀਏ ਕੀ ਕਾਰਾ ਕਰਨ ਲੱਗੀ ਸੀ ?" ਕਿਸੇ ਆਖਿਆ।

“ਸੱਚੋ ਸੱਚ ਬੋਲੀਂ ਫੱਫਾ ਕੁਟਣੀਏਂ !" ਕੋਈ ਹੋਰ ਬੋਲਿਆ।

ਉਹ ਨੀਵੀਂ ਪਾਈ ਮੂੰਹੋਂ ਕੁਝ ਨਾ ਬੋਲੀ।

"ਐਂ ਨ੍ਹੀ ਬੋਲਣਾ ਇਹਨੇ ਕੁਪੱਤੀ ਨੇ—ਗੁੱਤ ਨੂੰ ਵਲ ਦੇਹ ਓਏ ਪੀਤੋ ਇਹਦੀ...!"

“ਹੁਣ ਰੰਡੀ ਬੋਲਦੀ ਨ੍ਹੀ ਖਸਮ ਨੂੰ ਖਾਣੀ, ਉਂ ਬਥੇਰਾ ਮੂੰਹ ਪਾਟਿਐ ਬਘਿਆੜੀ ਦਾ ਲੋਕਾਂ ਨਾਲ ਲੜਨ ਨੂੰ !" ਸੁਰਜੀਤ ਨੇ ਪੁੱਤ ਦੇ ਜੀਉਂਦੇ ਹੋਣ ਦੀ ਚੰਨ ਵਿਚੋਂ ਗੁੱਸੇ ਨਾਲ ਆਖਿਆ।

ਪ੍ਰਤੋ ਨੇ ਉਹਦੀ ਗੁੱਤ ਨੂੰ ਕੱਸ ਕੇ ਵਲ ਦੇ ਦਿਤਾ। ਉਹ ਅਜੇ ਵੀ ਨਾ ਬਿਰਕੀ।

ਕਚੀਚੀ ਵਟ ਕੇ ਮਿਲਖਾ ਸਿਹੁੰ ਉਠਿਆ ਤੇ ਉਹਨੇ ਮੁਖਤਿਆਰੋ ਦੇ ਮੂੰਹ ਉਤੇ ਕਸਕੇ ਚੁਪੇੜ ਮਾਰੀ, “ਫੁਟ ਨ੍ਹੀਂ ਮੂੰਹੋਂ, ਸਾਰੇ ਨੱਗਰ ਦਾ ਮੂੰਹ ਕਾਲਾ ਕਰਨ ਲੱਗੀ ਸੀ...!" ਇਕ ਉਸੇ ਤਰ੍ਹਾਂ ਦੂਜੇ ਪਾਸੇ। ਤੀਜੀ ਉਹਨੇ ਚੁਕੀ ਹੀ ਸੀ ਕਿ ਉਹ ਝਟ ਫਿਸ ਪਈ "ਜੀ ਮੈਨੂੰ ਬਖ਼ਸ਼ ਦੋ-ਮੈਥੋਂ ਭੁੱਲ ਹੋ ਗੀ..."

"ਦੱਸ ਫੇਰ ਸੱਚੋ ਸੱਚ...!

ਪਿੰਡ ਦੀ ਪਰਿਹਆ ਵਿਚ ਖਲੋ ਕੇ, ਲੋਕਾਂ ਦੇ ਰੋਹਬ ਹੇਠ, ਉਹ ਮੁੱਕਰ ਨਾ ਸਕੀ। ਉਹਨੇ ਸਾਰੀ ਗੱਲ ਮੰਨ ਕੇ ਦੱਸਿਆ ਕਿ ਮੁੰਡੇ ਨੂੰ ਮਾਰ ਕੇ ਉਹਦੀ ਘਿੰਡੀ ਕੱਢਣੀ ਤੇ ਤਵੀਤ ਮੜ੍ਹਾ ਕੇ ਗਲ ਵਿਚ ਪਾਉਣਾ ਸੀ ਜੋ ਉਹਦੀ ਕੁਖ ਹਰੀ ਹੋ ਜਾਵੇ।

ਸੁਣ ਕੇ ਸਾਰਿਆਂ ਦੇ ਦਿਲ ਕੰਬ ਗਏ। "ਹੈ ਹੈ ਨੀ ਦੋਸੀਏ ਹੋਈਏ, ਮੁੰਡੇ ਏਹਨੀ ਹਾਲੀ ਜੰਮਦੇ ਨੇ...?" ਕਿਸੇ ਮਾਂ ਦੀ ਮਮਤਾ ਫੁੜਕ ਉਠੀ।

“ਤੈਨੂੰ ਦਿਤੀ ਕੀਹਨੇ ਇਹ ਮਤ...?' ਅਮਲੀ ਕੜਕਿਆ।

ਉਹ ਖਿੜਕਦੀ ਹੋਈ ਬੋਲੀ, "ਸਿਆਣੇ ਨੇ ਦੱਸਿਆ ਸੀ, ਨਗਾਹੇ ਆਲੇ ਭਗਤ ਨੇ...।"

"ਜਾਦੂ ਸੋ, ਜੋ ਸਿਰ ਚੜ੍ਹ ਬੋਲੇ" ਅਮਲੀ ਨੇ ਚੱਬ ਕੇ ਆਖਿਆ।

“ਜਾਓ ਬਈ ਚਾਰ ਜਣੇ, ਭਗਤ ਨੂੰ ਲਿਆਓ ਹੁਣੇ ਧੂਹ ਕੇ, ਬੈਠੈ ਸਾਲਾ ਨਗਾਹੇ ਦਾ ਮਹੰਤ ਬਣੀ...!" ਵਰਿਆਮਾ ਲੰਬੜ ਭਖਿਆ।

ਚਾਰ ਪੰਜ ਜਣੇ ਨਗਾਹੇ ਦੀ ਮਾੜੀ ਵਲ ਦੌੜ ਪਏ, ਜੋ ਛਿਪਦੇ ਪਾਸੇ, ਬਾਹਰ ਟੋਭੇ ਕੋਲ, ਪਿੰਡ ਦੀ ਝਿੜੀ ਵਿਚ ਹੀ ਸੀ।

“ਦੱਸੋ ਬਈ ਲੋਕ ਹੁਣ ਸਾਰੇ, ਇਹਦਾ ਕੀ ਅਲਾਜ ਬਣਾਈਏ ?” ਮਹਾਂ ਸਿਹੁੰ ਚਬਾਰੇ ਵਾਲਾ ਤੇ ਵਰਿਆਮਾ ਲੰਬੜ ਬੋਲੇ।

“ਆਪਣੀ ਅਪਣੀ ਰਾਏ ਦੱਸੋ ਭਾਈ ਸਾਰੇ ਜਣੇ।" ਪੰਡਤ ਰੌਣਕ ਰਾਮ ਨੇ ਕਿਹਾ।

ਕਈ ਆਵਾਜਾਂ ਦਾ ਰੋਲਾ ਉਲਝ ਪਿਆ। ਕੋਈ ਆਖੇ, ਇਹਦੀ ਗੁਤ ਮੁੰਨ ਦਿਓ। ਕੋਈ ਆਖੇ, ਇਹਦਾ ਨੱਕ ਵੱਢ, ਕਾਲਾ ਮੂੰਹ ਕਰੋ, ਗਲ ਜੁਤੀਆਂ ਦਾ ਹਾਰ ਪਾਓ ਤੇ ਗਧੇ ਉਤੇ ਚੜ੍ਹਾ ਕੇ ਪਿੰਡ ਵਿਚ ਫੇਰੋ। ਕੋਈ ਆਖੇ, ਠਾਣਾ ਸੱਦੋ। ਕੰਨ ਪਈ ਵਾਜ ਨਾ ਸੀ ਸੁਣਦੀ। ਵਿਚੋਂ ਹੀ ਪੰਡਤ ਸ਼ਾਦੀ ਰਾਮ ਨੇ ਪ੍ਰੇਮ ਨੂੰ ਆਖਿਆ "ਦੱਸ ਭਾਈ ਪ੍ਰੇਮ ਸਿਆਂਹ, ਇਹਨੂੰ ਕੀ ਸਜ਼ਾ ਦੇਈਏ ? ਫੇਰ ਨਾ ਆਖੀਂ...!"

ਰਿਣ ਦੇ ਭਾਰ ਹੇਠ ਪ੍ਰੇਮ ਦਬਿਆ ਪਿਆ ਸੀ, ਭਰੇ ਗਲ ਨਾਲ ਬੋਲਿਆ, “ਮੇਰਾ ਨ੍ਹੀ ਜੀ ਹੱਕ ਦੱਸਣ ਦਾ ਕੋਈ, ਨੱਗਰ ਨੇ ਮੁੰਡੇ ਦੀ ਜਾਨ ਬਚਾਈ ਐ, ਨੱਗਰ ਇ ਕਰੂ ਨਿਆਓਂ—ਚਾਹੇ ਛੱਡੇ, ਚਾਹੇ ਮਾਰੇ—ਮੈਂ ਨੱਗਰ ਦੇ ਮਗਰ ਆਂ।”

ਅਖ਼ੀਰ ਵਿਚੋਂ ਕਿਸੇ ਆਖਿਆ ਕਿ ਇਸ ਤਰ੍ਹਾਂ ਗੱਲ ਨਹੀਂ ਮੁੱਕਣੀ, ਪੰਜ ਆਦਮੀਆਂ ਦੀ ਕਮੇਟੀ ਚੁਣ ਲਓ, ਜੋ ਫੈਸਲਾ ਉਹ ਦੇਣ, ਸਭ ਨੂੰ ਪਰਵਾਨ। ਸਾਰੇ ਇਸ ਸੁਝਾ ਨਾਲ ਸਹਿਮਤ ਹੋ ਗਏ।

ਮਿਲਖਾ ਸਿਹੁੰ ਅਮਲੀ, ਵਰਿਆਮਾ ਲੰਬੜ, ਪੰਡਤ ਰੌਣਕ ਰਾਮ, ਜੀਵਾ ਚਮਿਆਰ ਤੇ ਤੁਲਸੀ ਤਰਖਾਣ ਚੁਣੇ ਗਏ। ਰਾਏ ਸਾਂਝੀ ਕਰਨ ਲਈ ਉਹ ਇਕ ਪਾਸੇ ਹੋ ਗਏ।

ਛੱਜੂ ਗਿਰ ਸਾਧ ਦੇ ਗਲ ਸਾਫ਼ਾ ਪਾ ਕੇ, ਘਸੁੰਨਾਂ ਨਾਲ ਉਹਦੀ ਖੁੰਬ ਠੱਪਦੇ, ਠਗਾਹੇ ਵਲੋਂ ਪੀਤੋ ਹੋਰੀਂ ਆ ਗਏ। ਸਾਧ ਨੂੰ ਦੇਖ ਕੇ ਲੋਕਾਂ ਨੂੰ ਦੂਣਾ ਗੁੱਸਾ ਚੜ੍ਹ ਗਿਆ।

"ਕਿਉਂ ਓਏ ਪੂਪਨਿਆਂ...!" ਮਿਲਖਾ ਸਿਹੁੰ ਅਮਲੀ ਨੇ ਮੁੱਕਾ ਉੱਗਰ ਕੇ ਆਖਿਆ, “ਮਾਰ ਕੇ ਹੂਰਾ ਕੱਢ ਦਾ ਸਾਰੀ ਸਿਆਣਪ ? ਜੇ ਕੱਲੀ ਕੱਲੀ ਜਾੜ੍ਹ ਨਾ ਚੁਗਦਾ ਫਿਰੇਂ ...!"

ਪਰ ਵਰਿਆਮੇ ਲੰਬੜ ਨੇ, ਜੋ ਕਮੇਟੀ ਦਾ ਸਾਂਝਾ ਫੈਸਲਾ ਦੱਸਣ ਲੱਗਾ ਸੀ, ਧੀਰਜ ਨਾਲ ਟੋਕ ਕੇ ਆਖਿਆ, “ਨਹੀਂ ਮਿਲਖਾ ਸਿਆਂਹ-ਆਪਾਂ ਨੇ ਐਂ ਨ੍ਹੀਂ ਕਰਨਾ...।”

ਲੋਕਾਂ ਦੀ ਕਚਹਿਰੀ ਅੱਗੇ ਪਖੰਡੀ ਸਾਧ ਦੀ ਸਾਰੀ ਸਿਆਣਪ ਜਾਂਦੀ ਰਹੀ। ਜਾਨ ਦੀ ਸੁੱਖ ਚਾਹੁਣ ਲਈ ਉਹ ਭਿੱਜੀ ਬਿੱਲੀ ਬਣਿਆ ਖੜ੍ਹਾ ਸੀ। ਤੇ ਫਿਰ ਵਰਿਆਮੇ ਨੇ ਤਾੜ ਕੇ ਸਾਧ ਨੂੰ ਆਖਿਆ, "ਸੁਣ ਓਏ ਗਾੜਿਆ, ਜੇ ਆਦਮੀ ਦਾ ਜਣਿਐਂ ਤਾਂ ਦਿਨ ਚੜ੍ਹ ਤੋਂ ਪਹਿਲਾਂ ਬੰਨਿਓਂ ਬਾਹਰ ਹੋ ਜਾ, ਨਹੀਂ ਤੇਰੇ ਨਾਲ ਉਹ ਬਣੂ, ਜੋ ਖੇਤ ਪਏ ਗਧੇ ਨਾਲ... ਤੇ ਤੂੰ ਨੀ ਛੁੱਟੜ ਕਿਸੇ ਥਾਓਂ ਦੀਏ...! ਉਹਨੇ ਮੁਖਤਿਆਰੋ ਨੂੰ ਉਂਗਲੀ ਨਾਲ ਤਾੜਨਾ ਕੀਤੀ, “ ਖਬਰਦਾਰ ਜੇ ਕਿਸੇ ਦੇ ਅੱਗ ਨੂੰ ਬੀ ਗਈ ਐ...!’

"ਸੁਣ ਲਓ ਭਾਈ ਹੁਣ ਸਾਰੇ, ਲੋਕ.!" ਪੰਡਤ ਰੌਣਕ ਰਾਮ ਗੱਲ ਨੂੰ ਹੋਰ ਸਾਫ਼ ਕਰਨਾ ਚਾਹੁੰਦਾ ਸੀ, “ਕੋਈ ਇਹਨੂੰ ਕੁਲੱਛਣੀ ਨੂੰ ਘੜਿਓਂ ਪਾਣੀ ਨਾ ਲੈਣ ਦੇਵੇ, ਇਹਨੂੰ ਬਿਲਕੁਲ ਛੇਕ ਦਿਓ, ਜਦ ਤਕ ਇਹ ਸਿਧੀ ਨ੍ਹੀਂ ਹੋ ਜਾਂਦੀ।"

ਫ਼ੈਸਲਾ ਸੁਣ ਕੇ ਸਾਰੇ ਪਿੰਡ ਵਿਚ ਖ਼ੁਸ਼ੀ ਦੀ ਲਹਿਰ ਹਿਲ ਗਈ, "ਐਕਣੇ ਹੋਣਾ ਚਾਹੀਦੈ ਏਸ ਡੈਣ ਦੇ ਨਾਲ.!"

ਸਾਰੀ ਰਾਤ ਦੇ ਖਪਾ ਖ਼ੂਨ ਹੋਏ ਲੋਕ, ਠਰੀਆਂ ਹਿੱਕਾਂ ਨਾਲ, ਆਪੋ ਆਪਣੇ ਘਰਾਂ ਵਲ ਤੁਰ ਪਏ। ਤੜਕੇ ਦਾ ਤਾਰਾ ਚੜ੍ਹ ਆਇਆ ਸੀ !

*****

## ਘਰ ਕੀ ਗਹਿਲ

ਮੈਂ ਨਵਾਂ ਨਵਾਂ ਲਿਖਣ ਲੱਗਿਆ ਸੀ।

ਬੜੀ ਰੀਝ ਨਾਲ ਕੋਈ ਕਵਿਤਾ ਜਾਂ ਕਹਾਣੀ ਲਿਖਣੀ ਤੇ ਸਭ ਤੋਂ ਚੋਟੀ ਦੇ ਪਰਚੇ ਨੂੰ ਘਲ ਦੇਣੀ ਤੇ ਮਗਰੇ ਹੀ ਚਿੱਠੀਆਂ ਦੀ ਇਕ ਡਾਰ। ਪਰ ਅਗੋਂ ਕਈ ਮਹੀਨਿਆਂ ਤੱਕ ਪਹੁੰਚ ਦੀ ਵੀ ਚਿੱਠੀ ਨਾ ਆਉਂਦੀ। ਤੇ ਫੇਰ ਕਿਸੇ ਚੰਦਰੇ ਦਿਨ ਐਡੀਟਰ ਦੀ ਬੇ-ਕਿਰਕ ਕਲਮ ਨਾਲ ਕੱਟ ਵੱਢ ਕੀਤਾ ਖਰੜਾ ਵਾਪਸ ਆ ਜਾਂਦਾ ਤੇ ਸਿਰ-ਲੇਖ ਦੇ ਕੋਲ, ਇਕ ਨੁਕਰ ਉਤੇ, ਲਿਖਿਆ ਹੁੰਦਾ, "ਖਿਮਾ ਕਰਨਾ, ਅਸੀਂ ਛਾਪ ਨਹੀਂ ਸਕਾਂਗੇ।"

ਸਪੋਲੀਏ ਵਰਗੀ ਇਸ ਸਤਰ ਨੂੰ ਦੇਖਦੇ ਸਾਰ ਮੈਨੂੰ ਵਿਹੁ ਚੜ੍ਹ ਜਾਂਦੀ। 'ਪੱਕੇ ਬੇਈਮਾਨ ਹੁੰਦੇ ਨੇ ਇਹ ਐਡੀਟਰਾਂ ਦੇ ਬੱਚੇ। ਨਿਰੀਆਂ ਲਿਹਾਜ਼ਾਂ ਪੂਰਦੇ ਨੇ। ਕੰਡੀ ਦੀ ਚੀਜ਼ ਨਾ ਹੋਵੇ, ਆਪਣੇ ਦੋਸਤ ਨੂੰ ਛਾਪਣਗੇ, ਹੋਰ ਕੋਈ ਭਾਵੇਂ ਕਿੰਨੀਓ ਚੰਗੀ ਚੀਜ਼ ਲਿਖੇ...।'

ਵਰ੍ਹਿਆਂ ਬਧੀ ਤਰਲੇ ਲਏ—ਜੇ ਕਿਤੇ ਮੇਰੀਆਂ ਚਾਰ ਸਤਰਾਂ ਹੀ ਛਪ ਜਾਣ-ਕਿੰਨੀਆਂ ਸੁਹਣੀਆਂ ਹੋਣਗੀਆਂ ਮੋਤੀਆਂ ਵਰਗੇ ਗੋਲ ਗੋਲ ਅੱਖਰਾਂ ਦੀਆਂ ਉਹ ਕਾਲੀਆਂ ਲੜੀਆਂ, ਜਿਨ੍ਹਾਂ ਉਤੇ ਮੇਰਾ ਨਾਂ ਸ਼ਾਨ ਨਾਲ ਛੱਪਿਆ ਹੋਵੇਗਾ। ਕਿੰਨੇ ਲੋਕ ਪੜ੍ਹਨਗੇ ! ਪਰ ਮੇਰੀ ਇਹ ਸੱਧਰ ਕਦੇ ਪੂਰੀ ਨਾ ਹੋਈ।

ਕਦੇ ਕਦੇ ਮੈਂ ਸੋਚਦਾ: ਸ਼ਾਇਦ ਐਡੀਟਰ ਲੋਕ ਵੱਡੇ ਤੇ ਪ੍ਰਸਿਧ ਲਿਖਾਰੀ ਨੂੰ ਹੀ ਛਾਪਣਾ ਚਾਹੁੰਦੇ ਹਨ—ਜਿਵੇਂ ਹਰ ਲਿਖਾਰੀ ਚੋਟੀ ਦੇ ਪਰਚੇ ਵਿਚ ਹੀ ਛਪਣਾ ਚਾਹੁੰਦਾ ਹੈ—ਫਿਰ ਖ਼ਿਆਲ ਅਉਂਦਾ: ਜੇ ਛਪਣ ਦਾ ਮੌਕਾ ਮਿਲੇ ਤਾਂ ਹੀ ਲਿਖਾਰੀ ਪ੍ਰਸਿੱਧ ਹੋ ਸਕਦਾ ਹੈ। ਪ੍ਰਸੰਸਾ ਮਿਲੇ, ਦਿਲ ਵਧੀ ਹੋਵੇ...। ਹਾਰ ਕੇ ਜਦੋਂ ਐਡੀਟਰਾਂ ਵਲੋਂ ਮੈਂ ਪੂਰੀ ਤਰ੍ਹਾਂ ਨਿਰਾਸ ਹੋ ਗਿਆ ਤਾਂ ਸੋਚਿਆ: ਚਲੋ, ਆਪਣਾ ਹੀ ਰਿਸਾਲਾ ਕਢੀਏ, ਕੀ ਸਮਝਦੇ ਨੇ ਇਹ ਪਰਚਿਆਂ ਵਾਲੇ। ਹਰ ਕੋਈ ਲੁੰਡੀ ਬੁਚੀ ਨੇ ਪਰਚਾ ਕਢਿਆ ਹੋਇਐ। ਦੋ ਅੱਖਰ ਲਿਖਣੇ ਨਹੀਂ ਆਉਂਦੇ, ਬਣ ਬਹਿੰਦੇ ਨੇ ਚੀਫ-ਐਡੀਟਰ। ਹੁਣ ਇਹਨਾਂ ਦੀ ਹਿੱਕ ਉਤੇ ਮੂੰਗੀ ਦਲਾਂਗੇ—ਜਿਥੇ ਮਰਜ਼ੀ

ਆਪਣੀਆਂ ਚੀਜ਼ਾਂ ਛਾਪਾਂਗੇ ਤੇ ਬਾਹਰ ਟਾਈਟਲ ਉਤੇ ਠੁਕ ਨਾਲ ਐਡੀਟਰ ਕਰਕੇ ਆਪਣਾ ਨਾਂ ਲਿਖਾਂਗੇ।

ਪਰਚਾ ਕੱਢਣ ਦੀ ਲਗਨ ਦਿਨੋ ਦਿਨ ਤਿੱਖੀ ਹੁੰਦੀ ਗਈ। ਤਜਰਬਾ ਕੋਈ ਹੈ ਨਹੀਂ ਸੀ। ਮੈਂ ਤਸਵੀਰ ਦਾ ਇਕੋ ਪਾਸਾ ਦੇਖ ਰਿਹਾ ਸੀ— ਨਾਮਣਾਂ ਤੇ ਸ਼ਾਨ। ਲੋਕ ਐਡੀਟਰ ਸਾਹਿਬ ਕਹਿਣਗੇ। ਕਿਡਾ ਨਾਂ ਹੋਵੇਗਾ। ਤਸਵੀਰ ਦਾ ਦੂਜਾ ਪਾਜਾ ਮੈਂ ਦੇਖਣਾ ਨਹੀਂ ਸੀ ਚਾਹੁੰਦਾ-ਕੌਰਾ ਤੇ ਬੇ-ਰੰਗ ਪਾਸਾ— ਤੇ ਦੂਜੇ ਪਾਸੇ ਦਾ ਜੇ ਕਦੇ ਝਾਉਲਾ ਵੀ ਪੈਂਦਾ ਤਾਂ ਮੈਂ ਝਟ ਆਪਣੇ ਆਪ ਨੂੰ ਧੋਖਾ ਦੇ ਲੈਂਦਾ : "ਬੰਦਾ ਕੀ ਨਹੀਂ ਕਰ ਸਕਦਾ ?"

ਓਦੋਂ ਦੀ ਸੋਝੀ ਅਨੁਸਾਰ ਪਰਚੇ ਦਾ ਬੜਾ ਸੁਹਣਾ ਨਾਂ ਰੱਖਿਆ। ਕੁਝ ਕੁ ਜਾਣੂਆਂ ਤੋਂ ਵਰ੍ਹੇ ਵਰ੍ਹੇ ਦੇ ਪੇਸ਼ਗੀ ਚੰਦੇ ਲੈ ਕੇ ਸੁਹਣੇ ਜਿਹੇ ਚਿੱਠੀਆਂ ਦੇ ਫਾਰਮ ਛਪਵਾਏ। ਕਵੀਆਂ ਤੇ ਲਿਖਾਰੀਆਂ ਨੂੰ ਲਿਖਤਾਂ ਭੇਜਣ ਲਈ ਹੁਬ ਹੁਬ ਕੇ ਚਿਠੀਆਂ ਲਿਖੀਆਂ। ਐਡੀਟਰੀ ਦਾ ਰੁਅਬ ਵੀ ਕਸਿਆ : "ਲਿਖਤਾਂ ਸਾਫ਼, ਅਣਛਪੀਆਂ ਤੇ ਕਾਗਜ਼ ਦੇ ਇਕ ਪਾਸੇ ਲਿਖੀਆਂ ਹੋਣ, ਹਾਸ਼ੀਆ ਛੱਡਿਆ ਹੋਵੇ...।" ਪਰ ਇਹ ਕਦੇ ਨਾ ਸੋਚਿਆ ਕਿ ਏਨੇ ਵੱਡੇ ਕੰਮ ਨੂੰ ਸਫਲ ਕਰਨ ਲਈ ਕਿੰਨਾ ਸਰਮਾਇਆ ਚਾਹੀਦਾ ਹੈ, ਤੇ ਉਹ ਆਵੇਗਾ ਕਿਥੋਂ।

ਮੇਰੇ ਜਾਣੂਆਂ ਦੇ ਘੇਰੇ ਵਿਚ ਪਰਚਾ ਕੱਢਣ ਦੀ ਖ਼ਬਰ ਪਰ ਲਾ ਕੇ ਉਡ ਗਈ। ਕਈ ਮਿੱਤਰਾਂ ਵਲੋਂ, ਜਿਹੜੇ ਮੈਥੋਂ ਵੀ ਚਾਰ ਚੰਦੇ ਵਧ ਸਨ, ਵਧਾਈਆਂ ਦੀਆਂ ਚਿੱਠੀਆਂ ਆਉਣ ਲੱਗੀਆਂ। ਚੜ੍ਹ ਜਾਂ ਬੱਚਾ ਸੂਲੀ, ਰਾਮ ਭਲੀ ਕਰੂ — ਉਹਨਾਂ ਨੇ ਚੁੱਕਣਾ ਸ਼ੁਰੂ ਕੀਤਾ, "ਚੰਗੇ ਪਰਚਿਆਂ ਦੀ ਅੱਜ ਬੜੀ ਘਾਟ ਹੈ—ਤੁਹਾਡਾ ਪਰਚਾ ਸਾਹਿਤ ਦੀ ਨਿੱਗਰ ਸੇਵਾ ਕਰੇਗਾ-ਤੁਹਾਡੇ ਉਤੇ ਸਾਡੀ ਬੋਲੀ ਨੂੰ ਬੜਾ ਮਾਣ ਹੈ— ਗਾਹਕਾਂ ਦਾ ਫਿਕਰ ਨਾ ਕਰੋ ਪਰਚਾ ਕੱਢਣ ਦੀ ਦੇਰ ਹੈ, ਚੰਦਿਆਂ ਦਾ ਢੇਰ ਲਾ ਦਿਆਂਗੇ...।"

ਕਈ ਲਿਖਾਰੀਆਂ ਵਲੋਂ ਲੇਖ ਤੇ ਕਵਿਤਾਵਾਂ ਆਉਣ ਲੱਗੀਆਂ ਤੇ ਨਾਲ ਹੀ ਮੇਰੀਆਂ ਸਿਫ਼ਤਾਂ ਕੀਤੀਆਂ ਹੁੰਦੀਆਂ। ਕਈਆਂ ਨੇ ਖ਼ੁਸ਼ਾਮਦ ਵੀ ਕੀਤੀ ਹੁੰਦੀ। ਉਹ ਚਿੱਠੀਆਂ ਮੈਨੂੰ ਬਹੁਤ ਖੁਸ਼ੀ ਦੇਂਦੀਆਂ, ਤੇ ਮੈਂ ਸਾਰੀਆਂ ਨੂੰ ਫਾਇਲ ਵਿਚ ਸਾਂਭ ਕੇ ਰੱਖੀ ਜਾਂਦਾ।

ਇਕ ਦਿਨ ਮੇਰੇ ਇਕ ਗੂਹੜੇ ਲਿਖਾਰੀ ਮਿੱਤਰ ਦੀ ਚਿੱਠੀ ਆਈ। ਇਸ ਮਿੱਤਰ ਨੂੰ ਮੈਂ ਬੜਾ ਸਿਆਣਾ ਤੇ ਗੰਭੀਰ ਸਮਝਦਾ ਹਾਂ। ਉਹਦੇ ਲਈ ਮੇਰੇ ਦਿਲ ਵਿਚ ਬਹੁਤ ਸਤਿਕਾਰ

ਸੀ। ਕਈ ਦਿਨਾਂ ਤੋਂ ਉਹਦੀ ਚਿੱਠੀ ਦੀ ਉਡੀਕ ਸੀ। ਮੇਰਾ ਖਿਆਲ ਸੀ, ਉਹ ਮੇਰੀ ਚਿੱਠੀ ਨੂੰ ਪੜ੍ਹ ਕੇ ਬਹੁਤ ਖ਼ੁਸ਼ ਹੋਵੇਗਾ। ਮੁੜਦੀ ਡਾਕ ਉੱਤਰ ਦੇਵੇਗਾ ਤੇ ਨਾਲ ਹੀ ਕੋਈ ਸੱਜਰੀ ਰਚਨਾ ਹੋਵੇਗੀ। ਪਰ, ਕੁਲ ਛੇ ਪੈਸੇ ਵਾਲਾ ਹੌਲਾ ਜਿਹਾ ਲਿਫਾਫ਼ਾ ਦੇਖ ਕੇ ਮੈਨੂੰ ਹੈਰਾਨੀ ਹੋਈ ਤੇ ਉਹਦੀ ਬੇ-ਪ੍ਰਵਾਹੀ ਉਤੇ ਗਿਲਾ ਵੀ। ਲਫਾਫਾ ਖੋਲਿਆਂ, ਚਾਰ ਕ ਵਿੰਗੀਆਂ ਜਿਹੀਆਂ ਸਤਰਾਂ ਸਨ :

"ਮੇਰੇ ਮਿੱਤਰ, ਚੰਗਾ ਹੋਵੇ ਜੇ ਤੂੰ ਪਰਚਾ ਨਾ ਕੱਢੇ। ਇਹ ਤੇਰੇ ਵਿਤ ਦੀ ਗੱਲ ਨਹੀਂ। ਪਹਿਲੀ ਉਮਰ ਦੀ ਆਰਥਕ ਸੱਟ ਲਿਖਾਰੀ ਦਾ ਸਦਾ ਲਈ ਲੱਕ ਤੋੜ ਦਿੰਦੀ ਹੈ...।"

ਇਹ ਲਫਜ਼ ਮੈਨੂੰ ਕਿਸੇ ਵੈਰੀ ਦੇ ਜਾਪੇ। ਮੈਂ ਚਿੱਠੀ ਨੂੰ ਹੱਥ ਵਿਚ ਮਚੋ ਕੇ ਰੱਦੀ ਦੀ ਟੋਕਰੀ ਵਿਚ ਵਗਾਹ ਸੁਟਿਆ।

ਇਕ ਬਜ਼ੁਗਰ ਪ੍ਰੋਫੈਸਰ ਕੋਲ, ਅਗਵਾਈ ਲਈ, ਪਰਚਾ ਕੱਢਣ ਦੀ ਗੱਲ ਮੈਂ ਬੜੇ ਮਾਣ ਨਾਲ ਕੀਤੀ। ਮੇਰੀ ਆਸ ਤੋਂ ਉਕਾ ਉਲਟ, ਉਸ ਪ੍ਰੋਫੈਸਰ ਨੇ ਸਗੋਂ ਪਰਚਾ ਨਾ ਕੱਢਣ ਬਾਰੇ ਸਿਖਿਆ ਦੇਣੀ ਸ਼ੁਰੂ ਕਰ ਦਿਤੀ। ਮੈਨੂੰ ਉਹਦੀ ਗੱਲ ਦਾ ਹੁੰਗਾਰਾ ਭਰਨਾ ਔਖਾ ਹੋ ਗਿਆ। ਉਸ ਦਿਨ ਮੈਨੂੰ ਉਹ ਪ੍ਰੋਫੈਸਰ ਕੁਝ ਪਿਛਾਂਹ-ਖਿਚੂ ਜਾਪਿਆ।

ਤਸਵੀਰ ਦਾ ਸੁਹਣਾ ਪਾਸਾ ਖਿਆਲੀ ਰੰਗਾਂ ਨਾਲ ਹੋਰ ਸੁਹਣਾ ਹੁੰਦਾ ਗਿਆ ਤੇ ਉਸ ਨੂੰ ਸਾਕਾਰ ਦੇਖਣ ਲਈ ਜਤਨ ਵੀ ਸ਼ੁਰੂ ਹੋ ਗਏ। ਸਰਕਾਰ ਵਲੋਂ ਪਰਚਾ ਕੱਢਣ ਦੀ ਆਗਿਆ ਮਿਲ ਗਈ। ਕਾਗਜ਼ ਦਾ ਕੋਟਾ ਨੀਯਤ ਹੋ ਗਿਆ। ਪ੍ਰੈਸ ਨਾਲ ਵਿਊਂਤ ਬਣ ਗਈ। ਸੁਆਲ ਹੁਣ ਕੇਵਲ ਰੁਪਏ ਦਾ ਸੀ। ਪਹਿਲ ਇਕੋ ਪਰਚਾ ਕੱਢਣ ਲਈ ਵੀ ਘੱਟੋ ਘੱਟ ਪੰਜ ਛੇ ਸੌ ਰੁਪਏ ਚਾਹੀਦੇ ਸਨ। ਪਹਿਲਾ ਪਰਚਾ ਚਾਹੀਦਾ ਵੀ ਸ਼ਾਨਦਾਰ ਹੈ —ਗਾਹਕ ਖਿੱਚਣ ਲਈ। ਪਹਿਲੀ ਵਾਰ ਟਿਕਟਾਂ ਵੀ ਵਧ ਲਾਉਣੀਆਂ ਪੈਂਦੀਆਂ ਹਨ ਕਿਉਂਕਿ ਰਜਿਸਟਰਡ ਨੰਬਰ ਪਹਿਲੀ ਵਾਰ ਹੀ ਨਹੀਂ ਮਿਲਿਆ ਹੁੰਦਾ।

ਏਨੇ ਰੁਪਏ ਵੀ ਕਿਥੋਂ ਆਉਣ ? ਹਰ ਵੇਲੇ ਇਹੋ ਸੋਚ ਲੱਗੀ ਰਹਿੰਦੀ, "ਪਹਿਲਾ ਪਰਚਾ ਤਾਂ ਕਿਸੇ ਨਾ ਕਿਸੇ ਤਰ੍ਹਾਂ ਜਰੂਰ ਕੱਢਣਾ ਚਾਹੀਦਾ ਹੈ—ਅੱਗੋਂ ਨੂੰ ਤਾਂ ਭਲਾ ਚੰਦਿਆਂ ਨਾਲ ਹੀ ਆਈ ਚਲਾਈ ਹੁੰਦੀ ਰਹੇਗੀ ਮੈਂ ਹਵਾਈ ਕਿਲ੍ਹੇ ਉਸਾਰ ਲੈਂਦਾ, 'ਇਕ ਵਾਰ ਪਰਚਾ ਛਪਣ ਦੀ ਢਿਲ ਐ, ਪੰਜ ਸੌ ਗਾਹਕ ਤਾਂ ਵੱਟ ਉਤੇ ਪਏ ਨੇ। ਪੰਜ ਰੁਪਏ ਸਾਲ ਦਾ ਚੰਦਾ-ਪਾਂਜੋ-ਪਾਂਜੀ ਪੱਚੀ-ਪੱਚੀ ਸੋ ਰੁਪਏ—ਢਾਈ ਹਜ਼ਾਰ ਦੀ ਰਕਮ ! ਤੇ ਢਾਈ ਹਜ਼ਾਰ ਦੀ ਰਕਮ

ਤਾਂ ਪਹਿਲੇ ਮਹੀਨੇ ਹੀ ਆ ਜਾਵੇਗੀ। ਅਗਲਾ ਪਰਚਾ ਕੱਢਣਾ ਕੀ ਔਖਾ ਹੈ ? ਹਰ ਮਹੀਨੇ ਗਾਹਕ ਵਧਣੇ ਈ ਨੇ-ਪਰਚਾ ਤਾਂ ਚੰਦਿਆਂ ਨਾਲ ਹੀ ਚਲ ਜਾਵੇਗਾ। ਹਾਂ, ਇਕ ਵਾਰ ਪਹਿਲਾ ਪਰਚਾ ਨਿਕਲ ਜਾਵੇ ਕਿਵੇਂ।

ਦਿਨ ਰਾਤ ਮੈਨੂੰ ਪਹਿਲਾ ਪਰਚਾ ਕੱਢਣ ਦੀ ਸੋਚ ਖਾਈ ਜਾਂਦੀ। ਬਣੇ ਤਾਂ ਕੀ ਬਣੇ? ਪਰਚਾ ਕੱਢਣ ਦੀ ਲਗਨ ਸੀ ਕਿ ਸਿਰ ਉਤੇ ਭੂਤ ਸਵਾਰ ਸੀ: 'ਕੀ ਹੱਜ ਮੇਰੇ ਜੱਗ ਉਤੇ ਆਉਣ ਦਾ, ਜੇ ਪਰਚਾ ਨਾ ਕੱਢ ਸਕਿਆ। ਮੇਰੇ ਲੁਹਰੀਆਂ ਉਠਦੀਆਂ ਸਨ। ਜ਼ਿੰਦਗੀ ਦਾ ਮਨੋਰਥ ਬਸ ਪਰਚਾ ਕੱਢਣ ਉਤੇ ਆ ਕੇ ਮੁੱਕ ਗਿਆ ਸੀ। ਜਾਣੇ, ਜੇ ਪਰਚਾ ਨਾ ਨਿਕਲਿਆ ਤਾਂ ਮੈਂ ਝੱਲਾ ਹੋ ਜਾਵਾਂਗਾ—ਬਚ ਨਹੀਂ ਸਕਾਂਗਾ।

ਇਕ ਰਾਤ ਕੋਠੇ ਉਤੇ ਮੈਂ ਚੁੱਪ ਚਾਪ ਪਿਆ ਸੀ। ਮੈਨੂੰ ਨਾ ਸੀ ਪਤਾ, ਮੈਂ ਕੀ ਸੋਚੀ ਜਾਂਦਾ ਸੀ। ਨੀਂਦ ਉੱਕਾ ਨਾ ਸੀ ਆਉਂਦੀ। ਘੜੀ ਮੁੜੀ ਪਾਸੇ ਪਰਤਦਾ। ਕਦੇ ਕਦੇ ਮੇਰੀ ਹਿੱਕ ਉਠਦੀ ਤੋਂ ਟੁੱਟਵੇਂ ਜਿਹੇ ਹੋਕੇ ਨਾਲ ਬਹਿ ਜਾਂਦੀ। ਮੇਰਾ ਸੁਫਨਾ ਪੂਰਾ ਨਾ ਸੀ ਹੋ ਰਿਹਾ। ਮੈਨੂੰ ਮੇਰਾ ਭਵਿਖ ਹਨੇਰਾ ਘੁਪ ਜਾਪਦਾ ਸੀ।

ਪਤਲੇ ਤੇ ਕੂਲੇ ਜਿਹੇ ਹੱਥ ਵਿਚ ਮੇਰੇ ਹੱਥ ਦੀਆਂ ਉਂਗਲਾਂ ਫੜੀਆਂ ਗਈਆਂ। ਮੇਰੀ ਸੋਚ ਫੁੱਟੀ : ਮੰਜੇ ਦੇ ਕੋਲ ਮੇਰੀ ਪਤਨੀ ਖੜੀ ਸੀ। ਪਲ ਭਰ ਉਹਦੇ ਵਲ ਝਾਕ ਕੇ ਫੇਰ ਮੈਂ ਤਾਰਿਆਂ ਵਲ ਤੱਕਦਾ ਕੁਝ ਸੋਚਣ ਲੱਗ ਪਿਆ।

"ਕੀ ਸੋਚੀ ਜਾਨੇ ਓ ਐਂ ਗੁੰਮ ਸੁੰਮ..? ਮੇਰੇ ਹੱਥ ਨੂੰ ਹਲਕਾ ਜਿਹਾ ਹਲੂਣ ਕੇ ਮੇਰੀ ਪਤਨੀ ਨੇ ਪੁਛਿਆ।

ਮੈਂ ਕੁਝ ਨਾ ਬੋਲਿਆ।

"ਬੋਲਦੇ ਨ੍ਹੀਂ, ਕੀ ਗੱਲ ਐ. . ?" ਮੇਰੇ ਮਨ ਦਾ ਭਾਰ ਵੰਡਾਉਣ ਦੇ ਯਤਨ ਨਾਲ ਉਹਨੇ ਫੇਰ ਪੁਛਿਆ।

ਮੈਂ ਫੇਰ ਵੀ ਚੁੱਪ ਰਿਹਾ

"ਮਖਾਂ ਜੀ, ਬੋਲੋ ਵੀ, ਦੱਸੋ ਵੀ ਨਾ, ਕਾਹਦੀ ਸੋਚ ਲੱਗੀ ਹੋਈ ਐ ਥੋਨੂੰ" ਮੰਜੇ ਦੀ ਬਹੀ ਉਤੇ ਬਹਿੰਦਿਆਂ, ਹੋਰ ਵੀ ਦਰਦ ਨਾਲ ਹੱਥ ਨੂੰ ਹਲੂਣ ਕੇ ਉਹਨੇ ਮੈਨੂੰ ਪੁੱਛਿਆ।

ਮੈਂ ਉਹਦੇ ਵਲ ਅੱਖਾਂ ਪੁਟ ਕੇ ਝਾਕਿਆ, ਅੱਧੀ ਰਾਤ ਦੇ ਹਿਸਦੇ ਚੰਨ ਦੀ ਨਿਮ੍ਹੀ ਨਿਮ੍ਹੀ ਚਾਨਣੀ ਵਿਚ ਉਹਦਾ ਪਿਆਰਾ ਮੁਖੜਾ, ਉਹਦਾ ਦਰਦੀ ਬੋਲ “ਘਰ ਕੀ ਗਹਿਲ"

ਵਰਗੀ ਵਾਰਨੇ ਜਾਂਦੀ ਉਹਦੀ ਰੂਹ ਦਾ ਨਿਖਰਿਆ ਹੋਇਆ ਰੂਪ ਸੀ। ਮੈਂ ਉਹਦੇ ਵਲ ਫੇਰ ਦੇਖਿਆ, ਪਰ ਬੋਲ ਮੈਥੋਂ ਫੇਰ ਵੀ ਕੁਝ ਨਾ ਹੋਇਆ।

ਬਾਹੀ ਵਲੋਂ ਮੇਰੀ ਹਿੱਕ ਉਤੇ ਉੱਲਰ ਕੇ, ਮੇਰੇ ਮੱਥੇ ਉਤੇ ਹੱਥ ਫੇਰ ਕੇ, ਮੇਰੇ ਮੂੰਹ ਦੇ ਹੋਰ ਨੇੜੇ ਹੋ ਕੇ ਉਹਨੇ ਤਰਲੇ ਤੇ ਫਿਕਰ ਨਾਲ ਫੇਰ ਪੁੱਛਿਆ, "ਦੱਸੋ ਵੀ ਨਾ ਜੀ, ਦੱਸੋ ਵੀ ਨਾ ਕੀ ਗੱਲ ਐ ? ਥੋਨੂੰ ਕਾਹਦਾ ਝੋਰਾ ਏ ?" ਉਹਦੇ ਬੋਲ ਵਿਚ ਮੇਰੀ ਚਿੰਤਾ ਦਾ ਉਦਰੇਵਾਂ ਸੀ।

"ਝੋਰਾ ਤਾਂ ਕੋਈ ਨੀ..." ਸੋਚਾਂ ਦੇ ਪਤਾਲ 'ਚੋਂ ਮੈਥੋਂ ਘੁਟਵਾਂ ਜਿਹਾ ਬੋਲ ਹੋਇਆ, "ਪਰਚੇ ਦੀ ਓ ਗੱਲ ਐ...।"

"ਬਣਿਆ ਨਹੀਂ ਕੋਈ ਹੀਲਾ ਅਜੇ ?"

"ਕੋਈ ਨ੍ਹੀਂ ਬਣਿਆ-ਹੋਰ ਤਾਂ ਸਭ ਕੁਝ ਠੀਕ ਐ, ਇਕ ਪੈਸਿਆਂ ਵਲੋਂ ਕੰਮ ਰਹਿ ਗਿਆ।"

ਏਨੀ ਗੱਲ ਸੁਣ ਕੇ ਹੁਣ ਮੇਰੀ ਪਤਨੀ ਚੁੱਪ ਦੀ ਚੁੱਪ ਰਹਿ ਗਈ। ਉਹਦੇਂ ਮੱਥੇ ਉਤੇ ਮੁੜਕੇ ਦੀਆਂ ਨਿਕੀਆਂ ਨਿਕੀਆਂ ਕਣੀਆਂ ਸਿੰਮ ਆਈਆਂ। ਉਹਨੇ ਇਕ ਹੌਂਕਾ ਲਿਆ ਤੇ ਮੇਰੇ ਉਤੋਂ ਦੀ ਮੰਜੇ ਦੀ ਬਾਹੀ ਉਤੇ ਹੱਥ ਰੱਖ ਕੇ ਬਹਿ ਗਈ।

ਮੈਂ ਢਠੇ ਦਿਲ ਨਾਲ ਹੌਲੀ ਜਿਹੀ ਬੋਲਿਆ "ਸਿਰਫ ਇਕ ਪੈਸੇ ਦੀ ਘਾਟ ਨੇ ਰਾਹ ਰੋਕ ਕੇ ਰੱਖ ਦਿਤਾ—ਕੁਲ ਪੰਜ ਛੇ ਸੌ ਰੁਪਏ ਦੀ ਗੱਲ ਐ ਨਾਲੇ।"

"ਮੈਂ ਤਾਂ ਕੋਈ ਚੀਜ਼ ਨ੍ਹੀਂ ਥੋਡੇ ਕੋਲੋਂ ਲੁਕੋ ਕੇ ਰੱਖੀ-ਥੋਡੇ ਨਾਲੋਂ ਮੈਨੂੰ ਕੀ ਚੰਗੈ ?" ਉਹਦੀ ਬੇ-ਵਸੀ ਨੂੰ ਸ਼ਬਦ ਨਹੀਂ ਸਨ ਜੁੜਦੇ।

"ਨਹੀਂ, ਤੇਰੇ ਵੀ ਕੀ ਵਸ ਐ।" ਮੈਂ ਇਕ ਹੌਂਕੇ ਨਾਲ ਆਖਿਆ।

ਥੋੜਾ ਕੁ ਚਿਰ ਉਹ ਚੁੱਪ ਰਹੀ, ਤੇ ਫੇਰ ਜ਼ਰਾ ਕੁ ਉਭਰ ਕੇ ਬੋਲੀ, "ਚੰਗਾ ਫੇਰ, ਤੁਸੀਂ ਐਂ ਕਰੋ, ਮੇਰੇ ਗਹਿਣੇ ਲੈ ਜਾਓ, ਵੇਚ ਕੇ ਆਪਣਾ ਕੰਮ ਸਾਰੋ-ਏਦੋਂ ਪਰੇ ਮੈਂ ਕੀ ਧੋ ਕੇ ਪੀਣੇ ਨੇ, ਜਦ ਜਾਨ ਦੁਖੀ ਹੋਵੇ ਥੋਡੀ।"

"ਗਹਿਣੇ...!" ਮੇਰਾ ਮਨ ਤ੍ਰਬਕ ਉਠਿਆ। ਮੇਰੀ ਗ਼ਰੀਬ ਜੇਹੀ ਪਤਨੀ ਕੋਲ ਮਸਾਂ ਚਾਰ ਛੱਲੇ, ਤੇ ਮੈਂ ਉਹ ਵੀ ਖੋਹ ਲਵਾਂ ? ਮੈਂ ਬੜੀ ਹੌਲੀ ਆਖਿਆ, "ਨਹੀਂ।"

ਉਹਨੇ ਮੈਨੂੰ ਦਿਲਬਰੀ ਦਿਤੀ, "ਕੀ ਡਰ ਐ ? ਇਹ ਤਾਂ ਧਰੋਹਰ ਹੁੰਦੀਆਂ ਨੇ ਚੀਜ਼ਾਂ— ਤੁਸੀਂ ਹਾਲੇ ਆਪਣਾ ਕੰਮ ਸਾਰੋ, ਜਦ ਹੱਥ 'ਚ ਪੈਸੇ ਹੋਣਗੇ, ਫੇਰ ਬਣਾ ਲਵਾਂਗੇ।" ਉਹਦੇ ਵਿਚ ਵਸਦੀ ਸੱਚੀ ਸਪੁਤਨੀ ਅੱਗੇ ਮੇਰੀਆਂ ਅੱਖਾਂ ਨਿਵ ਗਈਆਂ।

ਮੈਂ ਗਹਿਣੇ ਲੈਣ ਤੋਂ ਫੇਰ ਨਾਂਹ ਕੀਤੀ, ਪਰ ਉਹਨੇ ਮੈਨੂੰ ਇਹ ਕਹਿ ਕੇ ਮਨਾ ਲਿਆ ਕਿ ਮੈ ਗਹਿਣਿਆਂ ਨੂੰ ਵੇਚਾਂ ਭਾਵੇਂ ਨਾ, ਗਹਿਣੇ ਧਰ ਕੇ ਘੱਟ ਵਿਆਜ ਉਤੇ ਰਕਮ ਲੈ ਲਵਾਂ, ਤਾਂ ਜੋ ਕਦੇ ਨਾ ਕਦੇ ਇਹੀ ਗਹਿਣੇ ਛੁਡਾ ਕੇ ਲਿਆ ਵੀ ਸਕੀਏ।

ਸਵੇਰੇ, ਮੂੰਹ-ਹਨੇਰੇ ਹੀ, ਸਾਰਿਆਂ ਤੋਂ ਚੋਰੀ, ਮੇਰੀ ਪਤਨੀ ਮੈਨੂੰ ਜਗਾ ਕੇ ਹੇਠਾਂ ਲੈ ਗਈ। ਨਹਾਉਣ ਦੇ ਬਹਾਨੇ ਉਹਨੇ ਅੰਦਰੋ ਕੁੰਡਾ ਮਾਰ ਲਿਆ। ਪਿਛਲੀ ਕੋਠੜੀ ਵਿਚ ਜਾਕੇ ਇਕ ਨ੍ਹਿਮਾ ਜਿਹਾ ਸਰ੍ਹੋਂ ਦਾ ਦੀਵਾ ਜਗਾਇਆ। ਲੱਕੜ ਦੀ ਪੇਟੀ ਖੋਲ੍ਹੀ ਤੇ ਵਿਚੋਂ ਗਹਿਣਿਆਂ ਦਾ ਡੱਬਾ ਕੱਢ ਕੇ ਮੇਰੇ ਅੱਗੇ ਧਰ ਦਿਤਾ, "ਲੈ ਸਰਦਾਰ, ਆਹ ਕੁਝ ਐ ਮੇਰੇ ਕੋਲ, ਹਾਜ਼ਰ ਐ...।" ਉਹਦੀਆਂ ਖੁਸ਼ਕ ਅੱਖਾਂ ਵਿਚ ਦਿਲ ਦਾ ਦਰਦ ਭਰ ਆਇਆ।

ਅਹਿਸਾਨ ਦੇ ਭਾਰ ਨਾਲ ਮੈਂ ਦਬਿਆ ਬੈਠਾ ਸੀ। ਗੱਚ ਨਾਲ ਮੇਰਾ ਗਲ ਭਰ ਗਿਆ। ਢਿਲੇ ਜਿਹੇ ਹੱਥ ਨਾਲ ਮੈਂ ਡੱਬੇ ਦਾ ਢੱਕਣ ਖੋਲਿਆ ! ਗੁਲਾਬੰਸੀ ਰੰਗ ਦੀ ਬੜੀ ਪੁਰਾਣੀ ਮਖ਼ਮਲ ਡੱਬੇ ਦੇ ਅੰਦਰ ਲੱਗੀ ਹੋਈ ਸੀ। ਮੈਂ ਉਂਗਲਾਂ ਨਾਲ ਗਹਿਣਿਆਂ ਨੂੰ ਟੋਹਣ ਲੱਗਿਆ। ਇਕ ਆਰਸੀ, ਮੱਥੇ ਦੀ ਬਿੰਦੀ, ਮਾਲਾ, ਸੱਗੀ ਫੁਲ, ਦੋ ਕੰਨਾਂ ਦੀਆਂ ਵਾਲੀਆਂ ਤੇ ਇਕ ਜ਼ੰਜੀਰੀ। ਗਹਿਣਿਆਂ ਨੂੰ ਦੇਖ ਕੇ ਮੈਨੂੰ ਕਿੰਨਾ ਚਿਰ ਪਹਿਲਾਂ ਦੀ ਯਾਦ ਆਈ: ਮੈਂ ਬਹੁਤ ਨਿੱਕਾ ਸੀ। ਮੇਰੀ ਮਾਂ ਨੇ ਇਕ ਵਾਰ ਇਸੇ ਤਰ੍ਹਾਂ ਬੂਹਾ ਮਾਰ ਕੇ ਆਪਣਾ ਸੰਦੂਕ ਖੋਲ੍ਹਿਆ ਤੇ ਇਹੋ ਗਹਿਣਿਆਂ ਦਾ ਡੱਬਾ ਮੈਨੂੰ ਢੱਕਣ ਚੁੱਕ ਕੇ ਦਿਖਾਇਆ ਸੀ : "ਦੇਖ ਪੁੱਤ, ਇਹ ਸਾਰੇ ਗਹਿਣੇ ਮੈਂ ਤੇਰੀ ਬਹੂ ਨੂੰ ਚੜ੍ਹਾ ਦੇਣੇ ਨੇ— ਨਮੇ ਤਾਂ ਆਪਾਂ ਤੋਂ ਬਣਨੇ ਨ੍ਹੀਂ—ਇਹ ਚੀਜ਼ਾਂ ਨਿੱਤ ਨਿੱਤ ਨ੍ਹੀ ਬਣਦੀਆਂ, ਕੋਈ ਸੈਂਤ ਇ ਹੁੰਦੀ ਐ – ਇਹੋ ਗਹਿਣੇ ਪਹਿਲਾਂ ਮੇਰੀ ਸੱਸ ਨੂੰ ਚੜ੍ਹੇ ਸੀ..।"

ਪਲੇਠੀ ਦਾ ਪੁਤ ਹੋਣ ਕਰਕੇ ਮੇਰੀ ਮਾਂ ਨੂੰ ਮੇਰੇ ਉਤੇ ਬੜਾ ਮਾਣ ਸੀ। ਤੇ ਉਹ ਨਿਕੀ ਉਮਰ ਤੋਂ ਹੀ ਮੈਨੂੰ ਕਬੀਲਦਾਰੀ ਦੇ ਨਿੱਕੇ ਨਿੱਕੇ ਭੇਤ ਸਮਝਾ ਕੇ ਪਰਪੱਕ ਕਰਨਾ ਚਾਹੁੰਦੀ ਸੀ। ਉਹ ਕਹਿੰਦੀ ਗਈ: "ਤੂੰ ਇਹਨਾਂ ਨੂੰ ਸਾਂਭ ਕੇ ਰੱਖੀਂ—ਲਾਇਕ ਪੁੱਤ ਇਹਨਾਂ ਚੀਜ਼ਾਂ ਨੂੰ ਗੁਆਉਂਦੇ ਨਹੀਂ ਹੁੰਦੇ, ਸਗੋਂ ਹੋਰ ਬਣਾਉਂਦੇ ਨੇ—ਮੈਂ ਤਾਂ ਇਕ ਵਾਰ ਤੇਰਾ ਸਭ ਕੁਸ਼ ਕਰ

ਦੇਣੈ—ਤੇਰੇ ਉਤੇ ਈ ਮੈਂ ਆਪਣੇ ਲਾਡ ਚਾਓ ਪੂਰੇ ਕਰਨੇ ਨੇ-ਫੇਰ, ਪੁਤ, ਨਿੱਕਿਆਂ ਨੂੰ ਤੌਂ ਸਾਂਭਣੈ, ਤਹੀਂ ਉਹਨਾਂ ਨੂੰ ਪਾਲਦੈਂ ਤਹੀਂ ਵਿਆਹੁਣੇ—ਬੜਾ ਭਾਈ ਤਾਂ ਪਿਓ ਸਮਾਨ ਹੁੰਦੈ।"

ਗਹਿਣਿਆਂ ਦਾ ਡੱਬਾ ਦੇਖ ਕੇ ਮੇਰੇ ਮਨ ਵਿਚ ਹੂਕ ਉਠੀ। ਅੱਜ ਮੇਰੀ ਮਾਂ ਜੀਉਂਦੀ ਹੁੰਦੀ, ਮੈਨੂੰ ਇਕ ਫਿਕਰ ਨਹੀਂ ਸੀ, ਜਿਵੇਂ ਮਰਜ਼ੀ ਆਪਣੀ ਕਬੀਲਦਾਰੀ ਨਜਿੱਠਦੀ। ਪਰ, ਹੁਣ, ਜਦ, ਉਹ ਮੇਰੇ ਉਤੇ ਲਾਇਕ ਹੋਣ ਦਾ ਭਰੋਸਾ ਕਰਕੇ ਮਰ ਚੁੱਕੀ ਹੈ, ਤਾਂ ਨਿਕੇ ਭੈਣਾਂ ਭਰਾਵਾਂ ਬਾਰੇ ਮੇਰੀ ਜ਼ਿੰਮੇਵਾਰੀ ਵਧ ਜਾਂਦੀ ਹੈ। ਮੇਰੀ ਇਕ ਛੋਟੀ ਭੈਣ ਵਿਆਹੁਣ ਜੋਗੀ ਹੋ ਗਈ ਸੀ, ਉਸ ਤੋਂ ਛੋਟੇ ਭਰਾ ਦੇ ਮੁਸਾਂ ਫੁਟਦੀਆਂ ਸਨ। ਮੈਂ ਗਹਿਣਿਆਂ ਨੂੰ ਉਂਗਲਾਂ ਨਾਲ ਟੌਂਹਦਾ ਚੁਪ ਬੈਠਾ ਰਿਹਾ। ਸ਼ਾਇਦ ਮੇਰੀਆਂ ਅੱਖਾਂ ਵਿਚ ਪਾਣੀ ਸਿੰਮ ਆਇਆ ਸੀ। ਪਤਨੀ ਨੇ ਆਪਣੀ ਚੁਨੀ ਦਾ ਲੜ ਮੇਰੀਆਂ ਅੱਖਾਂ ਉਤੇ ਫੇਰਿਆ ਤੇ ਹੌਲੀ ਵਾਜ ਵਿਚ ਬੋਲੀ, ਛੱਡ ਪਰੇ, ਬੜਾ ਈ ਹੋਲਾ ਦਿਲ ਐ ਸੱਚੀਂ ਤੇਰਾ, ਆਦਮੀ ਸੈਂਕੜੇ ਦੀ ਵਣਜ ਕਰਦੇ ਨੇ, ਘਾਟੇ ਵਾਧੇ ਵੀ ਜੀਆਂ ਦੇ ਨਾਲ ਹੁੰਦੇ ਨੇ, ਤੂੰ ਹੌਸਲੇ ਨਾਲ ਆਪਣਾ ਕੰਮ ਤੋਰ, ਕੀ ਪਤੈ, ਰੱਬ ਕਿਹੜੇ ਬਹਾਨੇ ਰਿਜ਼ਕ ਦੀ ਛੱਲ ਦੇ ਦੇਵੇ। ਇਹ ਤਾਂ ਔਣੀ ਜਾਣੀ ਚੀਜ਼ ਐ—ਢਲਦੇ ਛਿਪਦੇ ਪਰਛਾਵੇਂ—ਜੇ ਇਹ ਗਹਿਣੇ ਨਹੀਂ ਮੁੜਨਗੇ, ਨਾ ਸਹੀ, ਨਾਲ ਤਾਂ ਨ੍ਹੀਂ ਮਰਨਾ, ਮੈਂ ਨ੍ਹੀਂ ਤਿਤੋਂ ਮੰਗਦੀ, ਕੋਈ ਹਿੱਕ ਉਤੇ ਧਰ ਕੇ ਨਾਲ ਤਾਂ ਨ੍ਹੀ ਲਿਜਾਂਦਾ, ਇਥੇ ਈ ਰਹਿ ਜਾਣੈ ਸਭ ਕੁਸ਼, ਆਪਣਾ ਜੀ ਤਾਂ ਪੂਰਾ ਕਰੀਏ।"

ਕਿੰਨਾ ਵਾਰਨਾ ਸੀ ਮੇਰੀ ਪਤਨੀ ਦੇ ਬੋਲਾਂ ਵਿਚ-ਜਿਗਰੇ ਨਾਲ ਭਰੀਆਂ ਹੋਈਆ ਗੱਲਾਂ- ਦੀਵੇ ਦੇ ਪੀਲੇ ਚਾਨਣ ਵਿਚ ਉਹਦਾ ਕੇਸਰੀ ਮੂੰਹ, ਜਿਵੇਂ ਆਸ ਤੇ ਦ੍ਰਿੜਤਾ ਦੀ ਦੇਵੀ ਹੁੰਦੀ ਹੈ। ਮੇਰਾ ਬੁਝਿਆ ਹੋਇਆ ਚਿੱਤ ਕਰਾਰ ਫੜ ਆਇਆ। ਮੈਂ ਝੋਲੇ ਵਿਚ ਗਹਿਣਿਆਂ ਦਾ ਡੱਬਾ ਪਾਇਆ, ਹੌਲੀ ਜਿਹੀ ਬੂਹਾ ਖੋਲ੍ਹਿਆ ਤੇ ਮੰਡੀ ਵਲ ਤੁਰ ਪਿਆ।

ਮੰਡੀ ਅਪੜ ਕੇ ਮੈਂ ਆਪਣੇ ਇਕ ਮੇਲੀ ਚੇਤ ਸਿੰਘ ਨੂੰ ਜਿਹੜਾ ਉਥੇ ਡਾਕਟਰੀ ਦੀ ਹਟ ਕਰਦਾ ਸੀ, ਸਾਰੀ ਗੱਲ ਦੱਸੀ। ਕਈ ਸੇਠਾਂ ਮਹਾਜਨਾਂ ਕੋਲ ਉਹਦਾ ਬੈਠਣ ਉਠਣ ਸੀ। ਉਹਨੇ ਆਖਿਆ, "ਹੋਰ ਤਾਂ ਐਥੇ ਕੋਈ ਅਜੇਹਾ ਸ਼ਾਹ ਨਹੀਂ, ਜਿਹੜਾ ਛੇਤੀ ਰਕਮ ਦੇਣ ਨੂੰ ਤਿਆਰ ਹੋ ਜਾਵੇ, ਹਾਂ, ਮੈਂ ਘੋਨਾ ਮੱਲ ਮਾਘੀ ਰਾਮ ਭਾਦਲੇ ਵਾਲਿਆਂ ਨੂੰ ਪੁੱਛ ਕੇ ਦੇਖ ਲੰਨਾਂ, ਜੇ ਮੰਨ ਜਾਣ।"

ਮੈਨੂੰ ਆਪਣੀ ਹਟ ਉਤੇ ਬਿਠਾ ਕੇ ਚੇਤ ਸਿੰਘ ਸ਼ਾਹ ਦੀ ਹਟ ਵਲ ਗਿਆ। ਘੋਨਾ ਮੱਲ ਮਾਘੀ ਰਾਮ ਦਾ ਨਾਂ ਮੇਰੇ ਚਿਤ ਨੂੰ ਕੁਝ ਰੜਕਿਆ। ਇਹੋ ਜਿਹਾ ਨਾਂ ਲੈ ਕੇ ਸਾਡੇ ਪਿੰਡ ਦੇ ਕਈ ਵਡਾਰੂ ਅਖਾਣ ਪਾਇਆ ਕਰਦੇ ਸਨ, "ਓਏ ਘੋਨੇ ਮਾਘੀ ਦੇ ਤਾਂ ਚੱਟੇ ਬਿਰਛ ਹਰੇ ਨ੍ਹੀ ਹੋਏ ਮੁੜਕੇ—ਇਹ ਤਾਂ ਬੁੱਚੜ ਨੇ ਬੁੱਚੜ ਜਿਹੜਾ ਕੇਰਾਂ ਘੋਨੇ ਮਾਘੀ ਦੇ ਗੇੜ 'ਚ ਆ ਗਿਆ, ਮੁੜ ਸਾਰੀ ਉਮਰ ਤਾਬ ਨ੍ਹੀ ਆਇਆ।" ਮੇਰਾ ਦਿਲ ਕੁਝ ਹਿਲਿਆ। ਪਰ ਮੈਂ ਕਰਦਾ ਵੀ ਕੀ?

ਚੇਤ ਸਿੰਘ ਮੁੜ ਆਇਆ ਤੇ ਮੈਨੂੰ ਕਿਹਾ, "ਆ ਬਈ ਚੱਲੀਏ, ਤੇਰਾ ਕੰਮ ਬਣ ਜੂ, ਪਰ ਚੀਜ਼ ਉਤੇ ਈ ਦੇਣ ਲਈ ਮੰਨੇ ਨੇ, ਉਹ ਵੀ ਮਸੀਂ।"

ਚੇਤ ਸਿੰਘ ਦੇ ਮਗਰ, ਆਲਾ-ਦੁਆਲਾ ਝਾਕ ਕੇ, ਮੈਂ ਘੋਨਾ ਮੱਲ ਮਾਘੀ ਰਾਮ ਦੀ ਹਟ ਅੰਦਰ ਚਲਿਆ ਗਿਆ।

"ਆਓ ਜੀ ਸਰਦਾਰ ਜੀ, ਆਓ, ਅੱਗੋਂ ਆ ਕੇ ਬੈਠੋ ਸੁਆਰ ਕੇ।" ਇਕ ਸ਼ਾਹ ਨੇ ਗਾਵੇ ਉਤੇ ਢੋ ਲਾਇਆਂ ਹੁੱਕੇ ਦੀ ਨੜੀ ਨੂੰ ਮੂੰਹ ਅਗੋਂ ਹਟਾ ਕੇ ਆਖਿਆ। ਇਕ ਹੋਰ ਸ਼ਾਹ ਪੱਟਾਂ ਉਤੇ ਲੰਮੀ ਸਾਰੀ ਬਹੀ ਖੋਲ੍ਹੀ ਬੈਠਾ ਸੀ। ਇਕ ਆਲੇ ਵਿਚ ਲੱਛਮੀ ਦੀ ਪਿੱਤਲ ਦੀ ਮੂਰਤੀ ਪਈ ਸੀ: ਇਸ ਦੇ ਅਗੇ ਧੂਫ ਧੁਖ ਰਹੀ ਸੀ। ਇਕ ਮੈਲੇ ਕਪੜਿਆਂ ਵਾਲਾ ਪੱਲੇਦਾਰ ਦਿਹਲੀ ਵਿਚ ਬੈਠਾ ਹੌਲੀ ਹੌਲੀ ਪੱਖਾ ਖਿਚ ਰਿਹਾ ਸੀ। ਇਕ ਤਖ਼ਤੇ ਨੂੰ ਜ਼ਰਾ ਕੁ ਢੋ ਕੇ ਮੈਂ ਉਹਦੀ ਓਟ ਵਿਚ ਬਹਿ ਗਿਆ।

ਡਾਕਟਰ ਚੇਤ ਸਿੰਘ ਸ਼ਾਹਾਂ ਦੇ ਕੌਲ ਨੂੰ ਹੋ ਕੇ ਮੇਰੇ ਵਾਸਤੇ ਮਿੰਨਤ ਜਿਹੀ ਨਾਲ ਗੱਲ ਬਾਤ ਕਰਨ ਲੱਗਿਆ। ਮੈਥੋਂ ਗਹਿਣਿਆਂ ਦਾ ਡੱਬਾ ਲੈ ਕੇ ਉਹਨਾਂ ਨੂੰ ਫੜਾ ਦਿਤਾ। ਸ਼ਾਹਾਂ ਦੇ ਕਹਿਣ ਤੋਂ ਇਕ ਆਦਮੀ ਸੋਨਾ ਤੁਲਾ ਕੇ ਸੁਨਿਆਰ ਤੋਂ ਪਰਚੀ ਲੈ ਆਇਆ।

ਇਕ ਸ਼ਾਹ ਨੇ ਹੁੱਕੇ ਦਾ ਘੁਟ ਭਰ ਕੇ, ਖੰਘ ਨਾਲ ਧੂੰਆਂ ਛੱਡਦਿਆਂ ਮੈਨੂੰ ਆਖਿਆ, "ਸਰਦਾਰ ਜੀ, ਗਿਆਰਾਂ ਤੋਲੇ ਸੋਨਾ ਏ ਸਾਰਾ। ਖੱਟਾ, ਖਰਾ, ਫੁਟ, ਮਿਲਾਉਟ ਸਭ ਵਿਚਿ ਐ ਇਕ ਸੌ ਦਸ ਦਾ ਭਾ ਏ ਅਜ ਸੋਨੇ ਦਾ। ਪਰ ਅਸੀਂ ਥੋਨੂੰ ਛੇ ਸੌ ਰੁਪਏ ਦੇ ਸਕਾਂਗੇ। ਰੁਪਿਆ ਸੈਂਕੜੇ ਦਾ ਵਿਆਜ ਹੋਊ—ਛਈਂ ਮਹੀਨੀਂ ਲੇਖਾ ਕਰਨਾ।"

"ਰੁਪਏ ਸੈਂਕੜੇ ਦਾ ਵਿਆਜ ?" ਮੈਂ ਹੈਰਾਨ ਹੋ ਗਿਆ। ਮੈਂ ਕਿਹਾ, "ਲਾਲਾ ਜੀ, ਜਦੋਂ ਚੀਜ਼ ਰੱਖਣੀ ਹੋਵੇ, ਤਾਂ ਵੀ ਐਨਾ ਵਿਆਜ ? ਇਸ ਭਾਅ ਤਾਂ ਖੁਲ੍ਹੀ ਰਕਮ ਮਿਲ ਸਕਦੀ ਐ।"

ਝਟ ਦੂਜੇ ਲਾਲੇ ਨੇ ਭਾਰੇ ਭਾਰੇ ਸੰਘ ਨਾਲ ਕਾਹਲੀ ਕਾਹਲੀ ਬੋਲਦਿਆਂ ਕਿਹਾ, "ਚੀਜ਼ ਤਾਂ ਥੋਡੀਓ ਪਈ ਰਹਿਣੀ ਐ ਸਰਦਾਰ ਜੀ, ਤੁਸੀਂ ਓ ਮਾਲਿਕ ਓਂ ਆਪਣੀ ਚੀਜ਼ ਦੇ, ਜਦ ਮਰਜ਼ੀ ਲੈ ਜਾਇਓ, ਅਸੀਂ ਤਾਂ ਕੁਲ ਇਸੇ ਇਕ ਛਿੱਲੜ ਦੇ ਲਾਗੂ ਆਂ। ਦੇਖ ਲਓ, ਆਪਣਾ ਪੁਗਦਾ -ਸਾਨੂੰ ਨ੍ਹੀਂ ਏਦੋਂ ਘਟ ਪੜਤਾ ਖਾਣਾ।"

ਮੈਂ ਚੇਤ ਸਿੰਘ ਵੱਲ ਝਾਕਿਆ। ਉਹਨੇ ਵੀ ਸਿਰ ਜਿਹਾ ਮਾਰ ਕੇ ਆਖ ਦਿਤਾ, "ਆਹੋ, ਠੀਕ ਐ-ਠੀਕ ਐ ਬਲਬੀਰ ਸਿਆਂਹ, ਜਿਵੇਂ ਸੇਠ ਜੀ ਕਹਿੰਦੇ ਨੇ ਇਹੋ ਸ਼ਰ੍ਹਾ ਏ ਅੱਜ ਕੱਲ੍ਹ।"

ਚੇਤ ਸਿੰਘ ਦੇ ਕਹਿਣ ਉਤੇ ਮੈਨੂੰ ਵੀ ਮੰਨਣਾ ਪਿਆ।

ਵੱਡੀ ਸਾਰੀ ਬਹੀ ਉਤੇ ਲਿਖਤ ਹੋਣ ਲੱਗੀ। ਮੈਂ ਹਰਾਸਿਆ ਜਿਹਾ ਬੈਠਾ ਸੀ। ਇਕ ਸ਼ਾਹ ਨੇ ਮੇਰੇ ਚਿਹਰੇ ਵਲ ਦੇਖ ਕੇ ਮੈਨੂੰ ਧਰਵਾਸ ਦੇਣਾ ਚਾਹਿਆ, 'ਥੋਡਾ ਸਾਡਾ ਕੋਈ ਨਵਾਂ ਵਾਹ ਨ੍ਹੀ ਬਲਬੀਰ ਸਿੰਘ। ਤੇਰੇ ਪਿਓ-ਦਾਦੇ ਤੋਂ ਥੋਡੇ ਨਾਲ ਸਾਡਾ ਵਾਹ ਚੱਲਿਆ ਆਉਂਦੈ—ਬੜੀਆਂ ਗਰਜ਼ਾਂ ਸਾਰੀਆਂ ਨੇ ਅਸੀਂ ਥੋਡੀਆਂ-ਘਰ ਆਲੀ ਗੱਲ ਰਹੀ ਐ—ਜਦ ਕੋਈ ਗਰਜ਼ ਪਵੇ, ਬੇਸ਼ੱਕ ਆ ਜਾਇਆ ਕਰ, ਜਕਣ ਦੀ ਲੋੜ ਨੀ—ਸਭ ਦੇ ਉਹਲੇ ਸਾਡੇ ਕੋਲ ਢਕੇ ਜਾਂਦੇ ਨੇ...!"

ਲੰਡਿਆਂ ਦੀ ਲੰਮੀ ਸਾਰੀ ਲਿਖਤ ਹੇਠਾਂ ਮੈਂ ਦਸਖਤ ਕਰ ਦਿਤੇ। ਚੇਤ ਸਿੰਘ ਨੇ ਗੁਆਹ ਪਾਈ। ਛੇ ਸੌ ਰੁਪਏ ਦੇ ਨੋਟ ਤੇ ਗਹਿਣਿਆਂ ਦੀ ਰਸੀਦ ਲੈ ਕੇ ਮੈਂ ਘਰ ਨੂੰ ਤੁਰ ਪਿਆ।

ਘਰ ਆ ਕੇ ਦੇਖਿਆ, ਮੇਰੀ ਪਤਨੀ ਛਤਨੇ ਹੇਠ ਕੌਲੇ ਨਾਲ ਲੱਗੀ ਚੁੱਪ ਚਾਪ ਬੈਠੀ ਸੀ। ਇਕ ਪਾਸੇ ਪੰਘੂੜੀ ਉਤੇ ਪਈ ਨਿਕੀ ਕੁੜੀ ਵਿਲਕਦੀ ਸਾਂ। ਵਿਹੜੇ ਨੂੰ ਅੱਧ ਤੱਕ ਸੁੰਭਰ ਕੇ ਵਿਚਾਲੇ ਹੀ ਕੁੜੀ ਉਤੇ ਸੂਹਣ ਛੱਡੀ ਸੀ। ਸੁਆਹ ਨਾਲ ਅੱਟੇ ਹੋਏ ਚੁਲ੍ਹੇ ਚੋਂ ਧੁਖਦੀ ਧੂੰਏਂ ਦੀ ਧਾਰ ਹਵਾ ਵਿਚ ਮੇ੍ਲਦੀ ਸੀ। ਘੜੌਂਜ ਉਤੇ ਪਏ ਘੜੇ ਦਾ ਚੱਪਣ ਪਰੇ ਸੁੱਟ ਕੇ ਇਕ ਕਾਂ ਵਿਚੋਂ ਪਾਣੀ ਦੀਆਂ ਠੁੰਗਾਂ ਭਰ ਭਰ ਉਡੀ ਜਾਂਦਾ ਸੀ। ਪਲ ਭਰ ਲਈ ਮੈਨੂੰ ਜਾਪਿਆ : ਗਹਿਣੇ ਸੱਚ ਮੁਚ ਤੀਵੀਂ ਨੂੰ ਪਿਆਰੇ ਹੁੰਦੇ ਹਨ—ਉਹਦੇ ਸੁਹਾਗ ਦੀ ਨਿਸ਼ਾਨੀ—ਕਿਸੇ ਦਿਨ

ਦਿਹਾਰ ਨੂੰ ਜਦੋਂ ਮੇਰੀ ਪਤਨੀ ਗਹਿਣੇ ਪਾਉਂਦੀ ਤਾਂ ਜਾਣੇ ਬਣ ਬਣ ਪੈਂਦੀ ਸੀ—ਉਹਦੇ ਗੋਰੇ ਰੰਗ ਉਤੇ ਝੂੰਮ ਝੂੰਮ ਸੁੰਹਦੇ ਗਹਿਣੇ......। ਤੇ ਹੁਣ ਮੈਨੂੰ ਸਾਰਾ ਘਰ ਬੁੱਚਾ ਬੁੱਚਾ ਜਾਪਦਾ ਸੀ।

ਮੈਨੂੰ ਆਇਆ ਦੇਖ, ਚਿਹਰੇ ਉਤੋਂ ਚਿੰਤਾ ਦੇ ਚਿੰਨ੍ਹ ਹਟਾਉਂਦਿਆਂ, ਮੇਰੀ ਪਤਨੀ ਨੇ ਪੰਘੂੜੀ ਉਤੋਂ ਵਿਲਕਦੀ ਕੁੜੀ ਚੁੱਕ ਲਈ ਤੇ ਉਹਨੂੰ ਪੋਲਾ ਪੋਲਾ ਥਾਪੜ ਕੇ ਦੁੱਧ ਚੁੰਘਾਉਣ ਲੱਗੀ।

ਰੁਪਿਆ ਤਾਂ ਹੁਣ ਮੇਰੇ ਕੋਲ ਸੀ। ਘੱਟੋ ਘੱਟ ਇਕ ਪਰਚੇ ਜੋਗਾ ਖੁਲ੍ਹਾ ਖ਼ਰਚ। ਪਰ, ਹੁਣ ਪਰਚਾ ਕੱਢਣ ਦਾ ਕੋਈ ਖ਼ਿਆਲ ਮੇਰੇ ਮਨ ਵਿਚ ਨਹੀਂ ਸੀ ਰਿਹਾ। ਵੱਡੀ ਸੋਚ ਇਹ ਸੀ ਕਿ ਉਹਨਾਂ ਸ਼ਾਹਾਂ ਕੋਲ ਗਹਿਣੇ ਧਰ ਆਉਣੇ ਤਾਂ ਸੌਖੇ ਹਨ, ਛੁਡਾ ਕੇ ਲਿਆਉਣੇ ਬੜੇ ਔਖੇ ਹੋਣਗੇ। ਸੱਪ ਦੇ ਸਿਰੋਂ ਕੌਡੀ ਕੱਢ ਕੇ ਲਿਆਉਣ ਵਾਲੀ ਗੱਲ ਹੋ ਜਾਣੀ ਹੈ। ਦੂਜੇ ਮੈਨੂੰ ਖ਼ਿਆਲ ਆਇਆ: ਕਈ ਦੋਸਤ ਆਖਿਆ ਕਰਦੇ ਸਨ ਕਿ ਜਦੋਂ ਮੈਂ ਪਰਚਾ ਕੱਢਣਾ ਹੋਵੇਗਾ, ਉਹ ਮੇਰੀ ਮਾਲੀ ਸਹਾਇਤਾ ਕਰਨਗੇ। ਏਦੋਂ ਵਧ ਫੇਰ ਕਦੋਂ ਮੌਕਾ ਹੋਣਾ ਇ ? ਜਿੰਨੇ ਵਧ ਤੋਂ ਵਧ ਰੁਪਏ ਕੋਲ ਹੋਣ, ਉਨੇ ਥੋਹੜੇ। ਕਿਉਂ ਨਾ ਉਹਨਾਂ ਤੋਂ ਹੁਣ ਮੰਗਾਂ ? ਪਰ ਜਦੋਂ ਮੰਗਣ ਗਿਆ, ਤਾਂ ਸਾਰਿਆਂ ਨੇ ਜੁਆਬ ਦੇ ਦਿਤਾ। ਕਿਸੇ ਨੇ ਕਿਸ਼ਤ ਤਾਰਨੀ ਸੀ। ਕੋਈ ਮੱਝ ਲੈ ਬੈਠਾ। ਕਿਸੇ ਕੋਠਾ ਛੱਤ ਲਿਆ।

ਹੁਣ ਤਸਵੀਰ ਦਾ ਦੂਜਾ ਪਾਸਾ ਮੇਰੇ ਸਾਹਮਣੇ ਆਇਆ। ਮੈਂ ਸੋਚਿਆ: ਜਿਹੜੇ ਕਹਿੰਦੇ ਨੇ ਅਸੀਂ ਚੰਦੇ ਭੇਜਾਂਗੇ, ਅਸੀਂ ਰਕਮਾਂ ਘਲਾਂਗੇ, ਉਹਨਾਂ ਤਾਂ ਕਿਸੇ ਵੀ ਨੇੜੇ ਨਹੀਂ ਲੱਗਣਾ। ਸੜਨਾ ਮੁਰਦੇ ਨੂੰ ਪੈ ਜਾਣੈ, ਕਾਨ੍ਹੀਂ ਤਾਂ ਪਰ੍ਹੇ ਹੋ ਕੇ ਖੜ ਜਾਣਗੇ।

ਨਵੀਂ ਚਿੰਤਾ ਖੜੀ ਹੋ ਗਈ। ਪਰ ਹੁਣ ਪਹਿਲਾਂ ਨਾਲੋਂ ਬਿਲਕੁਲ ਵੱਖਰੀ ਤਰ੍ਹਾਂ ਦੀ ਚਿੰਤਾ ਸੀ: ਗਹਿਣੇ ਮੁੜ ਨਹੀਂ ਸਕਣੇ, ਘਰ ਵਿਚ ਕਲੇਸ਼ ਪੈ ਜੂ, ਨੰਗ ਮਲੰਗ ਹੋ ਕੇ ਬਹਿ ਜਾਊਂਗਾ। ਨਿੱਕੇ ਮਸੂਮਾਂ ਨਾਲ ਅੱਡ ਧੋਖਾ। ਤੇ ਮੈਂ ਸੋਚਿਆ 'ਭੱਠ ਪਏ ਸੋਨਾ ਜਿਹੜਾ ਕੰਨਾਂ ਨੂੰ ਖਾਵੇ—ਦਫ਼ਾ ਕਰ ਪਰਚੇ ਨੂੰ—ਨਾਲੇ ਸਿਰਫ਼ ਸ਼ੌਕ ਪੂਰਨ ਲਈ ਪਰਚਾ ਕੱਢਣ ਦਾ ਕੀ ਮਤਲਬ? ਤੇ ਰਹੀ ਛਪਣ ਦੀ ਗੱਲ, ਮੈਂ ਲਿਖਾਂ, ਵਿਚਾਰਾਂ, ਫੇਰ ਸੋਧ ਕੇ ਲਿਖਾਂ-ਕੀ ਹੋਇਆ ਜੋ ਮੈਨੂੰ ਕੋਈ ਛਾਪਦਾ ਨਹੀਂ ? ਮੈਨੂੰ ਦਿਲ ਨਹੀਂ ਛੱਡਣਾ ਚਾਹੀਦਾ, ਸਗੋਂ ਇਸ ਗੱਲੋਂ ਸਿੱਖਣਾ ਚਾਹੀਦੇ। ਚੰਗੇ ਲਿਖਾਰੀਆਂ ਨੂੰ ਪੜ੍ਹਾਂ। ਜੋ ਵੀ ਲਿਖਾਂ, ਪਹਿਲਾਂ ਆਪਣੇ ਦੋਸਤਾਂ ਸਾਥੀਆਂ ਨੂੰ

ਸੁਣਾਵਾਂ, ਉਹਨਾਂ ਦੀ ਪੜਚੋਲ ਸਹਾਂ, ਮੇਰਾ ਹੁਨਰ ਨਿੱਖਰ ਕੇ ਆਵੇਗਾ। ਮੈਂ ਜ਼ਰੂਰ ਉੱਨਤੀ ਕਰਾਂਗਾ। ਜਿਹੜੇ ਪਰਚੇ ਅੱਜ ਮੇਰੀਆਂ ਚੀਜ਼ਾਂ ਮੋੜ ਦਿੰਦੇ ਹਨ, ਉਹ ਜ਼ਰੂਰ ਛਾਪਣਗੇ, ਮੈਂ ਉਨ੍ਹਾਂ ਨੂੰ ਮਜਬੂਰ ਕਰ ਦਿਆਂ....।" ਸਿਆਣੇ ਪ੍ਰੋਫੈਸਰ ਦੀਆਂ ਕਹੀਆਂ ਗੱਲਾਂ ਹੁਣ ਮੇਰੇ ਮਨ ਲੱਗੀਆਂ ਤੇ ਸਿਰ ਨੂੰ ਚੜ੍ਹੀ ਹੋਈ ਸਾਰੀ ਹਨੇਰੀ ਲਹਿ ਗਈ।

ਅਗਲੀ ਸਵੇਰ ਮੈਂ ਸਾਝਰੇ ਉਠਿਆ, ਛੇ ਸੌ ਰੁਪਏ ਦੇ ਨੋਟਾਂ ਵਾਲੀ ਪੋਟਲੀ ਝੋਲੇ 'ਚ ਪਾਈ ਤੇ ਮੰਡੀ ਨੂੰ ਹੋ ਲਿਆ। ਉਥੋਂ ਚੇਤ ਸਿੰਘ ਨੂੰ ਲੈ ਕੇ ਘੋਨਾ ਮੱਲ ਮਾਘੀ ਰਾਮ ਦੀ ਹੱਟੀ ਉਤੇ ਗਿਆ। ਉਹ ਕੁਝ ਅੱਖਾਂ ਵਟਾਉਂਦੇ ਜਾਣ। ਪਰ ਸੌ ਗੱਲ ਬਣਾ ਕੇ ਛੇ ਸੌ ਰੁਪਏ ਦੇ ਨੋਟ ਉਵੇਂ ਉਹਨਾਂ ਅੱਗੇ ਧਰ ਦਿਤੇ। ਨਾਲ ਇਕ ਮਹੀਨੇ ਦੇ ਵਿਆਜ ਵਜੋਂ ਛੇ ਰੁਪਏ।

ਸਹੀ ਸਲਾਮਤ ਗਹਿਣੇ ਵਾਪਸ ਲੈ ਕੇ, ਹੌਲੀ ਫੁਲ ਛਾਤੀ ਨਾਲ, ਮੈਂ ਘਰ ਨੂੰ ਮੁੜ ਪਿਆ। ਉਦੋਂ ਮੈਨੂੰ ਜਾਪਿਆ ਸੀ, ਉਹ ਗਹਿਣੇ ਮੈਂ ਕਿਤੋਂ ਲੁਟ ਕੇ ਲੈ ਆਇਆ ਹਾਂ।

*****

# ਸਵੇਰ ਹੋਣ ਤਕ

ਡੂੰਘੀ ਰਾਤ ਗਿਆਂ, ਚੰਨਣ ਜੱਟ, ਪੱਕੇ ਖੂਹ ਦੀਆਂ ਪੈਲੀਆਂ ਵਾਹ ਕੇ, ਥਕੇਵੇਂ ਦਾ ਝੰਭਿਆ, ਘਰ ਮੁੜਿਆ। ਹਾੜ੍ਹ ਦੇ ਪਹਿਲੇ ਮੀਂਹ ਨੇ ਸਾਉਣੀ ਦੀਆਂ ਬਿਜਾਈਆਂ ਲਈ ਜ਼ੋਰ ਪਾ ਦਿੱਤਾ ਸੀ। ਹੁਣ ਵੱਤ ਆਈ ਹੋਈ ਸੀ, ਫੇਰ ਪਤਾ ਨਹੀਂ ਝੜੀ ਲੱਗ ਜਾਵੇ, ਜਾਂ ਏਨੀ ਲੰਮੀ ਔੜ ਪਵੇ ਕਿ ਫਸਲਾਂ ਪਛੇਤੀਆਂ ਹੋ ਜਾਣ।

ਬਲਦਾਂ ਨੂੰ ਪੱਠੇ ਪਾ ਕੇ ਉਹਨੇ ਹੱਥ ਪੈਰ ਧੋਤੇ, ਕੋਠੇ ਉਤੇ ਰੋਟੀ ਖਾਧੀ ਤੇ ਅੱਖ ਦੱਬਣ ਲਈ ਮੰਜੇ ਉਤੇ ਟੇਢਾ ਹੋ ਗਿਆ। ਸਵੇਰੇ, ਵੱਡੇ ਤੜਕਿਓਂ ਜਾ ਕੇ ਮਾਰੂਆਂ ਦੀ ਟੁਕੜੀ ਵਿਚ ਜੁਆਰ ਦਾ ਛੱਟਾ ਖਿਲਾਰਨਾ ਤੇ ਫਿਰ ਆਥਣ ਜੋਤੇ ਪੱਕੇ ਖੂਹ ਦੀ ਦੋਹਰ ਕਰਕੇ ਮੱਕੀ ਬੀਜਣੀ ਸੀ।

ਸੁੱਖ ਵਿਚ ਲੱਤਾਂ ਲਮਿਆਰ ਕੇ ਉਹ ਖਿੜੇ ਹੋਏ ਤਾਰਿਆਂ ਵਲ ਤੱਕਦਾ ਨੀਂਦ ਦੇ ਲੋਰ ਵਿਚ ਅੱਖ ਲਾਉਣ ਹੀ ਲੱਗਿਆ ਸੀ ਕਿ ਨਾਲ ਦੇ ਕੋਠੇ ਉਤੋਂ ਮੰਜਾ ਡਾਹੁੰਦਿਆਂ ਘੁੱਦਾ ਬੋਲਿਆ, "ਜਾਣੀਦਾ ਪੱਕੇ ਕੀ ਸਾਰੀ ਖੱਤੀ ਵਾਹ ਆਇਆ ਚੰਨਣਾ, ਮਖਾਂ ਬੋਲਦਾ ਨ੍ਹੀਂ, ਥੱਕਿਆ ਹੋਇੰਗਾ ?"

ਚੰਨਣ ਮੰਜੇ ਉਤੇ ਪਿਆ ਪਿਆ ਬੋਲਿਆ, "ਓ ਮਖਾਂ ਹੁਣ ਕਾਹਨੂੰ ਰੜਕ ਰੱਖਣੀ ਐਂ-ਜੋਤਾ ਹੋਰ ਕਸ ਕੇ ਲਾ ਲਈਏ-ਇਕ ਤਾਂ ਬੌਲਦ ਨ੍ਹੀਂ ਤੁਰਦਾ ਸਾਲਾ, ਜਮਾ ਈ ਰਹਿ ਖੜਿਆ।"

"ਕਿਹੜਾ, ਮੀਣਾ?"

"ਨਹੀਂ, ਦੂਆ ਲਾਖਾ, ਡਿੰਗ ਇ ਨ੍ਹੀ ਪੱਟਦਾ ਬਰਾਬਰ, ਤਾਹੀਂ ਤਾਂ ਆਹ ਵੇਲਾ ਆ ਗਿਆ।"

"ਭਾਈ ਖੁਰਾਕ ਦੀ ਗੱਲ ਐ ਸਾਰੀ... !" ਘੁੱਦੇ ਨੇ ਰੱਬ ਲੱਗਦੀ ਆਖੀ।

"ਖਰਾਕ ਹੁਣ ਪਾਈ ਤਾਂ ਜਾਨੇ ਆਂ...ਜਿੰਨੀ ਪਰੋਕੋਂ ਐ...।" ਚੰਨਣ ਦੀ ਵਾਜ ਵਿਚ ਬੇ-ਵਸੀ ਸੀ !

"ਆ... ਹੋ...।" ਘੁੱਦਾ ਮੰਜੇ ਉਤੇ ਟੇਢਾ ਹੋ ਗਿਆ।

ਤਾਰਿਆਂ ਭਰੀ ਨੀਲੀ ਛੱਤ ਵਲ ਤੱਕਦੇ ਚੰਨਣ ਦੀਆਂ ਅੱਖਾਂ ਵਿਚ ਉੱਘ ਆਉਣ ਲੱਗੀ। ਇਕ ਲੋਰ ਵਿਚ ਨੀਂਦ ਦਾ ਟੂਣਾ ਹੋ ਰਿਹਾ ਸੀ। ਤਾਰੇ ਉਹਦੀਆਂ ਅੱਖਾਂ ਵਿਚ ਧੂੜ ਦੇ ਕਿਣਕੇ ਬਣ ਗਏ ਤੇ ਪੱਕੇ ਖੂਹ ਦੇ ਲਹਿਰੀਏ ਸਿਆੜ ਉਹਦੇ ਸੁਫ਼ਨਿਆਂ ਵਿਚ ਫੈਲਣ ਲੱਗੇ। ਪਰਲੇ ਵਾਸ, ਟਿਕੀ ਰਾਤ ਵਿਚ ਟੈਂਕਰਦਾ ਕੁੱਤਾ ਨ੍ਹਿਮਾ ਨ੍ਹਿਮਾ ਹੁੰਦਾ ਉਹਦੀ ਸੁਰਤ ਚੋਂ ਵਿੱਸਰ ਗਿਆ।

ਛੰਨੇ ਵਿਚ ਦੁੱਧ ਲੈ ਕੇ, ਬਚਨੋ, ਚੰਨਣ ਦੇ ਮੰਜੇ ਕੋਲ ਆਈ, "ਲੈ ਫੜ, ਦੁੱਧ ਦੀ ਬੁੱਕ ਪੀ ਲੈ !"

ਚੰਨਣ ਦਾ ਠੌਂਕਾ ਲੱਗ ਰਿਹਾ ਸੀ।

"ਮਖਾਂ ਸੌਂ ਵੀ ਗਿਆ ਸੀਬੋ ਦਾ ਬਾਪੂ...?" ਉਹਨੇ ਚੰਨਣ ਦਾ ਮੋਢਾ ਝੂਣਿਆ।

"ਹਾਂ ਹਾਂ..." ਚੰਨਣ ਅੱਭੜ ਕੇ ਬੋਲਿਆ।

"ਲੈ ਫੜ, ਦੁੱਧ ਪੀ ਲੈ ਉਠ ਕੇ ਕੋਸਾ ਕੋਸਾ।"

ਚੰਨਣ ਉਠ ਕੇ ਮੰਜੇ ਉਤੇ ਬਹਿ ਗਿਆ,ਤੇ ਦੁੱਧ ਦਾ ਛੰਨਾ ਫੜਕੇ ਊਂਘਦਾ ਊਂਘਦਾ ਪੀਣ ਲੱਗਾ। ਆਲੇ ਦੁਆਲੇ ਕੋਠਿਆਂ ਉਤੇ ਲੋਕ ਚੁਪ ਚਾਪ ਪਏ ਸਨ। ਘੁੱਦੇ ਦੀ ਵੀ ਅੱਖ ਲੱਗੀ ਜਾਪਦੀ ਸੀ। ਬਚਨੋ ਪੈਂਦ ਵਲ ਮੰਜੇ ਦੀ ਬਾਹੀ ਉਤੇ ਬਹਿ ਗਈ। ਲੋਹੜੇ ਦਾ ਵੱਟ ਹੋ ਰਿਹਾ ਸੀ। ਉਦੋਂ ਹੀ ਇਕ ਪਾਣੀ ਦਾ ਭਿਜਿਆ ਬੁਲਾ ਆਇਆ। ਦੂਰ, ਪਹਾੜ ਦੀ ਕੁੱਖ ਵਿਚ ਕਾਲੀ ਘਟਾ ਘਿਰੀ ਹੋਈ ਸੀ, ਜਿਸ ਵਿਚੋਂ ਕਦੇ ਕਦੇ ਬਿਜਲੀ ਅੱਖ ਮਾਰ ਜਾਂਦੀ ! ਬਚਨ ਨੇ ਹੌਲੀ ਜੇਹੀ ਆਖਿਆ, "ਬੱਦਲ ਅਜ ਫੇਰ ਖੌਰੇ ਮੰਜੇ ਹੇਠਾਂ ਲੁਹਾ ਕੇ ਹਟੇ !'

ਖ਼ਾਲੀ ਛੰਨਾ ਬਚਨੋ ਵੱਲ ਕਰਦਿਆਂ ਉਹਨੇ ਹੁੰਗਾਰਾ ਦਿੱਤਾ, "ਸੋਣਾ ਕਿਹੜਾ ਮਿਲਦੇ ਸਹੁਰਾ ਨੀਂਦ ਭਰ ਕੇ—ਦੋ ਰਾਤਾਂ ਹੋ ਗੀਆਂ ਇਸੇ ਤਰ੍ਹਾਂ...।"

ਨੀਂਦ ਵਿਚ ਕੀਲਿਆ ਚੰਨਣ ਫੇਰ ਮੰਜੇ ਉਤੇ ਢੇਰੀ ਹੋ ਗਿਆ। ਪੈਂਦ ਪਈ ਖੇਸੀ ਉਹਨੇ ਟੰਗਾਂ ਉਤੇ ਖਿੱਚ ਲਈ। ਬਚਨੋ ਦੇ ਮੰਜੇ ਉਤੋਂ ਨਿੱਕੀ ਕੁੜੀ ਵਿਲਕ ਉਠੀ। ਉਹ ਉਠ ਕੇ ਉਹਦੇ ਨਾਲ ਜਾ ਪਈ। ਵੱਟ ਫੇਰ ਹੋ ਗਿਆ ਸੀ। ਅਧ-ਪਹਿਰ ਵੀ ਨਹੀਂ ਬੀਤਿਆ ਹੋਣਾ ਕਿ ਚੰਨਣ ਦੇ ਪਿੰਡੇ ਉਤੇ ਸੂਈ ਜੇਹੀ ਆ ਚੁਭੀ। ਉਹਨੇ ਪਾਸਾ ਪਰਤਿਆ। ਉਸੇ ਤਰ੍ਹਾਂ ਇਕ ਹੋਰ ਤੇ ਉਹਦੀ ਨੀਂਦ ਭੰਗ ਹੋਣ ਲੱਗੀ।

“ਕਣੀ ਲੱਗ ਪਈ ਡਿਗਣ ਕੋਈ ਕੋਈ...!" ਉਹਦੇ ਕੰਨ-ਵਲੇਲ ਪਈ; ਜਿਵੇਂ ਘੁੱਦਾ ਆਪਣੇ ਮੰਜੇ ਤੋਂ ਬਿਰਕਿਆ ਹੋਵੇ।

"ਮਖਾਂ ਸੀਬੋ ਦਾ ਬਾਪੂ ...!" ਬਚਨੋਂ ਨੇ ਲਲਕਾਰ ਕੇ ਆਖਿਆ, “ਮੰਜੇ ਤਾਂ ਲਾਹੁਣੇ ਈ ਪੈਣਗੇ ਠਾਹਾਂ !"

“ਨੀ ਮਖਾਂ ਪਏ ਰਹੋ—ਕਿਤੇ ਨ੍ਹੀ ਪਰਲੋਂ ਆਉਂਦੀ !” ਚੰਨਣ ਨੇ ਖੇਸੀ ਹੋਰ ਉਤੇ ਖਿੱਚ ਕੇ ਸੁਆਰ ਲਈ।

"ਫੇਰ ਹਬੜ ਦਬੜ ਪੈ ਜਾਣੀ ਆਂ... !" ਬਚਨੋ ਫਿਕਰ ਨਾਲ ਘਾਬਰਦੀ ਸੀ।

"ਕਿਤੇ ਨ੍ਹੀ ਪੈਂਦੀ—ਤੂੰ ਪਈ ਰਹੁ।"

ਗੱਲ ਅਜੇ ਚੰਨਣ ਦੇ ਮੂੰਹ ਵਿਚ ਹੀ ਸੀ ਕਿ ਮੋਟੇ ਮੋਟੇ ਕਣਿਆਂ ਨੇ ਇਕ ਦਮ ਹੱਲਾ ਬੋਲ ਦਿੱਤਾ। ਆਲੇ ਦੁਆਲੇ ਸਾਰੇ ਕੋਠਿਆਂ ਉਤੇ ਹਫੜਾ ਦਫੜੀ ਮਚ ਗਈ। ਮੰਜੀਆਂ, ਪੰਘੂੜਿਆਂ ਉਤੇ ਜੁੱਲੀਆਂ, ਪਰੋਲਿਆਂ ਵਿਚ ਪਏ ਘੁਕ ਨਿਆਣੇ ਡੌਰ ਭੌਰ ਹੋ ਉਠੇ। ਚੰਨਣ ਬੌਂਦਲ ਕੇ ਮੰਜੇ ਉਤੇ ਦਰੀ ਦੀ ਪੂਣੀ ਕਰਨ ਲੱਗਾ। ਬਚਨੋ ਨੇ ਤਿੱਖੀ ਹੋ ਕੇ ਆਖਿਆ, “ਤੂੰ ਐਥੇ ਗਿਣਤੀਆਂ ਕੀ ਗਿਣੀ ਜਾਨੈ, ਉਤਰ ਕੇ ਮੰਜੇ ਫੜ, ਮੈਂ ਉਤੋਂ ਲਮਕਾਉਨੀਆਂ !’'

ਵਾਛੜ ਦੇ ਕਣਤਾਏ ਕਚਨੀਂਦਰੇ ਨਿਆਣੇ ਰੋਣ ਲੱਗੇ

ਗਲੀ ਵਿਚ ਖਲੋ ਕੇ ਚੰਨਣ ਬਨੇਰੇ ਉਤੋਂ ਮੰਜੇ ਬਿਸਤਰੇ ਫੜਨ ਲੱਗਾ। ਬਚਨੋਂ ਮੀਂਹ ਵਿਚ ਬੌਂਦਲੀ ਛੇਤੀ ਛੇਤੀ ਲਮਕਾਈ ਜਾਂਦੀ ਸੀ। ਪਤਾ ਨਹੀਂ ਸੁੱਕੇ ਅੰਬਰ ਕਿਥੋਂ ਕਟਕ ਚੜ੍ਹ ਕੇ ਆ ਗਿਆ। ਦੇਖਦੇ ਹੀ ਦੇਖਦੇ ਪਣਤਾਲੇ ਚੱਲਣ ਲੱਗ ਪਏ।

ਦੀਵਾ ਬਾਲ ਕੇ ਮੀਂਹ ਵਿਚ ਭਿਜੇ ਸਿਜੇ ਨਿਆਣਿਆਂ ਨੂੰ ਚੰਨਣ ਨੇ ਮੰਜਿਆਂ ਉਤੇ ਸੁੱਟ ਦਿੱਤਾ। ਦਲਾਨ ਅਤੇ ਕੋਠੜੀਆਂ ਦੇ ਮੋਘੇ ਢੱਕ ਕੇ ਪਾਣੀ ਨਾਲ ਨੁੱਚੜਦੀ ਬਚਨੋ ਥੱਲੇ ਆ

ਗਈ ਤੇ ਕੁੜਤੀ ਦਾ ਪੱਲਾ ਨਚੋੜਦੀ ਖਿਝ ਨਾਲ ਕੁੜ੍ਹ ਕੇ ਬੋਲੀ, "ਜੋਤੇ ਦੀ ਕਹਿਨੀਆਂ, ਬੱਦਲ ਸਿਰ ਤੇ ਖੜ੍ਹੈ, ਜੱਦੇ ਨੇ ਸਿਰ ਇ ਨ੍ਹੀਂ ਚੱਕਿਆ।"

ਸਾਰੇ ਜਣੇ ਦਲਾਨ ਵਿਚ ਮੰਜੀਆਂ ਜੁੱਲੀਆਂ ਉਤੇ ਕਿਤੇ ਨਾ ਕਿਤੇ ਡਿੱਗ ਪਏ। ਛਾਛੜੇ ਦਾ ਮੀਂਹ ਜਿਵੇਂ ਆਇਆ ਸੀ, ਉਵੇਂ ਇਕ ਦਮ ਚਲਾ ਗਿਆ। ਪਣਤਾਲੇ ਹੌਲੀ ਹੌਲੀ ਹੁੰਦੇ ਤਤੀਰੀਆਂ ਵਿਚ ਰਹਿ ਗਏ। ਅੰਦਰ ਲੋਹੜੇ ਦਾ ਹੁੰਮ ਸੀ। ਹੌਲੀ ਹੌਲੀ ਹਵਾ ਬਿਲਕੁਲ ਬੰਦ ਹੋ ਗਈ। ਦੀਵੇ ਦੀ ਲਾਟ ਸਿਧੀ ਸਤੋਰ ਖੜੀ ਸੀ। ਤੋੜ ਤੋੜ ਖਾਂਦਾ ਮੱਛਰ ਕੰਨਾਂ ਕੋਲ ਬੀਨ ਵਜਾਉਂਦਾ ਸੀ। ਸੁੱਤੇ ਪਏ ਨਿਆਣੇ ਤ੍ਰੇਲੀਆਂ ਵਿਚ ਗੱਚ ਹੋ ਗਏ। ਤੱਤੀ ਹਵਾੜ ਨਾਲ ਘਰ ਭੱਠੇ ਵਾਂਗ ਤਪ ਰਿਹਾ ਸੀ। ਅੱਕਲਕਾਣ ਹੋਇਆ ਚੰਨਣ ਲੜਨ ਵਾਂਗ ਬੋਲਿਆ, "ਮੋਘਾ ਤਾਂ ਖੁਲ੍ਹਾ ਰਹਿਣ ਦਿੰਦੀ।'"

"ਮੀਂਹ ਤਾਂ ਘਟ ਬੰਨ੍ਹ ਕੇ ਆ ਗਿਆ—ਫੇਰ ਕੌਣ ਜਾਂਦਾ ਉਪਰ ?"

"ਅੰਦਰ ਤਾਂ ਅੱਗ ਲੱਗੀ ਜਾਂਦੀ ਐ-ਮੱਛਰ ਊਂ ਤੋੜ ਤੋੜ ਖਾਂਦੈ।" ਚੰਨਣ ਨੇ ਪਿੰਡਾ ਖੁਰਕਦਿਆਂ ਕਿਹਾ।

ਪਸੀਨੇ ਵਿਚ ਪਿਚਕੀ ਹੋਈ ਕੈਲੋ ਪੰਘੂੜੀ ਉਤੇ ਠੋਸ ਠੋਸ ਕਰਨ ਲੱਗੀ। ਵਿਲਕਦੀ ਛੋਟੀ ਕੁੜੀ ਬਚਨੋ ਤੋਂ ਨਾਲ ਨਹੀਂ ਸੀ ਲਾਈ ਜਾਂਦੀ। ਉਹਨੇ ਪੱਖੀ ਝਲ ਕੇ ਨਿਆਣੀ ਨੂੰ ਚੁੱਪ ਕਰਾਉਣਾ ਚਾਹਿਆ। ਵੱਡੀ ਕੁੜੀ, ਸੀਬੋ, ਪਾਣੀ ਪਾਣੀ ਹੋਈ ਆਪਣੇ ਪੰਘੂੜੇ ਉਤੇ ਉਠ ਬੈਠੀ, ਬਾਬਾ ਨੀਂਦ ਕਿਹੜਾ ਆਉਂਦੀ ਐ ...!'

"ਨੀ ਬੇਬੇ, ਆਪਾਂ ਦੀਵ ਈ ਬੁਝਾ ਦੋ..!" ਸੀਬੋ ਤੋਂ ਛੋਟਾ ਭਿੰਦਰ ਬੋਲਿਆ। ਉਹਨੂੰ ਦੀਵੇ ਦੇ ਚਾਨਣ ਤੋਂ ਵੀ ਸੇਕ ਆਉਂਦਾ ਜਾਪਦ ਸੀ।

ਚੰਨਣ ਉਠ ਕੇ ਬਾਹਰ ਗਲੀ ਵਿਚ ਆਇਆ, "ਕਣੀਆਂ ਤਾਂ ਬੰਦ ਨੇ—ਬੱਦਲ ਤਾਂ ਦੀਂਹਦਾ ਨੀ ਕਿਤੇ ਹੁਣ !"

'ਜੈ ਖਾਣਾ ਐਵੇਂ ਭਾਜੜ ਪਾ ਦਿੰਦੇ ਅੱਜ ਕੱਲ੍ਹ ਦਾ ਮੀਂਹ !" ਬਚਨੋ ਪਈ ਪਈ ਅੰਦਰੋਂ ਬੋਲੀ।

"ਨੀ ਬੇਬੇ, ਗਲੀ ਚਿ ਕੱਢ ਲੋ ਮੰਜੇ..." ਸੀਬੋ ਨੇ ਕਾਹਲੀ ਪੈ ਕੇ ਆਖਿਆ।

"ਆਹੋ ਮੁੰਨੀ, ਗਲੀ ਵਿਚ ਡਾਹ ਲੈਨੇ ਆਂ।" ਚੰਨਣ ਅੰਦਰ ਆ ਕੇ, ਬਾਹਰ ਕੱਢਣ ਲਈ, ਮੰਜਾ ਚੁੱਕਣ ਲੱਗਾ।

ਬਚਨੋ ਉਠ ਕੇ ਬੂਹੇ ਵਿਚ ਆਈ ਤੇ ਉਪਰ ਵਲ ਤੱਕਣ ਲੱਗੀ, “ਹੁਣ ਤਾਂ ਦੀਂਹਦਾ ਨ੍ਹੀਂ ਕਿਸੇ ਪਾਸੇ-ਐਨ ਸਾਫ਼ ਐ ਅੰਬਰ।"

ਗੁਆਂਢੋਂ ਕੇਸਰੀ ਤਖਾਣੀ ਨੇ ਹੁੰਗਾਰਾ ਦਿੱਤਾ, “ਨੀ ਭਮਾਂ ਕੱਲਾ ਕੱਲਾ ਤਾਰਾ ਗਿਣ ਲੈ— ਜਦ ਦੇਂਦੈ, ਪਟਮੇਲੀ ਚੱਕ ਦਿੰਦੇ ਚੰਦਰਾ !"

“ਬਾਬਾ, ਮਾਲਕ ਨੂੰ ਕੌਣ ਕਹੇ..." ਉਤੇ ਚੜ੍ਹਾਉਣ ਲਈ, ਆਪਣੇ ਨੀਵੇਂ ਬਨੇਰੇ ਉਤੇ ਮੰਜੇ ਦੇ ਪਾਵੇ ਅੜਾਉਂਦਾ, ਘੁੱਦਾ ਬੋਲਿਆ।

“ਮਖਾਂ ਹੁਣ ਉਤੇ ਈ ਚੜਾ ਮੰਜੇ—ਗਲੀ 'ਚ ਨ੍ਹੀਂ ਸੂਤ ਰਹਿਣੇ !" ਬਚਨੋ ਨੇ ਗਲੀ ਵਿਚ ਮੰਜਾ ਡਾਹੁੰਦੇ ਚੰਨਣ ਨੂੰ ਆਖਿਆ।

“ਨੀ ਹੁਣ ਦੋ ਘੰਟੇ ਪਿਛੇ ਕਿਥੇ ਧੂਹ-ਘੜੀਸ ਕਰੀਏ-ਰਾਤ ਅੱਧੀ ਟੁਟ ਚੱਲੀ—ਦੇਖ ਤ ਖਿੱਤੀਆਂ ਕਿਥੇ ਸਰਕ ਆਈਆਂ !"

“ਗਲੀ 'ਚ ਕੀਹਦਾ ਕੀਹਦਾ ਡਾਹੇਂਗਾ ? ਨਾਲੇ ਸੌ ਡੰਗਰ, ਪਸੂ। ਤੂੰ ਚੱਲ ਉਤੇ, ਮੈਂ ਫੜਾਉਨੀ ਆਂ ਮੰਜੇ, ਘੜੀ ਰਾਮ ਨਾਲ ਤਾਂ ਲੰਘੇ।"

“ਚੰਗਾ ਫੇਰ, ਫੜਾ, ਸੀਬੋ ਚੱਕ ਤਾਂ ਭਾਈ ਨਿਆਣਿਆਂ ਨੂੰ, ਭਿੰਦਰ ਉਠ ਓਏ, ਮੰਜੇ ਕੱਢਾ ਬਾਹਰ !" ਕਹਿੰਦਿਆਂ ਚੰਨਣ ਪੌੜੀ ਦੇ ਡੰਡੇ ਚੜ੍ਹਦਾ ਬਨੇਰੇ ਉਤੇ ਜਾ ਬੈਠਿਆ।

ਬਚਨੋ ਨੇ ਬਾਹਾਂ ਉਤੇ ਸਹਾਰ ਕੇ ਮੰਜੇ ਤੇ ਬਿਸਤਰੇ ਫੜਾਏ। ਚੰਨਣ ਨੇ ਮੁੜ ਥਾਓਂ ਥਾਈਂ ਨਿਆਣਿਆਂ ਨੂੰ ਪਾਇਆ। ਬਚਨੋ ਨੇ ਦੀਵਾ ਬੁਝਾ ਕੇ ਜਿੰਦਾ ਲਾਇਆ ਤੇ ਪੌੜੀ ਦੇ ਸਿਖਰਲੇ ਡੰਡੇ ਚੜ੍ਹਦੀ ਬੋਲੀ, “ਹੇ ਬ੍ਹਾਗਰੂ—ਹੇਠਾਂ ਨਾਲੋਂ ਸਾਹ ਤਾਂ ਔਂਦੇ ! "

ਨਿਆਣਿਆਂ ਨੂੰ ਮੰਜੀਆਂ ਉਤੇ ਲਿਟਾ ਮੁਆਰ ਕੇ ਬਚਨੋ ਮੋਘਾ ਖੋਲ੍ਹਣ ਗਈ ਤਾਂ ਕੱਠੜੀ ਉਤੇ ਉਹਦੀ ਅੱਡੀ ਧਸ ਗਈ, ਤੇ ਫਿਰ ਮੁੜ ਕੇ ਆਉਂਦੀ ਦਾ ਬਨੇਰੇ ਉਤੇ ਪੈਰ ਤਿਲ੍ਹਕ ਗਿਆ। ਮਸੀਂ ਡਿਗਣ ਤੋਂ ਬਚਦੀ ਉਹ ਖਿਝ ਕੇ ਬੁੜ ਬੁੜਾਉਣ ਲੱਗੀ, "ਕੈ ਗੇਲ ਕਿਹੈ ਦੋਜਕੀ ਨੂੰ, ਰੋਹੀ ਆਲੀ ਕਿੱਕਰ ਵੱਢ ਕੇ ਦੋ ਖਣ ਉਤੇ ਛੱਤ ਲੈਨੇ ਆਂ—ਨਾਲੇ ਕੋਠੜੀ ਦੀਆਂ ਕੜੀਆਂ ਝਾੜ ਲਾਂਗੇ -- ਜੱਟ ਨੇ ਇਕ ਨ੍ਹੀ ਸੁਣੀ-ਲੋਕੀ ਐਸ਼ਾਂ ਲੁਟਦੀ ਐ-ਐਥੇ ਜੂਨ ਕੱਟਣੀ...!"

‘ ਨੀ ਹੁਣ ਤਿਹਾਸਮਾਂ ਛੱਤਣ ਬੈਠਾ ਮੈਂ ਕੁ !" ਉਹ ਕੋਠੇ ਜੇਡੀ ਧੀ ਦੇ ਕਾਰਜ ਬਾਰੇ ਆਖਣ ਲੱਗਾ ਸੀ ਕਿ ਉਹਨੂੰ ਕੋਲ ਪਈ ਮੁਟਿਆਰ ਧੀ ਦੀ ਲਿਹਾਜ ਮਾਰ ਗਈ।

"ਓ ਤੈਂ ਕੀ ਲੱਲ੍ਹਰ ਲਾਉਣੈ.. " ਲੜ੍ਹੂੰ ਲੜ੍ਹੂੰ ਕਰਦੀ ਉਹ ਮੰਜੇ ਕੋਲ ਆ ਗਈ।

“ਚੰਗਾ ਪੈ ਜਾਹ ਹੁਣ ਰਾਮ ਨਾਲ—ਟੈੜ ਟੈੜ ਲਾਈ ਐ ਵਾਧੂ-ਆਪ ਤੋਂ ਨੀਮੇ ਅਲ ਦੇਖਕੇ ਡੰਗ ਨਿਕਲਦੇ !"

“ਆਹੋ ਭਾਈ ਆਹੋ ਆਹ ਤਾਂ ਗੱਲ ਸੱਚ ਐ ਚੰਨਣ ਦੀ। ਨਾਲ ਦੇ ਘਰ ਦੀ ਨੀਵੀਂ ਛੱਤ ਤੋਂ ਕਰਮ ਸਿਹੁੰ ਦੀ ਅੰਮਾਂ ਨੇ ਹਾਂ ਵਿਚ ਹਾਂ ਮਿਲਾਈ।

ਵੱਟ ਨਾਲ ਫੇਰ ਸਾਹ ਬੰਦ ਹੋਣ ਲਗਾ ਸੀ, ਜਿਵੇਂ ਮੀਂਹ ਕਦੇ ਵਰ੍ਹਿਆ ਹੀ ਨਹੀਂ ਹੁੰਦਾ। ਬੱਬੀ ਅਤਰੀ ਦੇ ਵਿਹੜੇ ਵਿਚ ਉੱਗੀ ਕਿੱਕਰ ਚੁੱਪ ਚਾਪ ਖਲੋਤੀ ਸੀ। ਗਰਮੀ ਨਾਲ ਜਿੱਚ ਹੋਕੇ ਚੰਨਣ ਕੁਦਰਤ ਦੇ ਪ੍ਰਬੰਧ ਵਿਰੁਧ ਬੋਲਿਆ, ਕੋਈ ਚੰਦਰਾ ਪਾਪੀ ਬੈਠੈ ਪਹਿਰੇ ਉਤੇ ਅੱਜ ਤਾਂ-" ਪੱਤਾ ਨ੍ਹੀਂ ਹਿਲਦਾ।"

"ਮਾੜੇ ਦਾ ਦੁੱਖਿ ਦੁੱਖ.... !" ਹੇਠੋਂ, ਡੰਗਰਾਂ ਵਾਲੇ ਘਰ ਅੱਗੇ, ਗਲੀ ਵਿਚ ਮੰਜਾ ਡਾਹੀਂ ਪਿਆ ਮੈਂਗਲ ਵਿਹੜੇ ਆਲਾ ਬੋਲਿਆ। ਆਪਣੀ ਥਾਂ ਉਹ ਆਪ ਤਲੋਮੱਛੀ ਹੋ ਰਿਹਾ ਸੀ।

“ਨੀ ਬੇਬੇ, ਮੱਛਰ ਲੜੀ ਜਾਂਦੈ !" ਭਿੰਦਰ ਮੰਜੇ ਦੀ ਦੌਣ ਉਤੇ ਗਿੱਟੇ ਰਗੜਦਾ ਬੋਲਿਆ।

ਬੇਬੀ ਅਤਰੀ ਦੀ ਕਿੱਕਰ ਦੀਆਂ ਟਹਿਣੀਆਂ ਥੋੜਾ ਥੋੜਾ ਹਿੱਲਣ ਲੱਗੀਆਂ। ਨਿੱਕੀ ਨਿੱਕੀ ਹਵਾ ਰੁਮਕ ਪਈ, ਜਿਸ ਵਿਚ ਗਿੱਲੇ ਕੋਠਿਆਂ ਦੀ ਹਮਕ ਰਲੀ ਹੋਈ ਸੀ। ਘੁੱਦੇ ਨੇ ਸੁੱਖ ਦਾ ਸਾਹ ਲੈਂਦਿਆਂ ਆਪਣੇ ਮੰਜੇ ਤੋਂ ਕਿਹਾ, “ਲੈ ਬਈ ਚੰਨਣਾ, ਬਦਲ ਗਿਆ ਪਹਿਰਾ, ਆ ਬੈਠਾ ਕੋਈ ਧਰਮੀ ਪੁਰਸ਼।"

“ਆਹੋ ਪੁਤ...” ਦੂਰੋਂ ਕਰਮ ਸਿਹੁੰ ਦੀ ਅੰਮਾਂ ਬੋਲੀ, "ਧਰਮੀਆਂ ਦੀ ਕਿਹੜਾ ਤੋਟ ਐ ਜਗ 'ਚ।”

“ ਅਹਾ ਤਾਂ ਕੋਈ ਧਰੂੰ ਐਂ ਧਰੂੰ ਅੰਮਾਂ !" ਘੁੱਦਾ ਰੁਮਕਦੀ ਪੌਣ ਦੋ ਬੁਲ੍ਹੇ ਲੁੱਟਦਾ ਬੋਲਿਆ। ਚੰਨਣ ਦੀ ਅੱਖ ਲਗ ਰਹੀ ਸੀ। ਉਹਨੂੰ ਚੁਪ ਪਿਆ ਦੇਖ ਘੁੱਦੇ ਨੇ ਉੱਚੀ ਬੋਲ ਕੇ ਆਖਿਆ, “ਚੰਨਣਾ, ਓ ਚੰਨਣਾ !"

“ਹੋ ..” ਚੰਨਣ ਸੁਤ-ਅਣੀਂਦਾ ਸੀ।

"ਨੀਂਦ ਐਂਦੀ ਐ ?"

"ਆਹੋ..."

"ਚੰਗਾ ਫਰ, ਸੌਂ ਜਾ !" ਘੁੱਦੇ ਨੇ ਆਪ ਵੀ ਪਾਸਾ ਪਰਤ ਲਿਆ।

ਨਿੱਕੀ ਨਿੱਕੀ ਪੌਣ ਨੇ ਜਿਵੇਂ ਸਭ ਦੁਖ ਧੋ ਦਿਤੇ। ਪੋਲੇ ਪੋਲੇ ਹੱਥੀਂ ਪਿਆਰ ਨਾਲ ਝਸਦੀ ਕੁਦਰਤ ਲੋਰੀਆਂ ਦੇ ਰਹੀ ਸੀ। ਹੌਲੀ ਹੌਲੀ ਸਾਰੇ ਸੌਂ ਗਏ। ਚੰਨਣ ਸਰ੍ਹਾਣੇ ਬਾਂਹ ਦੇ ਕੇ, ਪਾਸੇ ਭਾਰ, ਨੀਂਦ ਵਿਚ ਗੜੂੰਦ ਹੋ ਗਿਆ।

ਅਚਣਚੇਤ ਭੁੱਖੇ ਸ਼ੇਰ ਵਾਂਗ ਪਿੰਡ ਉਤੇ ਬੱਦਲ ਘੋਰਿਆ। ਅੱਭੜ ਕੇ ਚੰਨਣ ਦੀ ਅੱਖ ਖੁਲ ਗਈ। ਮੋਟੇ ਮੋਟੇ ਭੂਰੇ ਬੱਦਲ, ਚੰਨ ਨੂੰ ਝੱਫ ਕੇ ਅਸਮਾਨ ਉਤੇ ਫੈਲ ਰਹੇ ਸਨ। ਪਤਲਾ ਜਿਹਾ ਘਸਮੈਲਾ ਹਨੇਰਾ ਛਾਇਆ ਹੋਇਆ ਸੀ। ਚੰਨਣ ਉਠ ਕੇ ਮੰਜੇ ਉਤੇ ਬਹਿ ਗਿਆ ਤੇ ਪੈਰਾਂ ਨਾਲ ਜੁੱਤੀ ਟੋਹਣ ਲੱਗਾ।

ਚਿੱਟੇ ਚਾਨਣ ਦੀ ਇਕ ਤਾਰ ਜਿਹੀ ਤੇਜ਼ੀ ਨਾਲ ਚੀਨੀਆਂ ਦੇ ਚੁਬਾਰੇ ਉਤੇ ਲਰਜ਼ੀ ਤੇ ਅਗਲੇ ਛਿਨ ਜ਼ੋਰ ਨਾਲ ਬਿਜਲੀ ਡਿੱਗਣ ਦੀ ਵਾਜ ਆਈ। ਡਰ ਨਾਲ ਨਿਆਣੇ ਰੋਣ ਤੇ ਕੁੱਤੇ ਭੌਂਕਣ ਲੱਗੇ। ਰਾਮ ਰਾਮ ਹੋਣ ਲੱਗੀ। ਚੰਨਣ ਦੀਆਂ ਚੁੰਧਿਆਈਆਂ ਅੱਖਾਂ ਅੱਗੇ, ਹਨੇਰੇ ਵਿਚ, ਕੋਈ ਪੀਲੀ, ਹਰੀ ਤੇ ਲਾਲ ਤਾਰ ਅਜੇ ਤਕ ਲਰਜ਼ ਰਹੀ ਸੀ। ਹਵਾ ਦਾ ਇਕ ਤਿੱਖਾ ਬੁਲਾ ਕਿੱਕਰ ਦੀਆਂ ਟਹਿਣੀਆਂ ਵਿਚ ਉਲਝ ਰਿਹਾ ਸੀ।

"ਘੇਸੂ ਫਿਰ ਜਾਇ ਇਹਨੂੰ !" ਬਚਨੋ ਠਠੰਬਰ ਕੇ ਨਿੱਕੀ ਕੁੜੀ ਨੂੰ ਹਿੱਕ ਨਾਲ ਸਾਂਭਦੀ ਉਠੀ, “ਚੰਦਰਾ ਬਾਦ ਇ ਪੈ ਗਿਆ ਅੱਜ-ਖਬਰ ਨ੍ਹੀਂ ਕਿਧਰੋਂ ਆ ਗਿਆ ਚੜ੍ਹ ਕੇ !" ਤੇ ਉਹ ਚੰਨਣ ਨੂੰ ਫਿਕਰ ਨਾਲ ਉਚੀ ਬੋਲੀ, “ਹੁਣ ਤੂੰ ਬੈਠਾ ਕੀ ਸੋਚਦੈਂ, ਮੰਜੇ ਤਾਂ ਥੱਲੇ ਲਾਹੁਣੇ ਪੈਣਗੇ ਫੇਰ...!"

"ਥੱਲੇ ਕਿਥੇ ਲਾਹਾਂਗੇ ਹੁਣ। ਚੰਨਣ ਦੇ ਹੱਡ ਦੁਖ ਰਹੇ ਸਨ।

"ਹੋਰ ਕੀ ਕਰੇਂਗਾ ? ਦੇਖਦਾ ਨੀਂ, ਬੱਦਲ ਤਾਂ ਢਕੋ ਢਕੀ ਖੜ੍ਹੈ, ਉੱਠ, ਝਟ ਕਰ !"

"ਅਜਾਂ ਹੁਣ ਕਿਤੇ ਦੇਖਣ ਨੂੰ ਬੱਦਲ ਨ੍ਹੀਂ ਸੀ-ਘੰਟਾ ਪਹਿਲਾਂ।” ਘੁੱਦਾ ਆਪਣੇ ਮੰਜੇ 'ਤੇ ਉਠ ਕੇ ਬਹਿੰਦਾ ਬੋਲਿਆ।

ਹਵਾ ਥੰਮ ਗਈ। ਬੱਦਲ ਘੁਲਦਾ ਜਾਂਦਾ ਸੀ। ਚੀਨੀਏਂ, ਲੰਬੜ ਤੇ ਹੋਰ ਚੁਬਾਰਿਆਂ ਵਾਲੇ ਬੂਹੇ ਬਾਰੀਆਂ ਖੋਲ੍ਹੀ ਆਰਾਮ ਨਾਲ ਚੁਬਾਰਿਆਂ ਵਿਚ ਪਏ ਸਨ। ਚੰਨਣ ਨੇ ਇਕ ਪਲ ਸੋਚ ਕੇ ਆਖਿਆ, “ਨਿਆਣਿਆਂ ਦੀਆਂ ਮੰਜੀਆਂ ਝਲਿਆਨੀ ਹੇਠ ਕਰ ਦਿੰਨੇ ਆਂ, ਤੂੰ ਸੀਬੋ ਨਾਲ ਹੇਠ ਚਲੀ ਜਾਹ, ਮੈਂ ਹਾਲੇ ਇਥੇ ਈ...।”

ਕੋਈ ਕੋਈ ਕਣੀ ਝਰਨ ਲੱਗ ਪਈ।

ਬਚਨੋ ਫ਼ਿਕਰ ਨਾਲ ਤੜਫ ਕੇ ਬੋਲੀ, "ਓ ਤੇਰੀ ਤਾਂ ਮੱਤ ਮਾਰੀ ਗਈ ਕੀ ਹਾਲ ਕਰਦੈ, ਝਲਿਆਨੀ ਹੇਠ ਕੀਹਨੂੰ ਕੀਹਨੂੰ ਪਾਇੰਗਾ ? ਤੂੰ ਹੇਠ ਫੜਾ ਮੰਜੇ !"

"ਨੀ ਚੰਗਾ...!" ਉਹ ਅੱਕ ਕੇ ਭਾਰੇ ਸੰਘ ਨਾਲ ਉੱਚੀ ਚੀਕਿਆ।

ਬਚਨੋ ਤੇ ਸੀਬੋ ਛੇਤੀ ਛੇਤੀ ਕੱਪੜੇ ਵਲ੍ਹੇਟ ਤੇ ਨਿੱਕੇ ਨਿਆਣਿਆਂ ਨੂੰ ਸਾਂਭ ਕੇ ਥੱਲੇ ਚਲੀਆਂ ਗਈਆਂ। ਕੈਲੋ ਤੇ ਭਿੰਦੀ ਜਾਗੋ ਮੀਟੇ ਵਿਚ ਪੌੜੀ ਦੇ ਡੰਡੇ ਟੋਹ ਟੋਹ ਉਤਰਨ ਲੱਗੇ। ਉਹ ਆਪ ਉਤੇ ਹੀ ਪੈਂਦ ਵਲ ਦਰੀ ਇਕੱਠੀ ਕਰਕੇ ਘਰੋੜੇ ਟੇਢਾ ਹੋ ਗਿਆ।

ਕਣੀਆਂ ਡਿਗੀ ਜਾਂਦੀਆਂ ਸਨ।

"ਅੱਜ ਨ੍ਹੀਂ ਬਈ ਸੌਣ ਦਿੰਦਾ ਚੰਨਣਾ !” ਕਣੀਆਂ ਤੋਂ ਕਾਣਤ ਕੇ ਘੁੱਦਾ ਬੋਲਿਆ।

“ਓ ਸਾਡੀ ਤਾਂ ਜੂਨ ਇ ਮਾੜੀ ਐ—ਨਾ ਦਿਨ ਨੂੰ ਚੈਨ, ਨਾ ਰਾਤ ਨੂੰ ਨੀਂਦ।" ਚੰਨਣ ਦੀਆਂ ਅੱਖਾਂ ਵਿਚ ਰੋੜ ਰੜਕ ਰਹੇ ਸਨ।

“ਮੌਜਾਂ ਤਾਂ ਚਬਾਰਿਆਂ ਆਲੇ ਲੁਟਦੇ ਨੇ...!" ਚੀਨੀਆਂ ਦੇ ਚੁਬਾਰੇ ਵਿਚ ਦੀਵੇ ਦੀ ਲੋਅ ਦੇਖ ਕੇ ਘੁੱਦੇ ਨੇ ਈਰਖਾ ਨਾਲ ਕਿਹਾ।

“ਕੁਦਰਤ ਐ ਭਾਈ ਮਾਲਕ ਦੀ !" ਚੰਨਣ ਨੇ ਹੌਕਾ ਲਿਆ, “ਘਰ ਦੀ ਤੰਗੀ ਬੁਰੀ। ਰਾਤ ਕਿੰਨੀ ਕੁ ਰਹਿੰਦੀ ਹੋਣੀ ਐਂ ਘੁੱਦਿਆ ਅਜੇ ?"

“ਬਥੇਰੀ ਪਈ ਐ ਹਾਲੇ..."

“ ਕਿਤੇ ਬੱਦਲਾਂ ਕਰਕੇ ਈ ਨ੍ਹੇਰਾ ਤਾਂ ਨ੍ਹੀਂ ?”

“ਕਾਹਨੂੰ—ਅੱਧੀ ਰਾਤ ਲੰਘੀ ਐ ਮਸੀਂ, ਹਾਲੋਂ ਤਾਰਾ ਵੀ ਨ੍ਹੀ ਚੜ੍ਹਿਆ ਹੋਣਾ, ਬੱਦਲਾਂ ਕਰਕੇ ਦਿਖਦਾ ਨ੍ਹੀਂ ਇਕ ਤਾਂ ਅੱਜ—ਤੈਂ ਚਰਾਂਦੀ ਜਾਣਾ ਹੋਣੈ ?”

"ਆਹੋ..."

"ਫੇਰ ਪਿਆ ਰਹੁ ਹਾਲੇ—ਬਥੇਰੀ ਡੇਰ ਐ—ਘੜੀ ਅਰਾਮ ਵੀ ਚਾਹੀਦੇ ਬੰਦੇ ਨੂੰ।"

"ਓਏ ਜੱਟ ਨੂੰ ਰਾਮ ਕਿਥੇ !"

"ਉਹ ਤਾਂ ਤੇਰੀ ਗੱਲ ਠੀਕ ਐ।" ਘੁੱਦਾ ਹੁੰਗਾਰਾ ਦੇ ਕੇ ਚੁੱਪ ਕਰ ਗਿਆ।

ਨਿੱਕਾ ਨਿੱਕਾ ਝਰਦੀਆਂ ਕਣੀਆਂ ਹੌਲੀ ਹੌਲੀ ਹੋਰ ਛਿੱਦੀਆਂ ਹੋ ਗਈਆਂ। ਘੁਲੇ ਹੋਏ ਬੱਦਲਾਂ ਥੱਲੇ ਅੜ ਖਲੋਏ ਹੁੰਮਸ ਨੂੰ ਹਵਾ ਦੇ ਆਪ-ਹੁਦਰੇ ਬੁਲ੍ਹਿਆਂ ਨੇ ਲੀਰ ਲੀਰ ਕਰ ਦਿੱਤਾ ਤੇ ਘੁੱਦੇ ਅਤੇ ਚੰਨਣ ਦੀਆਂ ਆਪੋ ਵਿਚ ਦੀਆਂ ਗੱਲਾਂ ਮਿੱਠੇ ਮਿੱਠੇ ਲੋਰ ਵਿਚ ਮੁੱਕ ਗਈਆਂ। ਚੰਨਣ ਦੀਆਂ ਅੱਖਾਂ ਭਾਵੇਂ ਮਿਚੀਆਂ ਹੋਈਆਂ ਸਨ, ਪਰ ਹੁਣ ਉਹਦੇ ਮਨ ਵਿਚ ਨਵੀਂ ਧੁਖਧੁਖੀ ਸੀ: 'ਕਿਤੇ ਪਿਆਂ ਹੀ ਦਿਨ ਨਾ ਚੜ ਜਾਵੇ ...!" ਉਹਨੇ ਸੁੱਤੇ ਸੁੱਤਿਆਂ ਆਪਣਾ ਕੰਨ ਗਲੀ ਦੀ ਵਿੜਕ ਉਤੇ ਲਾ ਛੱਡਿਆ ਸੀ।

ਕਣੀਆਂ ਦੀ ਕਾਣਤ, ਹੱਡਾਂ ਦਾ ਥਕੇਵਾਂ ਤੇ ਘੁੱਦੇ ਦੀਆਂ ਗੱਲਾਂ ਤੋਂ ਵਿੱਸਰ ਕੇ ਉਹ ਮਾਰੂਆ ਦੀ ਖੱਤੀ ਵਲ ਚਲਾ ਗਿਆ: ਪਹੁ ਫੁਟ ਰਹੀ ਸੀ। ਆਲੇ ਦੁਆਲੇ ਲੋਕਾਂ ਦੀਆਂ ਚਰ੍ਹੀਆਂ ਪੁੰਗਰ ਦੇ ਨਰਮ ਨਰਮ ਹਵਾ ਵਿਚ ਕੰਬ ਰਹੀਆਂ ਸਨ। ਮੋਠਾਂ, ਮਾਹਾਂ, ਗੁਆਰੇ ਤੇ ਮੰਗੀਆਂ ਨੇ ਕੰਨ ਚੁੱਕ ਲਏ ਸਨ। ਪਰੇ, ਟਿੱਬੀ ਉਤੇ ਜੀਤੇ ਲੰਬੜ ਦਾ ਹਲ ਵਗਦਾ ਸੀ। ਟੱਲੀਆਂ ਦੀ ਨ੍ਹਿਮੀ ਨ੍ਹਿਮੀ ਵਾਜ ਉੱਤੇ ਮਿਰਜ਼ੇ ਦੀ ਕਲੀ ਉੱਚੀ ਉਠ ਰਹੀ ਸੀ...

ਉਹ ਹੜਬੜਾ ਕੇ ਉਠਿਆ। ਬਨੇਰੇ ਉਤੋ, ਮੂੰਹ-ਹਨੇਰੇ ਵਿਚ, ਕੁੱਕੜ ਬਾਂਗਾਂ ਦੇ ਰਿਹਾ ਸੀ। ਗਲੀ ਵਿਚੋਂ ਲੰਘਦੇ ਬਲਦਾਂ ਦੀਆਂ ਟੱਲੀਆਂ ਟਣਕ ਰਹੀਆਂ ਸਨ ਤੇ ਪਹੁ ਦੀ ਲੋਅ, ਬੱਦਲਾਂ ਪਿਛੋਂ ਫੁਟਣ ਹੀ ਵਾਲੀ ਸੀ।

ਵਿਹੜੇ 'ਚੋਂ ਬਲਦਾਂ ਨੂੰ ਖੋਲ੍ਹ ਕੇ ਟਿੱਬੀ ਵਲ ਤੁਰਦਾ ਚੰਨਣ ਬੋਲਿਆ, "ਹਾਜਰੀ ਦੇ ਕੇ ਬੋ ਨੂੰ ਛੇਤੀ ਘੱਲ ਦਈਂ ਬਚਨ ਕੁਰੇ, ਚਾਹ ਰਤੀ ਕੌੜੀ ਰੱਖੀਂ.." ਉਹਦਾ ਬੋਲ ਪਾਟੇ ਹੋਏ ਬਾਂਸ ਵਰਗਾ ਸੀ।

****